I N T E R N A T I O N A L
# ਪੰਜਾਬੀ ਟ੍ਰਿਬਿਊਨ
BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca
Vol.32 / No.20
15 May, 2026
੧ ਜੇਠ ਨਾਨਕਸ਼ਾਹੀ ਸੰਮਤ ੫੫੮

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

## ਰਿਕਾਰਡ ਕਾਰਪੋਰੇਟ ਮੁਨਾਫ਼ਿਆਂ ਦੇ ਵਿਚਕਾਰ ਆਮ ਲੋਕ ਰੋਟੀ ਲਈ ਮੋਹਤਾਜ

### ਫੂਡ ਬੈਂਕਾਂ 'ਤੇ ਲੱਗੀਆਂ ਲੰਬੀਆਂ ਕਤਾਰਾਂ

ਸਰੀ, (ਏਕਜੋਤ ਸਿੰਘ): ਕੈਨੇਡਾ ਦੀ ਆਰਥਿਕਤਾ ਵਿੱਚ ਗੰਭੀਰ ਸੰਕਟ ਸਾਹਮਣੇ ਆ ਰਿਹਾ ਹੈ। ਜਿੱਥੇ ਵੱਡੀਆਂ ਕੰਪਨੀਆਂ ਰਿਕਾਰਡ ਤੋੜ ਮੁਨਾਫੇ ਕਮਾ ਰਹੀਆਂ ਹਨ, ਉੱਥੇ ਲੱਖਾਂ ਆਮ ਪਰਿਵਾਰ ਬੇਰੁਜ਼ਗਾਰੀ, ਮਹਿੰਗਾਈ ਅਤੇ ਰਿਹਾਇਸ਼ੀ ਸੰਕਟ ਦੇ ਚੱਕਰਵਿਊਹ ਵਿੱਚ ਫਸੇ ਹੋਏ ਹਨ। ਸਰਕਾਰੀ ਅੰਕੜੇ ਇੱਕ ਅਜਿਹੀ ਤਸਵੀਰ ਪੇਸ਼ ਕਰਦੇ ਹਨ ਜੋ ਆਰਥਿਕ ਖੁਸ਼ਹਾਲੀ ਦੀ ਅਸਮਾਨ ਵੰਡ ਨੂੰ ਦਰਸਾਉਂਦੀ ਹੈ। ਸਟੈਟਿਸਟਿਕਸ » ਬਾਕੀ ਸਫ਼ਾ 19 'ਤੇ




## 'ਬੈਸਟ ਬਿਫੋਰ' ਲੇਬਲ ਦੀ ਉਲਝਣ ਕਾਰਨ ਕੈਨੇਡਾ ਵਿੱਚ ਸਾਲਾਨਾ 12 ਬਿਲੀਅਨ ਡਾਲਰ ਦਾ ਖਾਣਾ ਹੋ ਰਿਹਾ ਬਰਬਾਦ

ਸਰੀ, (ਏਕਜੋਤ ਸਿੰਘ): ਕੈਨੇਡਾ ਦੀ ਆਰਥਿਕਤਾ ਵਿੱਚ ਇੱਕ ਗੰਭੀਰ ਵਿਰੋਧਾਭਾਸ ਸਾਹਮਣੇ ਆਇਆ ਹੈ। ਜਿੱਥੇ ਵੱਡੀਆਂ ਕੰਪਨੀਆਂ ਰਿਕਾਰਡ ਤੋੜ ਮੁਨਾਫੇ ਕਮਾ ਰਹੀਆਂ ਹਨ, ਉੱਥੇ ਲੱਖਾਂ ਆਮ ਪਰਿਵਾਰ ਬੇਰੁਜ਼ਗਾਰੀ, ਮਹਿੰਗਾਈ ਅਤੇ ਰਿਹਾਇਸ਼ੀ ਸੰਕਟ ਦੇ ਚੱਕਰਵਿਊਹ ਵਿੱਚ ਫਸੇ ਹੋਏ ਹਨ। ਸਰਕਾਰੀ ਅੰਕੜੇ ਇੱਕ ਅਜਿਹੀ ਤਸਵੀਰ ਪੇਸ਼ ਕਰਦੇ ਹਨ ਜੋ ਆਰਥਿਕ » ਬਾਕੀ ਸਫ਼ਾ 19 'ਤੇ




ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਜੇਕਰ ਤੁਹਾਨੂੰ ਮੋਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
✓ First-time home buyers
✓ Mortgage renewals
✓ Refinancing solutions
✓ Construction mortgage
✓ Purchase or Refinance
Amarpal Singh
Mortgage Advisor
Call : 604.338.7310
CENTUM MORTGAGE

Sarup Singh Chandi
Ph: 604-572-5050
1st & 2nd Mortgage
Fast and Easy Approval
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Real Estate Conveyancing - Notarizations - Wills & Powers of Attorney
AANCHAL GHAI NOTARY PUBLIC
NAVDEEP KAUR GILL NOTARY PUBLIC
Payal Business Centre 80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

A TO Z DRIVING SCHOOL
So Easy
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ ਬੈਂਕੁਇਟ ਹਾਲ ਦੇ ਹੇਠਾਂ

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

ਪੰਜਾਬ ਸਵੀਟ ਹਾਊਸ
ਦੇਸੀ ਘਿਉ ਵਿੱਚ ਬਣੀਆਂ ਮਠਿਆਈਆਂ
ਦੋਵੇਂ ਜਗ੍ਹਾ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸਲਾਨਾ ਟੂਰਨਾਮੈਂਟ ਦੀਆਂ ਤਿਆਰੀਆਂ ਮੁਕੰਮਲ





ਸਰੀ, (ਜੋਗਿੰਦਰ ਸਿੰਘ ਸੁੰਦੜ): ਵੈਨਕੂਵਰ ਹਰ ਸਾਲ ਬੱਬਰ ਸ਼ਹੀਦਾਂ ਅਤੇ ਗਦਰੀ ਬਾਬਿਆਂ ਦੀ ਯਾਦ ਵਿੱਚ 58 ਵੇਂ ਖੇਡ ਮੇਲੇ ਦੀਆਂ ਤਿਆਰੀਆਂ ਸਬੰਧੀ 10 ਮਈ ਨੂੰ ਰੋਸ ਗੁਰੂ ਘਰ ਵਿਖੇ ਨੈਸ਼ਨਲ ਕਬੱਡੀ ਫੈਡਰੇਸ਼ਨ ਆਫ ਕਨੇਡਾ ਅਤੇ ਖਾਲਸਾ ਦੀਵਾਨ ਸੁਸਾਇਟੀ ਦੀ ਸਪੋਰਟਸ ਕਮੇਟੀ ਅਤੇ ਪ੍ਰਬੰਧਕ ਕਮੇਟੀ ਦੀ ਅਹਿਮ ਮੀਟਿੰਗ ਹੋਈ। ਜਿਸ ਵਿੱਚੋਂ ਕਬੱਡੀ ਦੀਆਂ ਟਾਈਆਂ ਪਾਈਆਂ ਗਈਆਂ। ਜਿਸ ਵਿੱਚੋਂ ਛੇ ਟੀਮਾਂ ਓਪਨ ਕਬੱਡੀ ਦੀਆਂ ਅਤੇ ਚਾਰ ਟੀਮਾਂ ਕਨੇਡਾ ਦੇ ਜੰਮਪਲ ਖਿਡਾਰੀਆਂ ਦੀਆਂ ਕਰਾਈਆਂ ਜਾਣਗੀਆਂ।

ਸ਼ਨੀਚਰਵਾਰ 16 ਮਈ ਨੂੰ ਸਾਰਾ ਦਿਨ ਪਹਿਲਵਾਨਾਂ ਦੇ ਘੋਲ ਕਿਰਾਏ ਜਾਣਗੇ ਅਤੇ 17 ਮਈ ਐਤਵਾਰ ਨੂੰ ਠੀਕ 11 ਵਜੇ ਪਹਿਲਾ ਮੈਚ ਯੂਥ ਸਪੋਰਟਸ ਕਲੱਬ ਅਤੇ ਕੋਸਟਲ ਵਿੱਚਕਾਰ ਖੇਡਿਆ ਜਾਵੇਗਾ। ਇਹ ਪੂਲ ਏ ਦਾ ਮੈਚ ਹੋਵੇਗਾ ਅਤੇ ਯੰਗ ਸਪੋਰਟਸ ਕਲੱਬ ਵਾਈ ਵਿੱਚ ਪੈ ਗਈ ਹੈ। ਪੂਲ ਬੀ ਵਿੱਚ ਦੂਸਰਾ ਮੈਚ ਰੋਇਲ ਕਿੰਗ ਬਨਾਮ ਨੌਰਥ ਅਮੇਰੀਕਾ ਵਿਚਕਾਰ ਹੋਵੇਗਾ ਸਾਂਝਾ ਪੰਜਾਬ ਵਾਈ ਵਿੱਚ ਚਲੇ ਗਿਆ ਹੈ।

ਅਗਲਾ ਮੈਚ ਸਾਂਝਾ ਪੰਜਾਬ ਬਨਾਮ ਸੈਕਿੰਡ ਮੈਚ ਲੋਸ ਸੈਮੀ ਫਾਈਨਲ ਮੈਚ ਪੂਲ-ਏ ਛੇਵਾਂ ਮੈਚ ਸੈਮੀਫਾਈਨਲ ਪੂਲ-ਬੀ, ਸੱਤਾਵਾਂ ਮੈਚ ਫਾਈਨਲ ਦਾ ਮੈਚ ਖੇਡਿਆ ਜਾਵੇਗਾ।

ਚਾਰ ਟੀਮਾਂ ਕਨੇਡਾ ਜੰਮਪਲ ਦੀਆਂ ਹੋਣਗੀਆਂ ਭਾਵ ਐਤਵਾਰ ਸਾਰਾ ਦਿਨ ਗਰਾਊਂਡ ਖਾਲੀ ਨਹੀਂ ਹੋਵੇਗਾ। ਪਹਿਲਵਾਨਾਂ ਦਾ ਫਾਈਨਲ ਪਟਕੇ ਦਾ ਘੋਲ ਵੀ ਹੋਵੇਗਾ। ਰੱਸਾ ਕੱਸੀ ਅਤੇ ਬੱਚਿਆਂ ਦੀਆਂ ਦੋੜਾਂ ਵੀ ਹੋਣਗੀਆਂ। ਸੰਘੇੜਾ ਨੇ ਸਾਰੇ ਸਪੋਰਟਸਟਾਂ-ਖਿਡਾਰੀਆਂ ਨੂੰ ਅਨੁਸ਼ਾਸਨ ਵਿੱਚ ਰਹਿਣ ਦੀ ਅਪੀਲ ਕੀਤੀ ਹੈ। ਗਰਾਊਂਡ ਵਿੱਚ ਕੋਈ ਵੀ ਫਾਲਤੂ ਬੰਦਾ ਨਹੀਂ ਜਾਵੇਗਾ। ਕਮੈਂਟਰੀ ਨੰਬਰਾਂ ਤੇ ਪਾਣੀ ਵਾਲੇ ਤੋਂ ਬਿਨਾਂ ਕੋਈ ਹੋਰ ਗਰਾਊਂਡ ਵਿੱਚ ਨਹੀਂ ਜਾਵੇਗਾ। ਸਾਰੀਆਂ ਹਦਾਇਤਾਂ ਕਲਮਬਦ ਕੀਤੀਆਂ ਗਈਆਂ ਹਨ। ਰੈਫਰੀ ਤੇ ਲਾਈਨਮੈਨ ਵੀ ਨਿਯੁਕਤ ਕਰ ਦਿੱਤੇ ਗਏ ਹਨ। ਅਖੀਰ ਵਿੱਚ ਮੀਟਿੰਗ ਬਹੁਤ ਹੀ ਵਧੀਆ ਮਾਹੌਲ ਵਿੱਚ ਹੋਈ ਸਾਰਿਆਂ ਨੇ ਬੱਬਰ ਸ਼ਹੀਦਾਂ ਦਾ ਟੂਰਨਾਮੈਂਟ ਕਾਮਯਾਬ ਕਰਨ ਦਾ ਵਾਅਦਾ ਕੀਤਾ ਹੈ।


ਬਿਲਨ ਫਾਰਮਜ਼ ਲਿਮਟਡ

ਸਾਨੂੰ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।



- ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬੀ.ਸੀ. ਤੋਂ ਬਾਹਰੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।

ਪਰੂਨਿੰਗ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰਨ

ਭੁਪਿੰਦਰ ਕੌਰ ਸਰਾਂ
ਸੂਪਰਵਾਈਜ਼ਰ
778-837-4410

ਗੁਰਜੀਤ ਬੋਇਆਲ
ਸੂਪਰਵਾਈਜ਼ਰ
604-812-1115

ਭਜਨ ਸਿੰਘ
604-726-3405

ਜਸਵਿੰਦਰ ਬੱਲ
604-230-9506

ਜਰਨੈਲ ਬਿਲਨ
604-250-2703

ਜਗਤਾਰ ਸਿੰਘ ਨਾਗਰਾ
604-724-3813

ਬਲਵੀਰ ਸਿੰਘ ਭੁੱਲਰ
778-871-0066

# ਬੀ.ਸੀ. ਵਿੱਚ ਘਰੇਲੂ ਹਿੰਸਾ ਪੀੜਤਾਂ ਨੂੰ ਮਿਲੇਗੀ ਮੁਫ਼ਤ ਕਾਨੂੰਨੀ ਸਹਾਇਤਾ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਨਵੀਨਤਾਕਾਰੀ ਫੈਮਿਲੀ ਲਾਅ ਪ੍ਰੋਗਰਾਮ ਰਾਹੀਂ ਪਰਿਵਾਰਕ ਹਿੰਸਾ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਰਾਹਤ ਦੀ ਖ਼ਬਰ ਸਾਹਮਣੇ ਆਈ ਹੈ। ਸੂਬਾ ਸਰਕਾਰ ਦੀ ਵਿੱਤੀ ਸਹਾਇਤਾ ਨਾਲ ਚੱਲਣ ਵਾਲਾ 'ਫੈਮਿਲੀ ਲਾਅ ਸੈਂਟਰ' ਹੁਣ ਅਜਿਹੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ ਜੋ ਕਾਨੂੰਨੀ ਖਰਚੇ ਚੁੱਕਣ ਦੇ ਸਮਰੱਥ ਨਹੀਂ ਹਨ। ਇਹ ਕੇਂਦਰ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਤਿਆਰ ਕੀਤਾ ਗਿਆ ਹੈ ਜੋ ਘਰੇਲੂ ਹਿੰਸਾ ਦੇ ਸਦਮੇ ਵਿੱਚੋਂ ਗੁਜ਼ਰ ਰਹੇ ਹਨ ਅਤੇ ਉਨ੍ਹਾਂ ਨੂੰ ਕਾਨੂੰਨੀ ਪ੍ਰਣਾਲੀ ਦੀਆਂ ਪੇਚੀਦਗੀਆਂ ਨੂੰ ਸਮਝਣ ਵਿੱਚ ਮਾਹਿਰ ਮਦਦ ਦੀ ਲੋੜ ਹੈ। ਅਟਰਨੀ ਜਨਰਲ ਨਿੱਕੀ ਸ਼ਰਮਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਪਰਿਵਾਰਕ ਹਿੰਸਾ ਤੋਂ ਬਚ ਕੇ ਨਿਕਲੇ ਲੋਕ ਅਕਸਰ ਇਕੱਲੇ ਰਹਿ ਜਾਂਦੇ ਹਨ ਅਤੇ ਉਨ੍ਹਾਂ ਨੂੰ ਉਹ ਸੁਰੱਖਿਆ ਨਹੀਂ ਮਿਲ ਪਾਉਂਦੀ ਜਿਸ ਦੇ ਉਹ ਹੱਕਦਾਰ ਹੁੰਦੇ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਥਿਤੀ ਬਿਲਕੁਲ ਸਵੀਕਾਰਯੋਗ ਨਹੀਂ ਹੈ ਅਤੇ ਸਰਕਾਰ ਨਿਆਂ ਪ੍ਰਣਾਲੀ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਫੈਮਿਲੀ ਲਾਅ ਸੈਂਟਰ ਵੱਲੋਂ ਹੁਣ ਤੱਕ ਉਨ੍ਹਾਂ ਲੋਕਾਂ ਦੀ ਸਫਲਤਾਪੂਰਵਕ ਮਦਦ ਕੀਤੀ ਗਈ ਹੈ ਜੋ ਖ਼ਤਰਨਾਕ ਸਥਿਤੀਆਂ ਵਿੱਚੋਂ ਬਾਹਰ ਆਉਣਾ ਚਾਹੁੰਦੇ ਸਨ।



ਇਹ ਪ੍ਰੋਗਰਾਮ ਲੀਗਲ ਏਡ ਬੀ.ਸੀ. ਵੱਲੋਂ ਚਲਾਇਆ ਜਾ ਰਿਹਾ ਹੈ ਅਤੇ ਇਸ ਦੇ ਮੁੱਖ ਕਲੀਨਿਕ ਸਰ੍ਹੀ ਅਤੇ ਵਿਕਟੋਰੀਆ ਵਿੱਚ ਸਥਿਤ ਹਨ। ਇਨ੍ਹਾਂ ਦੋਵਾਂ ਸ਼ਹਿਰਾਂ ਤੋਂ ਇਲਾਵਾ ਇਹ ਸੈਂਟਰ ਲੋਅਰ ਮੈਨਲੈਂਡ, ਇੰਟੀਰੀਅਰ ਅਤੇ ਵੈਨਕੂਵਰ ਆਇਲੈਂਡ ਦੇ ਹੋਰਨਾਂ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਵਰਚੁਅਲ ਸੇਵਾਵਾਂ ਵੀ ਮੁਹੱਈਆ ਕਰਵਾਉਂਦਾ ਹੈ। ਇਸ ਤਰ੍ਹਾਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਦੂਰ-ਦਰਾਡੇ ਦੇ ਖੇਤਰਾਂ ਵਿੱਚ ਰਹਿਣ ਵਾਲੇ ਪੀੜਤ ਵੀ ਬਿਨਾਂ ਕਿਸੇ ਮੁਸ਼ਕਲ ਦੇ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਣ।

ਸਾਲ 2024 ਵਿੱਚ ਸ਼ੁਰੂ ਹੋਣ ਤੋਂ ਬਾਅਦ ਇਸ ਕੇਂਦਰ ਨੇ ਲਗਭਗ 350 ਤੋਂ ਵੱਧ ਕਲਾਇੰਟਾਂ ਦੀ ਮਦਦ ਕੀਤੀ ਹੈ। ਅੰਕੜਿਆਂ ਮੁਸਾਰ ਸੇਵਾਵਾਂ ਲੈਣ ਵਾਲੇ 65% ਲੋਕਾਂ ਵਿੱਚੋਂ 81% ਸਿਸਜੈਂਡਰ ਮਹਿਲਾਵਾਂ ਸਨ। ਇਸ ਤੋਂ ਇਲਾਵਾ 11% ਮੂਲ ਨਿਵਾਸੀ, 30% ਵੱਖ-ਵੱਖ ਨਸਲੀ ਪਿਛੋਕੜ ਵਾਲੇ ਅਤੇ 28% ਲੋਕ ਅਪਾਹਜਤਾ ਦਾ ਸਾਹਮਣਾ ਕਰਨ ਵਾਲੇ ਸ਼ਾਮਲ ਸਨ। ਕਲਾਇੰਟਾਂ ਨੇ ਸਟਾਫ਼ ਦੇ ਵਤੀਰੇ ਅਤੇ ਧੀਰਜ ਦੀ ਸ਼ਲਾਘਾ ਕੀਤੀ ਹੈ ਅਤੇ ਦੱਸਿਆ ਹੈ ਕਿ ਕਿਵੇਂ ਇਸ ਸਹਾਇਤਾ ਨੇ ਉਨ੍ਹਾਂ ਦੇ ਮਾਨਸਿਕ ਬੋਝ ਨੂੰ ਘੱਟ ਕਰਨ ਵਿੱਚ ਮਦਦ ਕੀਤੀ ਹੈ।

ਫੈਮਿਲੀ ਲਾਅ ਸੈਂਟਰ ਵਿੱਚ ਕਲਾਇੰਟਾਂ ਨੂੰ ਇੱਕ ਵਕੀਲ ਅਤੇ ਇੱਕ ਐਡਵੋਕੇਟ ਦੀ ਜੋੜੀ ਪ੍ਰਦਾਨ ਕੀਤੀ ਜਾਂਦੀ ਹੈ ਜੋ ਪੂਰੀ ਕਾਨੂੰਨੀ ਕਾਰਵਾਈ ਦੌਰਾਨ ਉਨ੍ਹਾਂ ਦੇ ਨਾਲ ਰਹਿੰਦੇ ਹਨ। ਉਪਲਬਧ ਸਹਾਇਤਾ ਵਿੱਚ ਪ੍ਰੋਟੈਕਸ਼ਨ ਔਰਡਰ ਲੈਣਾ, ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਉਨ੍ਹਾਂ ਨਾਲ ਸਮਾਂ ਬਿਤਾਉਣ ਸਬੰਧੀ ਮਸਲੇ, ਚਾਈਲਡ ਸੁਪੋਰਟ ਅਤੇ ਤਲਾਕ ਵਰਗੇ ਗੰਭੀਰ ਮਾਮਲੇ ਸ਼ਾਮਲ ਹਨ। ਇਸ ਦੇ ਨਾਲ ਹੀ ਸਟਾਫ਼ ਕਲਾਇੰਟਾਂ ਨੂੰ ਕਾਊਂਸਲਿੰਗ, ਸੱਭਿਆਚਾਰਕ ਮਦਦ ਅਤੇ ਪੀੜਤਾਂ ਲਈ ਹੋਰ ਸੇਵਾਵਾਂ ਤੱਕ ਪਹੁੰਚਣ ਵਿੱਚ ਵੀ ਸਹਾਇਤਾ ਕਰਦਾ ਹੈ।

ਲੀਗਲ ਏਡ ਬੀ.ਸੀ. ਦੀ ਸੀ.ਈ.ਓ. ਵੈਂਡੀ ਜੈਕਸਨ ਨੇ ਕਿਹਾ ਕਿ ਇਸ ਮਾਡਲ ਦੀ ਪ੍ਰਭਾਵਸ਼ਾਲੀ ਗੱਲ ਇਹ ਹੈ ਕਿ ਇਹ ਪੀੜਤਾਂ ਨੂੰ ਇੱਕੋ ਛੱਤ ਹੇਠ ਸਾਰੀਆਂ ਲੋੜੀਂਦੀਆਂ ਸੇਵਾਵਾਂ ਮੁਹੱਈਆ ਕਰਵਾਉਂਦਾ ਹੈ। ਸੂਬਾ ਸਰਕਾਰ ਨੇ ਇਸ ਪ੍ਰੋਜੈਕਟ ਲਈ ਤਿੰਨ ਸਾਲਾਂ ਦੌਰਾਨ 29 ਮਿਲੀਅਨ ਡਾਲਰ ਦਾ ਯੋਗਦਾਨ ਪਾਉਣ ਦਾ ਐਲਾਨ ਕੀਤਾ ਹੈ। ਇਹ ਕਦਮ ਸੂਬੇ ਵਿੱਚ ਗਰੀਬੀ ਘਟਾਉਣ ਅਤੇ ਲਿੰਗ ਅਧਾਰਿਤ ਹਿੰਸਾ ਨੂੰ ਰੋਕਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਲੋੜਵੰਦ ਲੋਕ ਗ੍ਰੇਟਰ ਵੈਨਕੂਵਰ ਵਿੱਚ 604-408-2172 ਅਤੇ ਹੋਰ ਇਲਾਕਿਆਂ ਤੋਂ 1-866-577-2525 'ਤੇ ਸੰਪਰਕ ਕਰ ਸਕਦੇ ਹਨ। This report was written by Ekjot Singh as part of the Local Journalism Initiative.

# ਪ੍ਰੀਮੀਅਰ ਡੇਵਿਡ ਈਬੀ ਨੇ ਬੀ.ਸੀ. ਪਲੇਸ ਵਿੱਚ ਕੀਤੇ ਨਵੇਂ ਦੇ ਕੰਮਾਂ ਦਾ ਕੀਤਾ ਉਦਘਾਟਨ

ਸਰੀ, (ਏਕਜੋਤ ਸਿੰਘ): ਵੈਨਕੂਵਰ ਦੇ ਪ੍ਰਸਿੱਧ ਬੀ.ਸੀ. ਪਲੇਸ ਸਟੇਡੀਅਮ ਵਿੱਚ ਕੀਤੇ ਗਏ ਵੱਡੇ ਸੁਧਾਰਾਂ ਅਤੇ ਨਵੀਨੀਕਰਨ ਦੇ ਕੰਮਾਂ ਨੂੰ ਮੰਗਲਵਾਰ, 12 ਮਈ 2026 ਨੂੰ ਜਨਤਕ ਕਰ ਦਿੱਤਾ ਗਿਆ ਹੈ। ਇਹ ਉਦਘਾਟਨ ਫੀਫਾ ਵਿਸ਼ਵ ਕੱਪ 2026 ਦੀ ਮੇਜ਼ਬਾਨੀ ਸ਼ੁਰੂ ਹੋਣ ਤੋਂ ਠੀਕ ਇੱਕ ਮਹੀਨਾ ਪਹਿਲਾਂ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਬੀ.ਸੀ. ਪਲੇਸ ਵਿੱਚ ਵਿਸ਼ਵ ਕੱਪ ਦਾ ਪਹਿਲਾ ਮੈਚ 13 ਜੂਨ 2026 ਨੂੰ ਖੇਡਿਆ ਜਾਵੇਗਾ। ਸਟੇਡੀਅਮ ਵਿੱਚ ਕੁੱਲ 7 ਮੈਚ ਕਰਵਾਏ ਜਾਣਗੇ, ਜਿਨ੍ਹਾਂ ਲਈ ਸਾਰੀਆਂ ਤਿਆਰੀਆਂ ਹੁਣ ਅੰਤਿਮ ਪੜਾਅ 'ਤੇ ਹਨ ਅਤੇ ਸਟੇਡੀਅਮ ਦੁਨੀਆ ਭਰ ਦੇ ਮਹਿਮਾਨਾਂ ਦਾ ਸਵਾਗਤ ਕਰਨ ਲਈ ਤਿਆਰ ਹੈ।




ਪ੍ਰੀਮੀਅਰ ਡੇਵਿਡ ਈਬੀ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਫੀਫਾ ਵਿਸ਼ਵ ਕੱਪ ਦੇ ਮੈਚਾਂ ਦੀ ਮੇਜ਼ਬਾਨੀ ਕਰਨ ਨਾਲ ਸੂਬੇ ਵਿੱਚ ਸੈਰ-ਸਪਾਟੇ ਨੂੰ ਭਾਰੀ ਹੁਲਾਰਾ ਮਿਲੇਗਾ ਅਤੇ ਇਸ ਦੇ ਦੂਰਗਾਮੀ ਆਰਥਿਕ ਲਾਭ ਹੋਣਗੇ। ਉਨ੍ਹਾਂ ਦੱਸਿਆ ਕਿ ਸਟੇਡੀਅਮ ਵਿੱਚ ਐਬਟਸਫੋਰਡ ਵਿਖੇ ਵਿਸ਼ੇਸ਼ ਤੌਰ 'ਤੇ ਉਗਾਈ ਗਈ ਨਵੀਂ ਹਾਈਬ੍ਰਿਡ ਘਾਹ ਦੀ ਪਿੱਚ ਲਗਾਈ ਗਈ ਹੈ। ਪ੍ਰੀਮੀਅਰ ਨੇ ਭਰੋਸਾ ਜਤਾਇਆ ਕਿ ਬ੍ਰਿਟਿਸ਼ ਕੋਲੰਬੀਆ ਹੁਣ ਤੱਕ ਦੇ ਸਭ ਤੋਂ ਵੱਡੇ ਖੇਡ ਸਮਾਗਮ ਦੀ ਮੇਜ਼ਬਾਨੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ, ਜਿਸ ਨਾਲ ਸਥਾਨਕ ਕਾਰੋਬਾਰਾਂ ਨੂੰ ਵੱਡਾ ਸਮਰਥਨ ਮਿਲੇਗਾ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।

ਸਟੇਡੀਅਮ ਦੇ ਨਵੀਨੀਕਰਨ ਦੇ ਸਾਰੇ ਕੰਮ ਬਜਟ 2026 ਦੇ ਅਨੁਮਾਨਾਂ ਅਨੁਸਾਰ ਅਤੇ ਮਿੱਥੇ ਸਮੇਂ ਦੇ ਅੰਦਰ ਪੂਰੇ ਕੀਤੇ ਗਏ ਹਨ। ਇਨ੍ਹਾਂ ਸੁਧਾਰਾਂ ਵਿੱਚ ਸਟੇਡੀਅਮ ਦੀ ਪਹੁੰਚਯੋਗਤਾ (accessibility), ਸਮੂਹਿਕਤਾ ਅਤੇ ਆਧੁਨਿਕ ਤਕਨਾਲੋਜੀ ਵਿੱਚ ਕੀਤੇ ਗਏ ਵਾਧੇ ਪ੍ਰਮੁੱਖ ਹਨ। ਸਟੇਡੀਅਮ ਵਿੱਚ ਨਵੀਂ ਮਹਿਮਾਨਨਿਵਾਜ਼ੀ (hospitality) ਥਾਵਾਂ ਅਤੇ ਇੱਕ ਸਥਾਈ ਵਪਾਰਕ ਸਟੋਰ ਵੀ ਸਥਾਪਿਤ ਕੀਤਾ ਗਿਆ ਹੈ। ਖਿਡਾਰੀਆਂ ਦੇ ਅਨੁਭਵ ਨੂੰ ਬਿਹਤਰ ਬਣਾਉਣ ਲਈ ਖਿਡਾਰੀਆਂ ਦੇ ਡਰੈਸਿੰਗ ਰੂਮ, ਸ਼ਾਵਰ ਅਤੇ ਬਾਥਰੂਮਾਂ ਨੂੰ ਵੀ ਨਵੇਂ ਸਿਰੇ ਤੋਂ ਤਿਆਰ ਕੀਤਾ ਗਿਆ ਹੈ।

ਸੈਰ-ਸਪਾਟਾ, ਕਲਾ ਅਤੇ ਖੇਡ ਮੰਤਰੀ ਐਨੀ ਕੰਗ ਨੇ ਕਿਹਾ ਕਿ ਇਹ ਨਿਵੇਸ਼ ਸਿਰਫ਼ ਵਿਸ਼ਵ ਕੱਪ ਲਈ ਹੀ ਨਹੀਂ, ਸਗੋਂ ਸੂਬੇ ਲਈ ਇੱਕ ਸਥਾਈ ਵਿਰਾਸਤ ਵਜੋਂ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਇਹ ਸੁਧਾਰ ਬੀ.ਸੀ. ਪਲੇਸ ਨੂੰ ਆਉਣ ਵਾਲੇ ਦਹਾਕਿਆਂ ਤੱਕ ਵਿਸ਼ਵ ਪੱਧਰ 'ਤੇ ਮੁਕਾਬਲੇਬਾਜ਼ ਰੱਖਣ ਵਿੱਚ ਮਦਦ ਕਰਨਗੇ। ਇਸ ਨਾਲ ਭਵਿੱਖ ਵਿੱਚ ਵੀ ਸੂਬੇ ਵਿੱਚ ਅੰਤਰਰਾਸ਼ਟਰੀ ਖੇਡਾਂ, ਸੰਗੀਤਕ ਕੰਸਰਟ ਅਤੇ ਹੋਰ ਵੱਡੇ ਸਮਾਗਮ ਆਕਰਸ਼ਿਤ ਕੀਤੇ ਜਾ ਸਕਣਗੇ, ਜਿਸ ਦਾ ਲਾਭ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਲੰਬੇ ਸਮੇਂ ਤੱਕ ਮਿਲਦਾ ਰਹੇਗਾ। ਅਨੁਮਾਨ ਲਗਾਇਆ ਗਿਆ ਹੈ ਕਿ ਟੂਰਨਾਮੈਂਟ ਦੌਰਾਨ 350,000 ਤੋਂ ਵੱਧ ਫੁੱਟਬਾਲ ਪ੍ਰੇਮੀ ਬੀ.ਸੀ. ਪਲੇਸ ਪਹੁੰਚਣਗੇ। ਇਸ ਨਾਲ 2026 ਤੋਂ 2031 ਦੇ ਦਰਮਿਆਨ ਸੈਲਾਨੀਆਂ ਦੇ ਖਰਚੇ ਰਾਹੀਂ ਸੂਬੇ ਦੀ ਆਰਥਿਕਤਾ ਵਿੱਚ ਲਗਭਗ 1 ਬਿਲੀਅਨ ਡਾਲਰ ਦਾ ਵਾਧਾ ਹੋਣ ਦੀ ਉਮੀਦ ਹੈ। ਇਹ ਸਾਰੀ ਪ੍ਰਕਿਰਿਆ ਸੂਬਾ ਸਰਕਾਰ ਦੀ 'ਲੁੱਕ ਵੈਸਟ' ਸੈਰ-ਸਪਾਟਾ ਕਾਰਜਨੀਤੀ ਦੇ ਅਨੁਕੂਲ ਹੈ, ਜੋ ਬ੍ਰਿਟਿਸ਼ ਕੋਲੰਬੀਆ ਦੀ ਵਿਸ਼ਵ ਪੱਧਰ 'ਤੇ ਪਛਾਣ ਮਜ਼ਬੂਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗੀ। This report was written by Ekjot Singh as part of the Local Journalism Initiative.

# ਅਮਰੀਕਾ ਤੋਂ ਕੈਨੇਡਾ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦੇ 5 ਮੁਲਜ਼ਮ ਦੋਸ਼ੀ ਕਰਾਰ

ਸਰੀ, (ਏਕਜੋਤ ਸਿੰਘ): ਅਮਰੀਕੀ ਵਕੀਲਾਂ ਨੇ ਵੀਰਵਾਰ ਨੂੰ ਇੱਕ ਅੰਤਰਰਾਸ਼ਟਰੀ ਹਥਿਆਰ ਤਸਕਰੀ ਗਿਰੋਹ ਦਾ ਪਰਦਾਫਾਸ਼ ਕਰਨ ਦਾ ਐਲਾਨ ਕੀਤਾ ਹੈ। ਇਹ ਗਿਰੋਹ ਕਥਿਤ ਤੌਰ 'ਤੇ ਨਿਊ ਹੈਂਪਸ਼ਾਇਰ ਤੋਂ ਕੈਨੇਡਾ ਵਿੱਚ ਗੈਰ ਕਾਨੂੰਨੀ ਹਥਿਆਰ ਭੇਜਦਾ ਸੀ। ਤਸਕਰੀ ਕੀਤੇ ਗਏ ਇਹਨਾਂ ਵਿੱਚੋਂ ਕਈ ਹਥਿਆਰ ਬਾਅਦ ਵਿੱਚ ਕੈਨੇਡਾ ਵਿੱਚ ਅਪਰਾਧਿਕ ਘਟਨਾਵਾਂ ਵਾਲੀਆਂ ਥਾਵਾਂ ਤੋਂ ਬਰਾਮਦ ਕੀਤੇ ਗਏ ਹਨ ਜਿਨ੍ਹਾਂ ਵਿੱਚ ਮਾਂਟਰੀਅਲ ਦਾ ਇੱਕ ਅਗਵਾ ਅਤੇ ਕਤਲ ਦੀ ਕੋਸ਼ਿਸ਼ ਦਾ ਮਾਮਲਾ ਵੀ ਸ਼ਾਮਲ ਹੈ।

ਅਮਰੀਕੀ ਅਟਾਰਨੀ ਐਰਿਨ ਕ੍ਰੀਗਨ ਨੇ ਦੱਸਿਆ ਕਿ ਇਸ ਮਾਮਲੇ ਵਿੱਚ 5 ਦੋਸ਼ੀਆਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ ਅਤੇ 8 ਹੋਰਾਂ 'ਤੇ ਫੈਡਰਲ ਹਥਿਆਰ ਅਪਰਾਧਾਂ ਤਹਿਤ ਦੋਸ਼ ਲਗਾਏ ਗਏ ਹਨ। ਸਰਕਾਰੀ ਵਕੀਲਾਂ ਅਨੁਸਾਰ ਇਹ ਘਟਨਾਵਾਂ 2021 ਦੀਆਂ ਗਰਮੀਆਂ ਤੋਂ ਅਕਤੂਬਰ 2024 ਦਰਮਿਆਨ ਵਾਪਰੀਆਂ ਸਨ। ਅਧਿਕਾਰੀਆਂ ਨੇ ਲਗਭਗ 51 ਹਥਿਆਰਾਂ ਦੀ ਪਛਾਣ ਕੀਤੀ ਹੈ ਜੋ ਵਰਮੌਂਟ ਅਤੇ ਨਿਊਯਾਰਕ ਦੇ ਅਕਵੇਸਾਸਨੇ ਮੋਹਾਕ ਰਿਜ਼ਰਵੇਸ਼ਨ ਰਾਹੀਂ ਕੈਨੇਡਾ ਲਿਆਂਦੇ ਗਏ ਸਨ।

ਬਜ਼ੁਰਗਾਂ ਵਾਸਤੇ ਮੁਫ਼ਤ ਸੇਵਾ

ਸਿੰਘ ਸਭਾ ਗੁਰਦੁਆਰਾ ਸਾਹਿਬ ਵੱਲੋਂ ਮੁਫ਼ਤ ਸੇਵਾ ਚਾਲੂ ਹੈ। ਜਿਸ ਵਿੱਚ ਹੇਠਾਂ ਲਿਖੇ ਫ਼ਾਰਮ ਭਰੇ ਜਾਂਦੇ ਹਨ।

- ਟੈਕਸ ਫ਼ਾਰਮ
- ਪੀ.ਆਰ.ਕਾਰਡ (P.R. Card)
- ਬੁਢਾਪਾ ਪੈਨਸ਼ਨ (O.P.S.)
- ਸਿਟੀਜ਼ਨਸ਼ਿਪ ਫ਼ਾਰਮ
- ਕੰਮ ਦੀ ਪੈਨਸ਼ਨ (C.P.P.)
- ਪਾਸਪੋਰਟ ਫ਼ਾਰਮ / ਬੱਸ ਪਾਸ ਅਤੇ ਹੋਰ

ਸਮਾਂ: ਸ਼ੁੱਕਰਵਾਰ: 10:00 ਤੋਂ 12:00, ਸਥਾਨ: ਗੁਰਦੁਆਰਾ ਲਾਇਬਰੇਰੀ

ਹੋਰ ਜਾਣਕਾਰੀ ਲਈ

ਫ਼ੋਨ: 604-590-3232

# ਫੈਡਰਲ ਸਰਕਾਰ ਵੱਲੋਂ ਏ.ਆਈ. ਤਕਨਾਲੋਜੀ ’ਤੇ 800 ਮਿਲੀਅਨ ਡਾਲਰ ਤੋਂ ਵੱਧ ਦਾ ਖਰਚਾ

ਸਰੀ, (ਏਕਜੋਤ ਸਿੰਘ): ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਓਟਾਵਾ ਨੇ 2023 ਤੋਂ ਹੁਣ ਤੱਕ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਤਕਨਾਲੋਜੀ ‘ਤੇ 800 ਮਿਲੀਅਨ ਡਾਲਰ ਤੋਂ ਵੱਧ ਦੀ ਰਾਸ਼ੀ ਖਰਚ ਕੀਤੀ ਹੈ। ਇਸ ਵੱਡੀ ਰਕਮ ਵਿੱਚ ਦੋ ਪ੍ਰਮੁੱਖ ਸੌਦੇ ਸ਼ਾਮਲ ਹਨ, ਜਿਨ੍ਹਾਂ ਵਿੱਚ ਵਿਵਾਦਗ੍ਰਸਤ ਫੀਨਿਕਸ ਪੇਅ ਸਿਸਟਮ ਨੂੰ ਬਦਲਣ ਲਈ ਡੇਅਫੋਰਸ ਨਾਲ 350 ਮਿਲੀਅਨ ਡਾਲਰ ਦਾ ਇਕਰਾਰਨਾਮਾ ਅਤੇ ਏ.ਆਈ. ਕੰਪਨੀ ਕੋਹੇਰ ਵਿੱਚ 240 ਮਿਲੀਅਨ ਡਾਲਰ ਦਾ ਨਿਵੇਸ਼ ਮੁੱਖ ਹਨ। ਇਸ ਖਰਚੇ ਵਿੱਚ ਚੈਟ-ਜੀ.ਪੀ.ਟੀ. ਦੀ ਮਾਮੂਲੀ ਸਬਸਕ੍ਰਿਪਸ਼ਨ ਤੋਂ ਲੈ ਕੇ ਵੱਖ-ਵੱਖ ਕੰਪਨੀਆਂ ਨਾਲ ਕੀਤੇ ਗਏ ਕਰੋੜਾਂ ਡਾਲਰਾਂ ਦੇ ਮਲਟੀਮੀਲੀਅਨ ਇਕਰਾਰਨਾਮੇ ਸ਼ਾਮਲ ਹਨ। ਕੰਜ਼ਰਵੇਟਿਵ ਐਮ.ਪੀ. ਜਗਸ਼ਰਨ ਸਿੰਘ ਮਾਹਲ ਵੱਲੋਂ ਸਰਕਾਰੀ ਵਿਭਾਗਾਂ ਅਤੇ ਫੈਡਰਲ ਏਜੰਸੀਆਂ ਤੋਂ ਏ.ਆਈ. ਨਾਲ ਸਬੰਧਤ ਖਰਚਿਆਂ ਦੀ ਜਾਣਕਾਰੀ ਮੰਗੀ ਗਈ ਸੀ, ਹਾਲਾਂਕਿ ਸਾਰੀਆਂ ਸੰਸਥਾਵਾਂ ਨੇ ਪੂਰੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ। ਪ੍ਰਮੁੱਖ ਖਰਚਾ ਕਰਨ ਵਾਲੇ ਵਿਭਾਗਾਂ ਵਿੱਚ ਨੈਸ਼ਨਲ ਡਿਫੈਂਸ ਨੇ 83.7 ਮਿਲੀਅਨ ਡਾਲਰ ਅਤੇ ਕੈਨੇਡਾ ਰੈਵੇਨਿਊ ਏਜੰਸੀ ਨੇ 29.9 ਮਿਲੀਅਨ ਡਾਲਰ ਖਰਚੇ ਹਨ। ਦੂਜੇ ਪਾਸੇ ਕੈਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ ਅਤੇ ਸੀ.ਐਸ.ਈ. ਨੇ ਸੁਰੱਖਿਆ ਕਾਰਨਾਂ ਕਰਕੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ, ਜਦਕਿ ਆਰ.ਸੀ.ਐਮ.ਪੀ. ਕੋਲ ਕੇਂਦਰੀ ਡਾਟਾਬੇਸ ਵਿੱਚ ਜਾਣਕਾਰੀ ਉਪਲਬਧ ਨਹੀਂ ਸੀ। This report was written by Ekjot Singh as part of the Local Journalism Initiative.

# ਅਮਰੀਕੀ ਡਰੱਗ ਇਨਫੋਰਸਮੈਂਟ ਏਜੰਸੀ ਕੈਨੇਡਾ ਵਿੱਚ ਖੋਲ੍ਹੇਗੀ ਦੋ ਨਵੇਂ ਦਫ਼ਤਰ, ਨਸ਼ਾ ਤਸਕਰੀ ‘ਤੇ ਰੱਖੀ ਜਾਵੇਗੀ ਤਿੱਖੀ ਨਜ਼ਰ




ਸਰੀ, (ਏਕਜੋਤ ਸਿੰਘ): ਅਮਰੀਕਾ ਦੀ ਡਰੱਗ ਇਨਫੋਰਸਮੈਂਟ ਏਜੰਸੀ (ਡੀ.ਈ.ਏ.) ਦੇ ਮੁਖੀ ਟੈਰੈਂਸ ਕੋਲ ਨੇ ਕਿਹਾ ਹੈ ਕਿ ਉਨ੍ਹਾਂ ਦੀ ਏਜੰਸੀ ਅਮਰੀਕਾ ਵਿੱਚ ਫੈਂਟਾਨਿਲ ਦੀ ਸਪਲਾਈ ਨੂੰ ਰੋਕਣ ਲਈ ਕੈਨੇਡਾ ‘ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਮੰਗਲਵਾਰ ਨੂੰ ਅਮਰੀਕੀ ਸੈਨੇਟ ਦੀ ਇੱਕ ਕਮੇਟੀ ਸਾਹਮਣੇ ਪੇਸ਼ ਹੁੰਦਿਆਂ ਕੋਲ ਨੇ ਖੁਲਾਸਾ ਕੀਤਾ ਕਿ ਡੀ.ਈ.ਏ. ਕੈਨੇਡਾ ਵਿੱਚ ਦੋ ਨਵੇਂ ਦਫ਼ਤਰ ਖੋਲ੍ਹਣ ਦੀ ਯੋਜਨਾ ਬਣਾ ਰਹੀ ਹੈ। ਹਾਲਾਂਕਿ ਇਹ ਦਫ਼ਤਰ ਕਿੱਥੇ ਸਥਿਤ ਹੋਣਗੇ ਇਸ ਬਾਰੇ ਅਜੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ, ਪਰ ਇਨ੍ਹਾਂ ਦੇ 2027 ਵਿੱਚ ਚਾਲੂ ਹੋਣ ਦੀ ਉਮੀਦ ਜਤਾਈ ਗਈ ਹੈ। ਕੋਲ ਨੇ ਦੱਸਿਆ ਕਿ ਅਧਿਕਾਰੀ ਵੈਨਕੂਵਰ ਦੀ ਬੰਦਰਗਾਹ ਰਾਹੀਂ ਵਿਦੇਸ਼ਾਂ ਤੋਂ ਆਉਣ ਵਾਲੇ ਕੈਮੀਕਲਸ ਅਤੇ ਕੈਨੇਡਾ ਵਿੱਚ ਫੈਂਟਾਨਿਲ ਬਣਾਉਣ ਵਾਲੀਆਂ ਇਕਾਈਆਂ ਨੂੰ ਲੈ ਕੇ ਬੇਹੱਦ ਸੁਚੇਤ ਹਨ। ਉਨ੍ਹਾਂ ਮੁਤਾਬਕ ਮੈਕਸੀਕੋ ਦੇ ਕਾਰਟੈਲਾਂ ਨੇ ਹੁਣ ਕੈਨੇਡਾ ਵਿੱਚ ਹੀ ਫੈਂਟਾਨਿਲ ਦਾ ਉਤਪਾਦਨ ਅਤੇ ਨਿਰਮਾਣ ਸ਼ੁਰੂ ਕਰ ਦਿੱਤਾ ਹੈ, ਜਿੱਥੋਂ ਇਹ ਨਸ਼ਾ ਅਮਰੀਕਾ ਵਿੱਚ ਤਸਕਰ ਕੀਤਾ ਜਾਂਦਾ ਹੈ। ਅਮਰੀਕਾ ਦੀਆਂ ਦੱਖਣੀ ਸਰਹੱਦਾਂ ‘ਤੇ ਸੁਰੱਖਿਆ ਸਖ਼ਤ ਹੋਣ ਕਾਰਨ ਤਸਕਰਾਂ ਨੇ ਹੁਣ ਉੱਤਰੀ ਸਰਹੱਦ ਦਾ ਰੁਖ਼ ਕਰ ਲਿਆ ਹੈ। ਬੈਠਕ ਦੌਰਾਨ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ.) ਦੇ ਡਾਇਰੈਕਟਰ ਕਾਸ਼ ਪਟੇਲ ਨੇ ਵੀ ਕੈਨੇਡੀਅਨ ਅਧਿਕਾਰੀਆਂ ਨਾਲ ਮਿਲ ਕੇ ਨਸ਼ਾ ਬਣਾਉਣ ਵਾਲੀਆਂ ਫੈਕਟਰੀਆਂ ਨੂੰ ਖ਼ਤਮ ਕਰਨ ਵਿੱਚ ਮਿਲੀ ਸਫ਼ਲਤਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਤਸਕਰਾਂ ਦੀਆਂ ਬਦਲਦੀਆਂ ਚਾਲਾਂ ਕਾਰਨ ਹੁਣ ਫੈਡਰਲ ਏਜੰਸੀਆਂ ਨੂੰ ਕੈਨੇਡਾ ਵਾਲੇ ਪਾਸੇ ਵਧੇਰੇ ਧਿਆਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਅਲਾਸਕਾ ਦੀ ਸੈਨੇਟਰ ਲੀਜ਼ਾ ਮੁਰਕੋਵਸਕੀ ਨੇ ਚਿੰਤਾ ਜਤਾਈ ਕਿ ਵੈਨਕੂਵਰ ਰਾਹੀਂ ਨਸ਼ੇ ਅਲਾਸਕਾ ਤੱਕ ਪਹੁੰਚ ਰਹੇ ਹਨ। ਡੀ.ਈ.ਏ. ਵੱਲੋਂ ਵਰਤਮਾਨ ਵਿੱਚ ਕੈਨੇਡਾ ਵਿੱਚ ਦੋ ਦਫ਼ਤਰ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿੱਚੋਂ ਇੱਕ ਓਟਾਵਾ ਵਿੱਚ ਅਮਰੀਕੀ ਦੂਤਾਵਾਸ ਅਤੇ ਦੂਜਾ ਵੈਨਕੂਵਰ ਵਿੱਚ ਅਮਰੀਕੀ ਕੌਂਸਲੇਟ ਵਿਖੇ ਸਥਿਤ ਹੈ। ਏਜੰਸੀ ਦਾ ਮੁੱਖ ਕੰਮ ਅਮਰੀਕਾ ਅਤੇ ਕੈਨੇਡਾ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਵਿਚਕਾਰ ਤਾਲਮੇਲ ਬਿਠਾਉਣਾ ਅਤੇ ਅੰਤਰਰਾਸ਼ਟਰੀ ਨਸ਼ਾ ਤਸਕਰੀ ਦੀ ਜਾਂਚ ਕਰਨਾ ਹੈ। ਨਵੇਂ ਦਫ਼ਤਰ ਖੁੱਲ੍ਹਣ ਨਾਲ ਸਰਹੱਦੀ ਨਿਗਰਾਨੀ ਅਤੇ ਤਸਕਰੀ ਵਿਰੋਧੀ ਮੁਹਿੰਮਾਂ ਨੂੰ ਹੋਰ ਮਜ਼ਬੂਤੀ ਮਿਲੇਗੀ। This report was written by Ekjot Singh as part of the Local Journalism Initiative.


Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals
✔ Refinancing solutions | ✔ Construction mortgage | ✔ Purchase or Refinance



AMARPAL SINGH
Mortgage Advisor
Call : 604.338.7310
CENTUM MORTGAGE

# ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵਲੋਂ ਕੌਮੀ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 303ਵਾਂ ਜਨਮ ਦਿਹਾੜਾ ਮਨਾਇਆ ਗਿਆ

ਸਰੀ, (ਸੁਰਿੰਦਰ ਸ਼ਿੰਘ ਜੱਬਲ): ਸਰੀ ਸਥਿਤ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪ੍ਰਬੰਧਕਾਂ ਤੇ ਸੇਵਾਦਾਰਾਂ ਨੇ ਸੰਗਤ ਦੇ ਸਹਿਯੋਗ ਨਾਲ ਪੰਥ ਦੇ ਸੁਲਝੇ ਹੋਏ ਕੌਮੀ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 303ਵਾਂ ਜਨਮਦਿਨ 10 ਮਈ 2026 ਦਿਨ ਐਤਵਾਰ ਨੂੰ ਬੜੇ ਚਾਅ ਅਤੇ ਸੱਧਰਾਂ ਨਾਲ ਰਲ ਮਿਲ ਕੇ ਮਨਾਇਆ।ਦਿਨ ਸ਼ੁਕਰਵਾਰ 8 ਮਈ ਨੂੰ ਸਵੇਰੇ 10:00 ਵਜੇ ਸ੍ਰੀ ਅਖੰਡਪਾਠ ਅਰੰਭ ਕੀਤੇ ਗਏ ਅਤੇ 10 ਮਈ ਨੂੰ ਸ੍ਰੀ ਅਖੰਡਪਾਠ ਸੰਪੂਰਨ ਹੋਣ ਤੇ ਭੋਗ ਦੀ ਅਰਦਾਸ ਉਪਰੰਤ ਮੇਨ ਹਾਲ ਵਿਚ ਦੀਵਾਨ ਸਜੇ। ਭਾਈ ਸਰਬਜੀਤ ਸਿੰਘ ਰਮਦਾਸਵਾਲੇ ਤੇ ਭਾਈ ਇਕਬਾਲ ਸਿੰਘ ਲੁਧਿਆਣਾਵਾਲੇ ਦੋਵਾਂ ਜੱਥਿਆਂ ਨੇ ਗੁਰਬਾਣੀ ਕੀਰਤਨ ਨਾਲ ਸਿੱਖ ਸੰਗਤ ਨੂੰ ਨਿਹਾਲ ਕੀਤਾ।ਦੂਸਰੇ ਪੜਾਅ ਵਿਚ ਚਰਨਜੀਤ ਸਿੰਘ ਮਰਵਾਹਾ, ਸੁਰਿੰਦਰ ਸਿੰਘ ਜੱਬਲ, ਧਰਮ ਸਿੰਘ ਪਨੇਸਰ ਤੇ ਗਿਆਨੀ ਸਤਵਿੰਦਰਪਾਲ ਸਿੰਘ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜੀਵਨ ਤੇ ਵਿਸਥਾਰ ਸਹਿਤ ਰੌਸ਼ਨੀ ਪਾਈ।




ਸੁਸਾਇਟੀ ਦੇ ਮੌਜੂਦਾ ਪਬਲਿਕ ਸੈਕਟਰੀ ਨੇ ਆਪਣੇ ਵਿਚਾਰ ਹਾਜ਼ਰ ਸੰਗਤ ਨਾਲ ਸਾਂਝੇ ਕਰਦਿਆਂ ਹੋਇਆਂ ਕਿਹਾ ਕਿ ਅੱਜ ਮਹਾਰਾਜੇ ਦੇ ਅਕਾਲ ਚਲਾਣਾ ਹੋ ਗਏ ਨੂੰ 223 ਵਰ੍ਹੇ ਬੀਤ ਚੁਕੇ ਹਨ।ਮਹਾਰਾਜਾ ਜੱਸਾ ਸਿੰਘ ਰਮਗੜ੍ਹੀਆ ਸਰਦਾਰ ਦੀ ਕਿਰਦਾਰਕੁਸ਼ੀ ਜੋ ਰਤਨ ਸਿੰਘ ਭੰਗੂ ਜੀ ਨੇ ਆਪਣੀ ਕ੍ਰਿਤ 'ਪ੍ਰਾਚੀਨ ਪੰਥ ਪ੍ਰਕਾਸ਼' 1841 ਵਿਚ ਛਾਪ ਕੇ ਕੀਤੀ ਸੀ, ਅੱਜ ਦੇ ਲੇਖਕਾਂ ਵਲੋਂ ਅਜੇ ਵੀ ਜਾਰੀ ਹੈ। ਉਸੇ ਲਿਖਤ ਨੂੰ ਆਧਾਰ ਬਣਾ ਕੇ ਮੱਖੀ ਤੇ ਮੱਖੀ ਮਾਰੀ ਜਾ ਰਹੀ ਹੈ।ਜਿਵੇਂ ਕਿ

''ਸਿੰਘ ਤਰਖਾਣ ਜੱਸਾ ਸਿੰਘ ਜੋਇ॥ ਦੀਨੋ ਸਿੰਘਨ ਛੇਕ ਥੋ ਸੋਇ॥ਸੋ ਆਇ ਦੀਨਾ ਬੇਗ ਪੈ ਰਹਾ॥ਸਿੰਘ ਸੈਕਰੋ ਉਸ ਸੰਗ ਅਹਾ॥'' ਇਸ ਕਿਰਦਾਰ ਕੁਸ਼ੀ ਦੇ ਕੋਈ ਵੀ ਠੋਸ ਸਬੂਤ ਰਤਨ ਸਿੰਘ ਭੰਗੂ ਜੀ ਵਲੋਂ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਨਹੀਂ ਮਿਲਦੇ। ਆਧਾਰ ਸਿਰਫ ਐਨਾ ਹੀ ਹੈ ਕਿ ਕਿਸੇ ਦੇ ਕਹਿਣ ਉੱਤੇ ਤੇ ਸਿਰਫ ਸੁਨਣ ਸੁਣੌਣ ਤੇ ਹੀ ਸਿਦਕੀ ਸਿੱਖ ਤੇ ਉਸ ਦੇ ਉੱਚੇ ਸੁੱਚੇ ਚਰਿਤਰ ਅਤੇ ਉਸ ਦੇ ਸ਼ਹੀਦ ਪਿਤਾ ਗਿਆਨੀ ਭਗਵਾਨ ਸਿੰਘ, ਸ਼ਹੀਦ ਬਾਬਾ ਹਰਿਦਾਸ ਅਤੇ ਪੜਦਾਦਾ ਬਿਧੀ ਚੰਦ ਭੰਵਰਾ ਵਾਸੀ ਪਿੰਡ ਸੁਰਸਿੰਘ ਵਲੋਂ ਉਸ ਕਾਲ ਦੇ ਗੁਰਸਿੱਖੀ ਜੀਵਨ ਨੂੰ ਵੀ ਗ੍ਰਿਹਿਣ ਲਾਉਣ ਦੀ ਕੋਸ਼ਿਸ਼ ਕੀਤੀ ਹੋਈ ਹੈ।

ਇਕੀਵੀਂ ਸਦੀ ਦੇ ਮੌਜੂਦਾ ਲਿਖਾਰੀ ਤੇ ਪ੍ਰਕਾਸ਼ਕ ਅਜੇ ਵੀ ਬਿਨਾ ਸੋਚੇ ਸਮਝੇ ਤੇ ਬਿਨਾਂ ਪੜਤਾਲ ਕੀਤਿਆਂ ਇਹੋ ਜਿਹੀ ਲਿਖਤੀ ਬਿਆਨਬਾਜ਼ੀ ਕਰੀ ਜਾਂਦੇ ਹਨ ਤੇ ਕਈ ਇਹ ਦੋ ਸਤਰਾਂ ਲਿਖ ਕੇ ਹੇਠਾਂ ਫੁੱਟਨੋਟ ਲਿਖ ਦਿੰਦੇ ਹਨ ਕਿ ''ਖੋਜ ਕਰਨ ਤੇ ਸਾਨੂੰ ਇਸ ਤੁਹਮਤਿ ਦੀ ਪੁਸ਼ਟੀ ਦੇ ਕੋਈ ਸਬੂਤ ਨਹੀਂ ਮਿਲੇ''।ਸੁਆਲ ਬਣਦਾ ਹੈ ਕਿ ਜੇ ਪੁਸ਼ਟੀ ਨਹੀਂ ਹੋਈ ਤੇ ਫਿਰ ਇਸ ਦੀ ਭੂਮਿਕਾ ਬੰਨਣ ਦੀ ਕੀ ਲੋੜ ਸੀ?

ਬਹੁਤ ਸਾਰੇ ਵਿਦਵਾਨਾਂ ਨੇ ਇਸ ਬਾਰੇ ਖੋਜ ਕਰਕੇ ਇਸ ਵਾਰਤਾਲਾਪ ਨੂੰ ਨਿਕਾਰਿਆ ਹੈ।ਵਿਸ਼ੇਸ਼ ਕਰਕੇ ਅ.ਲੀ-ਉਦ-ਦੀਨ ਨੇ ਆਪਣੀ ਪੁਸਤਕ 'ਇਬਰਤਨਾਮਾ' Written in 1854 ਵਿਚ ਇਸ ਘਟਨਾ ਬਾਰੇ ਕੁਝ ਨਹੀਂ ਲਿਖਿਆ; ਸਿੱਖਾਂ ਦੇ ਲਿਖੇ ਇਤਿਹਾਸਾਂ ਵਿਚ ਇਸ ਦਾ ਜ਼ਿਕਰ ਅਉਂਦਾ ਹੈ।ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ (ਸਿੱਖ ਰਾਜ ਦੇ ਉਸਰੱਈਏ, ਭਾਗ 2, Printed in 1942) ਵਿਚ ਆਉਂਦਾ ਹੈ ਕਿ ਸ. ਜੱਸਾ ਸਿੰਘ ਪੰਥ ਦੀ ਪ੍ਰਵਾਨਗੀ ਨਾਲ ਹੀ ਅਦੀਨਬੇਗ ਪਾਸ ਜਾ ਰਹਿਆ ਸੀ।

ਜਗਤ ਪ੍ਰਸਿੱਧ ਆਰਟਿਸਟ (R.M. Singh) ਰਾਹੀ ਮੋਹਿੰਦਰ ਸਿੰਘ ਜੀ ਵਲੋਂ 1994 ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਜੀ ਦੀ ਬਣਾਈ ਹੋਈ ਪੇਂਟਿੰਗ (ਜਿਸ ਦੀ ਫੋਟੋ ਕਾਪੀ ਇਸ ਲਿਖਤ ਵਿਚ ਲਗਾਈ ਗਈ ਹੈ) ਨੂੰ ਅੱਜਕਲ ਇੰਟਰਨੈਟ, ਯੂ ਟੀਊਬ ਅਤੇ ਫੇਸਬੁੱਕ ਰਾਹੀਂ ਬਹੁਤ ਸਭਾ ਸੁਸਾਇਟੀਆਂ, ਵਿਓਪਾਰਕ ਅਦਾਰੇ ਸਣੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਇਸ ਨੂੰ ਸ,ਜੱਸਾ ਸਿੰਘ ਆਹਲੂਵਾਲੀਆ ਜੀ ਨੂੰ ਅਰਪਿਤ ਕਰਕੇ ਪ੍ਰਚਾਰਿਆ ਹੋਇਆ ਹੈ, ਜੋ ਕਿ ਮਹਾਰਾਜਾ ਜੀ ਦੀ ਪਹਿਚਾਣ ਖੋਹਣ ਦੇ ਬਰਾਬਰ ਹੈ।ਪ੍ਰਸਿੱਧ ਸਿੱਖ ਵਿਦਵਾਨ ਤੇ ਫੋਟੋ ਜਰਨਿਲਿਸਟ ਸ. ਜੈਤੇਗ ਸਿੰਘ ਅਨੰਤ ਜੀ ਵਲੋਂ 2021 ਵਿਚ ਛਾਪੀ ਟੇਬਲ ਸਾਈਜ਼ ਬੁੱਕ ''ਰਾਮਗੜ੍ਹੀਆ ਵਿਰਾਸਤ'' ਵਿਚ ਇਸ ਫੋਟੋ ਨੂੰ ਫਰੰਟ ਪੇਜ ਤੇ ਪ੍ਰਕਾਸ਼ਿਤ ਕਰਕੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਨੂੰ ਆਪਣੀ ਵਿਰਾਸਤੀ ਮਾਣ ਮਰਿਯਾਦਾ ਦੀ ਪਹਿਦਾਰੀ ਦੇ ਸੰਦੇਸ਼ ਦੀ ਜਿੰਮੇਵਾਰੀ ਨੂੰ ਨਿਭਾਇਆ ਹੈ। ਦੇਸ ਅਤੇ ਵਿਦੇਸਾਂ ਵਿਚਲੀਆਂ ਰਾਮਗੜ੍ਹੀਆ ਸੰਸ਼ਥਾਵਾਂ ਪਿਛਲੇ ਤਕਸੀਬਨ 7-8 ਸਾਲਾਂ ਤੋਂ ਹੀ ਆਪਣੇ ਵਿਰਸੇ ਦੀ ਸੇਵਾ ਸੰਭਾਲ ਲਈ ਸੰਯੁਕਤ ਤੌਰ ਤੇ ਲਾਮਬੰਦ ਹੋਈਆਂ ਹਨ ਤੇ ਸਾਨੂੰ ਆਪਣੀ ਵਿਰਾਸਤ ਨੂੰ ਸੂਹੀ ਸੇਧ ਦੇਣ ਲਈ ਨਵੇਂ ਉਠ ਰਹੇ ਲੇਖਕਾਂ ਤੇ ਵਿਦਵਾਨਾਂ ਨਾਲ ਰਾਬਤਾ ਕਰਨ ਤੇ ਰੱਖਣ ਲਈ ਪਹਿਲਕਦਮੀ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਇਤਿਹਾਸ ਵਿਚ ਮਿਥਿਹਾਸਕ ਤਰੁਟੀਆਂ ਨੂੰ ਸੋਧ ਕੇ ਰਾਮਗੜ੍ਹੀਆ ਵਿਰਸੇ ਦੀ ਸਹੀ ਤਰਜਮਾਨੀ ਕੀਤੀ ਜਾ ਸਕੇ।

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...
Accepting Canadian Dental Care Plan From Govt.
Consult Dr. Sra for a health SMILE
COMPLIMENTARY NIGHT GUARD
Value $500
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ
ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।
BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

YOUR NEIGHBOURHOOD LAYER
RISHI LAW CORPORATION
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
NARINDER RISHI
Barrister, Solicitor & Notary Public
Services offered in Punjabi, Hindi & English
Vancouver 6625, Fraser Street 604-322-5515
Email : nkrishi@yahoo.com
Two Locations to serve you
Surrey 604-505-6454 (By appointments only)

# ਬੀ.ਸੀ. ਵਿੱਚ ਨਵੇਂ ਕਾਰੋਬਾਰਾਂ ਲਈ 20 ਮਿਲੀਅਨ ਡਾਲਰ ਦਾ ਨਵਾਂ ਫੰਡ ਜਾਰੀ




ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਅਤੇ ਸਥਾਨਕ ਪੱਧਰ 'ਤੇ ਹੋਣ ਵਾਲੀਆਂ ਖੋਜਾਂ ਨੂੰ ਵਪਾਰਕ ਪੱਧਰ 'ਤੇ ਉਤਸ਼ਾਹਿਤ ਕਰਨ ਲਈ InBC ਇਨਵੈਸਟਮੈਂਟ ਕੌਰਪੋਰੇਸ਼ਨ ਅਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ (SFU) ਵਿਚਕਾਰ ਇੱਕ ਅਹਿਮ ਰਣਨੀਤਕ ਸਾਂਝੇਦਾਰੀ ਹੋਈ ਹੈ।

ਇਸ ਭਾਈਵਾਲੀ ਤਹਿਤ 20 ਮਿਲੀਅਨ ਡਾਲਰ ਦੇ 'SFU ਇਨੋਵੇਟਸ ਵੈਂਚਰ ਫੰਡ' ਦੀ ਸਥਾਪਨਾ ਕੀਤੀ ਗਈ ਹੈ। ਇਸ ਫੰਡ ਦਾ ਮੁੱਖ ਉਦੇਸ਼ ਯੂਨੀਵਰਸਿਟੀ ਦੀਆਂ ਖੋਜਾਂ, ਵਿਦਿਆਰਥੀਆਂ ਅਤੇ ਸਾਬਕਾ ਵਿਦਿਆਰਥੀਆਂ ਦੇ ਨਵੀਨਤਾਕਾਰੀ ਵਿਚਾਰਾਂ 'ਤੇ ਆਧਾਰਿਤ ਕੰਪਨੀਆਂ ਦੇ ਵਿਕਾਸ ਨੂੰ ਤੇਜ਼ ਕਰਨਾ ਹੈ। ਇਸ ਉਪਰਾਲੇ ਨਾਲ ਸੂਬੇ ਵਿੱਚ ਨਾ ਸਿਰਫ਼ ਉੱਚ-ਗੁਣਵੱਤਾ ਵਾਲੀਆਂ ਨੌਕਰੀਆਂ ਪੈਦਾ ਹੋਣਗੀਆਂ, ਸਗੋਂ ਬੀ.ਸੀ. ਦੀ ਬੌਧਿਕ ਸੰਪਤੀ ਅਤੇ ਪ੍ਰਤਿਭਾਸ਼ਾਲੀ ਮਨੁੱਖੀ ਸ਼ਕਤੀ ਨੂੰ ਸਥਾਨਕ ਪੱਧਰ 'ਤੇ ਹੀ ਬਰਕਰਾਰ ਰੱਖਣ ਵਿੱਚ ਵੱਡੀ ਮਦਦ ਮਿਲੇਗੀ।

ਰੁਜ਼ਗਾਰ ਅਤੇ ਆਰਥਿਕ ਵਿਕਾਸ ਮੰਤਰੀ ਰਵੀ ਕਾਹਲੋਂ ਨੇ ਇਸ ਮੌਕੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬੀ.ਸੀ. ਦੀਆਂ ਕੁਝ ਸਭ ਤੋਂ ਸਫਲ ਕੰਪਨੀਆਂ ਦੀਆਂ ਜੜ੍ਹਾਂ ਸਾਈਮਨ ਫਰੇਜ਼ਰ ਯੂਨੀਵਰਸਿਟੀ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਨੇ ਮੌਜੂਦਾ ਵਿਸ਼ਵ-ਵਿਆਪੀ ਆਰਥਿਕ ਅਨਿਸ਼ਚਿਤਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਨਵੇਂ ਕਾਰੋਬਾਰਾਂ ਲਈ ਪੂੰਜੀ ਜੁਟਾਉਣਾ ਇੱਕ ਵੱਡੀ ਚੁਣੌਤੀ ਬਣ ਗਿਆ ਹੈ। ਅਜਿਹੀ ਸਥਿਤੀ ਵਿੱਚ ਇਹ ਫੰਡ ਕਾਰੋਬਾਰਾਂ ਨੂੰ ਵਿਕਸਿਤ ਕਰਨ ਅਤੇ ਵਧੀਆ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਸਹਾਈ ਹੋਵੇਗਾ। ਇਹ ਨਿਵੇਸ਼ ਸੂਬਾ ਸਰਕਾਰ ਦੀ 'ਲੁੱਕ ਵੈਸਟ' ਕਾਰਜਨੀਤੀ ਦਾ ਇੱਕ ਅਹਿਮ ਹਿੱਸਾ ਹੈ, ਜੋ ਇੱਕ ਲਚਕੀਲੀ ਅਤੇ ਮਜ਼ਬੂਤ ਆਰਥਿਕਤਾ ਦੀ ਉਸਾਰੀ ਲਈ ਵਚਨਬੱਧ ਹੈ।

ਵਿੱਤੀ ਪੱਖ ਤੋਂ ਦੇਖਿਆ ਜਾਵੇ ਤਾਂ ਇਸ ਫੰਡ ਨੂੰ InBC ਵੱਲੋਂ 7.5 ਮਿਲੀਅਨ ਡਾਲਰ ਅਤੇ SFU ਵੱਲੋਂ 7.5 ਮਿਲੀਅਨ ਡਾਲਰ ਦੀ ਸਹਾਇਤਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਵੱਖ-ਵੱਖ ਨਿਵੇਸ਼ਕਾਂ ਅਤੇ ਪਰਉਪਕਾਰੀ ਦਾਨੀ ਸੱਜਣਾਂ ਰਾਹੀਂ ਵਾਧੂ 5 ਮਿਲੀਅਨ ਡਾਲਰ ਇਕੱਠੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਕੁੱਲ ਰਕਮ ਨੂੰ 20 ਮਿਲੀਅਨ ਡਾਲਰ ਤੱਕ ਪਹੁੰਚਾਇਆ ਜਾ ਸਕੇ। ਇਹ ਰਾਸ਼ੀ ਖ਼ਾਸ ਤੌਰ 'ਤੇ ਉਨ੍ਹਾਂ ਖੇਤਰਾਂ ਵਿੱਚ ਨਿਵੇਸ਼ ਕੀਤੀ ਜਾਵੇਗੀ ਜਿਨ੍ਹਾਂ ਵਿੱਚ ਆਰਥਿਕ ਵਾਧੇ ਦੀਆਂ ਵੱਡੀਆਂ ਸੰਭਾਵਨਾਵਾਂ ਹਨ, ਜਿਵੇਂ ਕਿ ਲਾਈਫ ਸਾਇੰਸਜ਼, ਡੀਪ ਟੈਕ ਅਤੇ ਕਲੀਨ ਟੈਕ। ਇਨ੍ਹਾਂ ਖੇਤਰਾਂ ਵਿੱਚ ਵਿਗਿਆਨਕ ਸਫਲਤਾਵਾਂ ਅਤੇ ਵਾਤਾਵਰਣ ਪੱਖੀ ਉਤਪਾਦਾਂ 'ਤੇ ਕੰਮ ਕਰਨ ਵਾਲੀਆਂ ਕੰਪਨੀਆਂ ਨੂੰ ਤਰਜੀਹ ਦਿੱਤੀ ਜਾਵੇਗੀ।

ਇਸ ਭਾਈਵਾਲੀ ਦੀ ਘੋਸ਼ਣਾ ਵੈਨਕੂਵਰ ਵਿੱਚ ਹੋਈ 'ਵੈਬ ਸਮਿੱਟ' ਦੌਰਾਨ ਕੀਤੀ ਗਈ, ਜੋ ਬੀ.ਸੀ. ਨੂੰ ਨਿਵੇਸ਼ ਦੇ ਵਿਸ਼ਵ-ਵਿਆਪੀ ਕੇਂਦਰ ਵਜੋਂ ਉਭਾਰਦੀ ਹੈ। InBC ਦੇ ਚੀਫ਼ ਇਨਵੈਸਟਮੈਂਟ ਅਫ਼ਸਰ ਥੌਮਸ ਪਾਰਕ ਨੇ ਦੱਸਿਆ ਕਿ SFU ਨਾਲ ਇਹ ਸਾਂਝੇਦਾਰੀ ਸੂਬੇ ਅੰਦਰ ਵਪਾਰਿਕਰਨ ਦੀ ਸਮਰੱਥਾ ਵਧਾਉਣ ਲਈ ਕਦਮ ਹੈ। ਉਨ੍ਹਾਂ ਨੇ Photonic ਵਰਗੀਆਂ ਸਫਲ ਕੰਪਨੀਆਂ ਦੀ ਮਿਸਾਲ ਦਿੱਤੀ ਜਿਨ੍ਹਾਂ ਨੇ ਕਵਾਂਟਮ ਕੰਪਿਊਟਿੰਗ ਵਰਗੇ ਗੁੰਝਲਦਾਰ ਖੇਤਰਾਂ ਵਿੱਚ ਕੰਮ ਕਰਕੇ ਸੂਬੇ ਦਾ ਨਾਂ ਰੌਸ਼ਨ ਕੀਤਾ ਹੈ। ਅਜਿਹੇ ਨਿਵੇਸ਼ਾਂ ਨਾਲ ਆਉਣ ਵਾਲੇ ਸਮੇਂ ਵਿੱਚ ਲਾਈਫ ਸਾਇੰਸਜ਼ ਦੇ ਖੇਤਰ ਵਿੱਚ ਰੁਜ਼ਗਾਰ ਨੂੰ ਦੁੱਗਣਾ ਕਰਕੇ 40,000 ਤੱਕ ਅਤੇ ਤਕਨਾਲੋਜੀ ਖੇਤਰ ਵਿੱਚ 400,000 ਤੱਕ ਲੈ ਕੇ ਜਾਣ ਦਾ ਟੀਚਾ ਮਿੱਥਿਆ ਗਿਆ ਹੈ।

SFU ਵਿਖੇ ਰਿਸਰਚ ਅਤੇ ਇਨੋਵੇਸ਼ਨ ਦੇ ਵਾਈਸ-ਪ੍ਰੈਜ਼ੀਡੈਂਟ ਡੂਗਨ ਓ'ਨੀਲ ਨੇ ਵੀ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਹਮੇਸ਼ਾ ਵਿਚਾਰਾਂ ਨੂੰ ਲੈਬ ਤੋਂ ਬਾਹਰ ਕੱਢ ਕੇ ਅਸਲ ਦੁਨੀਆ ਵਿੱਚ ਲਾਗੂ ਕਰਨ ਦੀ ਹਾਮੀ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਯੂਨੀਵਰਸਿਟੀ ਨੇ 500 ਤੋਂ ਵੱਧ ਅਜਿਹੇ ਉਪਰਾਲਿਆਂ ਦਾ ਸਮਰਥਨ ਕੀਤਾ ਹੈ। ਇਸੇ ਤਰ੍ਹਾਂ Photonic Inc. ਦੀ ਸਹਿ-ਸੰਸਥਾਪਕ ਸਟੈਫ਼ਨੀ ਸਿਮਨਜ਼ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ SFU ਵਿੱਚ ਮੌਜੂਦ ਪ੍ਰਤਿਭਾਸ਼ਾਲੀ ਕਾਰਜਬਲ ਅਤੇ ਖੋਜ ਅਧਾਰਿਤ ਮਾਹੌਲ ਕਾਰਨ ਹੀ ਉਨ੍ਹਾਂ ਦੀ ਕੰਪਨੀ ਅੱਜ ਵਿਸ਼ਵ ਪੱਧਰ 'ਤੇ ਪ੍ਰਭਾਵ ਪਾ ਰਹੀ ਹੈ। ਅੰਤ ਵਿੱਚ, ਇਹ ਫੰਡ ਬੀ.ਸੀ. ਦੀ 'ਲੁੱਕ ਵੈਸਟ' ਰਣਨੀਤੀ ਨੂੰ ਸਫਲ ਬਣਾਉਣ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗਾ।

This report was written by Ekjot Singh as part of the Local Journalism Initiative.



# ਸਕਾਈਟਰੇਨ ਪ੍ਰੋਜੈਕਟ ਅਤੇ ਨਵੀਂ ਤੇਲ ਪਾਈਪਲਾਈਨ ਦੇ ਮੁੱਦੇ ਉੱਤੇ ਪ੍ਰੀਮੀਅਰ ਨੇ ਸਾਂਝੀ ਕੀਤੀ ਜਾਣਕਾਰੀ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਵੱਲੋਂ ਸਰੀ ਲੈਂਗਲੀ ਸਕਾਈਟਰੇਨ ਪ੍ਰੋਜੈਕਟ ਦੇ ਵਿਸਥਾਰ ਅਤੇ ਇਸ ਦੀ ਪ੍ਰਗਤੀ ਬਾਰੇ ਇੱਕ ਅਹਿਮ ਜਾਣਕਾਰੀ ਸਾਂਝੀ ਕੀਤੀ ਗਈ ਹੈ। ਇਸ ਸਬੰਧੀ ਲੈਂਗਲੀ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਉਨ੍ਹਾਂ ਦੇ ਨਾਲ ਸੂਬਾਈ ਟਰਾਂਸਪੋਰਟ ਮੰਤਰੀ ਮਾਈਕ ਫਾਰਨਵਰਥ ਅਤੇ ਸਰੀ ਸੈਂਟਰ ਤੋਂ ਮੈਂਬਰ ਪਾਰਲੀਮੈਂਟ ਰਣਦੀਪ ਸਰਾਂ ਵੀ ਮੌਜੂਦ ਸਨ। ਇਨ੍ਹਾਂ ਆਗੂਆਂ ਨੇ ਸਾਂਝੇ ਤੌਰ ਉੱਤੇ ਇਸ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਬਾਰੇ ਚਾਨਣਾ ਪਾਇਆ। ਇਹ ਪ੍ਰੋਜੈਕਟ ਸਥਾਨਕ ਲੋਕਾਂ ਦੀ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।




ਸਰੀ ਅਤੇ ਲੈਂਗਲੀ ਵਿਚਕਾਰ ਸਕਾਈਟਰੇਨ ਦਾ ਇਹ ਵਿਸਥਾਰ ਇਲਾਕੇ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਵੇਗਾ। ਸਮਾਗਮ ਦੌਰਾਨ ਆਗੂਆਂ ਨੇ ਦੱਸਿਆ ਕਿ ਇਸ ਪ੍ਰੋਜੈਕਟ ਦਾ ਕੰਮ ਲਗਾਤਾਰ ਜਾਰੀ ਹੈ ਅਤੇ ਇਸ ਨੂੰ ਮਿੱਥੇ ਸਮੇਂ ਉੱਤੇ ਪੂਰਾ ਕਰਨ ਦੀਆਂ ਕੋਸ਼ਿਸ਼ਾਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ। ਸੂਬਾਈ ਅਤੇ ਫੈਡਰਲ ਸਰਕਾਰਾਂ ਵੱਲੋਂ ਮਿਲ ਕੇ ਇਸ ਅਹਿਮ ਆਵਾਜਾਈ ਪ੍ਰੋਜੈਕਟ ਨੂੰ ਸਫਲ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ ਤਾਂ ਜੋ ਆਮ ਲੋਕਾਂ ਨੂੰ ਬਿਹਤਰ ਅਤੇ ਸੁਰੱਖਿਅਤ ਸਹੂਲਤਾਂ ਮਿਲ ਸਕਣ। ਸਕਾਈਟਰੇਨ ਦੇ ਬਣਨ ਨਾਲ ਸੜਕਾਂ ਉੱਤੇ ਆਵਾਜਾਈ ਦਾ ਬੋਝ ਵੀ ਕਾਫੀ ਹੱਦ ਤੱਕ ਘਟ ਜਾਵੇਗਾ।

ਇਸ ਅਹਿਮ ਸਮਾਗਮ ਦੌਰਾਨ ਪੱਤਰਕਾਰਾਂ ਵੱਲੋਂ ਪ੍ਰੀਮੀਅਰ ਡੇਵਿਡ ਈਬੀ ਤੋਂ ਹੋਰ ਗੰਭੀਰ ਮੁੱਦਿਆਂ ਬਾਰੇ ਵੀ ਸਵਾਲ ਪੁੱਛੇ ਗਏ। ਇਨ੍ਹਾਂ ਵਿੱਚੋਂ ਮੁੱਖ ਮੁੱਦਾ ਅਲਬਰਟਾ ਅਤੇ ਫੈਡਰਲ ਸਰਕਾਰ ਵਿਚਕਾਰ ਚੱਲ ਰਹੀ ਊਰਜਾ ਸਮਝੌਤੇ ਦੀ ਗੱਲਬਾਤ ਨਾਲ ਸਬੰਧਤ ਸੀ। ਪੱਤਰਕਾਰਾਂ ਨੇ ਇਸ ਸਮਝੌਤੇ ਦੇ ਬ੍ਰਿਟਿਸ਼ ਕੋਲੰਬੀਆ ਉੱਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਜਾਣਨਾ ਚਾਹਿਆ। ਇਹ ਮੁੱਦਾ ਸੂਬੇ ਦੇ ਵਾਤਾਵਰਣ ਅਤੇ ਆਰਥਿਕਤਾ ਨਾਲ ਸਿੱਧਾ ਜੁੜਿਆ ਹੋਇਆ ਹੋਣ ਕਾਰਨ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਪ੍ਰਸਤਾਵਿਤ ਊਰਜਾ ਸਮਝੌਤੇ ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚੋਂ ਲੰਘਣ ਵਾਲੀ ਇੱਕ ਨਵੀਂ ਤੇਲ ਪਾਈਪਲਾਈਨ ਵੀ ਸ਼ਾਮਲ ਹੋ ਸਕਦੀ ਹੈ। ਇਸ ਤੋਂ ਇਲਾਵਾ ਇਸ ਯੋਜਨਾ ਵਿੱਚ ਇੱਕ ਨਵਾਂ ਕਾਰਬਨ ਕੈਪਚਰ ਪ੍ਰੋਜੈਕਟ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਪ੍ਰੀਮੀਅਰ ਈਬੀ ਨੇ ਇਨ੍ਹਾਂ ਸਵਾਲਾਂ ਦੇ ਜਵਾਬ ਦਿੰਦਿਆਂ ਸੂਬੇ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਣ ਦੀ ਗੱਲ ਕਹੀ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਕਿਸੇ ਵੀ ਨਵੇਂ ਪ੍ਰੋਜੈਕਟ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ ਸੂਬੇ ਦੇ ਵਾਤਾਵਰਣ ਅਤੇ ਲੋਕਾਂ ਦੀ ਸੁਰੱਖਿਆ ਨੂੰ ਪਹਿਲ ਦੇਵੇਗੀ। ਸਰਕਾਰ ਵੱਲੋਂ ਪੂਰੀ ਪਾਰਦਰਸ਼ਤਾ ਨਾਲ ਕੰਮ ਕਰਨ ਦਾ ਭਰੋਸਾ ਵੀ ਦਿੱਤਾ ਗਿਆ।

This report was written by Ekjot Singh as part of the Local Journalism Initiative.

# ਵਿਨੀਪੈੱਗ ਪੁਲਿਸ ਵੱਲੋਂ ਨਸ਼ਾ ਤਸਕਰੀ ਦੇ ਮਾਮਲੇ ਵਿੱਚ 2 ਪੰਜਾਬੀ ਗ੍ਰਿਫਤਾਰ, 1 ਦੀ ਭਾਲ ਜਾਰੀ

ਸਰੀ : ਵਿਨੀਪੈੱਗ ਪੁਲਿਸ ਦੇ ਗਨਜ਼, ਗੈਂਗਸ ਐਂਡ ਡਰੱਗ ਐਨਫੋਰਸਮੈਂਟ ਯੂਨਿਟ ਨੇ ਇੱਕ ਘਰ ਅਤੇ ਉਸ ਨਾਲ ਸਬੰਧਤ ਗੱਡੀ ਉੱਤੇ ਸਰਚ ਵਾਰੰਟ ਤਹਿਤ ਛਾਪੇਮਾਰੀ ਕੀਤੀ। ਇਸ ਕਾਰਵਾਈ ਦੌਰਾਨ ਕੈਂਬਰਿਜ ਦੇ 21 ਸਾਲਾ ਯੁਵਰਾਜ ਸਿੰਘ ਸਿੱਧੂ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਤਲਾਸ਼ੀ ਦੌਰਾਨ ਅਧਿਕਾਰੀਆਂ ਨੇ ਭਾਰੀ ਮਾਤਰਾ ਵਿੱਚ ਗੈਰ ਕਾਨੂੰਨੀ ਨਸ਼ੀਲੇ ਪਦਾਰਥ ਅਤੇ ਨਕਦੀ ਬਰਾਮਦ ਕੀਤੀ। ਪੁਲਿਸ ਨੂੰ 11.3 ਕਿਲੋਗ੍ਰਾਮ ਮੈਥਾਮਫੇਟਾਮਾਈਨ ਮਿਲੀ ਜਿਸ ਦੀ ਅੰਦਾਜ਼ਨ ਕੀਮਤ 80000 ਡਾਲਰ ਹੈ। ਇਸ ਦੇ ਨਾਲ ਹੀ 100000 ਡਾਲਰ ਦੀ ਕੀਮਤ ਵਾਲੀ 5.1 ਕਿਲੋਗ੍ਰਾਮ ਫੈਂਟਾਨਿਲ ਅਤੇ 30000 ਡਾਲਰ ਦੀ ਕੀਮਤ ਦੀ 1 ਕਿਲੋਗ੍ਰਾਮ ਕੋਕੇਨ ਵੀ ਜ਼ਬਤ ਕੀਤੀ ਗਈ ਹੈ। ਇਸ ਦੇ ਇਲਾਵਾ 28000 ਡਾਲਰ ਤੋਂ ਜ਼ਿਆਦਾ ਦੀ ਕੈਨੇਡੀਅਨ ਕਰੰਸੀ ਵੀ ਬਰਾਮਦ ਹੋਈ ਹੈ। ਅਧਿਕਾਰੀਆਂ ਨੂੰ ਅਜਿਹੇ ਸਬੂਤ ਮਿਲੇ ਹਨ ਜੋ ਦਰਸਾਉਂਦੇ ਹਨ ਕਿ ਇਹ ਨਸ਼ਾ ਵਿਨੀਪੈੱਗ ਵਿੱਚ ਲਿਆਂਦਾ ਜਾ ਰਿਹਾ ਸੀ ਅਤੇ ਵੇਚਣ ਵਾਲਾ ਸਮਾਨ ਵੀ ਮਿਲਿਆ ਹੈ। ਸਿੱਧੂ ਉੱਤੇ ਕਈ ਦੋਸ਼ ਲਗਾ ਕੇ ਉਸ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ। ਇਸ ਮਾਮਲੇ ਵਿੱਚ 12 ਮਈ ਨੂੰ ਦੂਜੇ ਸ਼ੱਕੀ ਵਜੋਂ ਵਿਨੀਪੈੱਗ ਦੇ 22 ਸਾਲਾ ਅਨਮੋਲ ਚੌਹਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਉੱਤੇ ਕੰਟਰੋਲਡ ਡਰੱਗਜ਼ ਐਂਡ ਸਬਸਟਾਂਸਿਜ਼ ਐਕਟ ਅਤੇ 5000 ਡਾਲਰ ਤੋਂ ਜ਼ਿਆਦਾ ਦੀ ਅਪਰਾਧਿਕ ਆਮਦਨ ਰੱਖਣ ਸਬੰਧੀ ਦੋਸ਼ ਲਗਾਏ ਗਏ ਹਨ। ਇੱਕ ਹੋਰ ਸ਼ੱਕੀ ਜਿਸ ਦੀ ਪਛਾਣ ਸਰੀ ਦੇ 22 ਸਾਲਾ ਜਸਕਰਨ ਸਿੰਘ ਵਜੋਂ ਹੋਈ ਹੈ, ਦੀ ਗ੍ਰਿਫ਼ਤਾਰੀ ਲਈ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਜਸਕਰਨ ਸਿੰਘ ਨਸ਼ੀਲੇ ਪਦਾਰਥਾਂ ਅਤੇ 5000 ਡਾਲਰ ਤੋਂ ਜ਼ਿਆਦਾ ਦੀ ਅਪਰਾਧਿਕ ਆਮਦਨ ਦੇ ਮਾਮਲੇ ਵਿੱਚ ਲੋੜੀਂਦਾ ਹੈ।

# ਐਬਟਸਫੋਰਡ ਦੇ ਵਿਕਾਸ ਲਈ ‘ਪਲਾਨ ਫਾਰ 2050’ ਦੀ ਸ਼ੁਰੂਆਤ

## 2.5 ਲੱਖ ਦੀ ਆਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਐਬਟਸਫੋਰਡ ਨੇ ਖਿੱਚੀ ਤਿਆਰੀ

ਸਰੀ, (ਏਕਜੋਤ ਸਿੰਘ): ਐਬਟਸਫੋਰਡ ਸ਼ਹਿਰ ਨੇ ਆਪਣੇ ਅਪਡੇਟ ਕੀਤੇ ਗਏ ‘ਆਫੀਸ਼ੀਅਲ ਕਮਿਊਨਿਟੀ ਪਲਾਨ’ (OCP) ਵਿੱਚ ਨਿਰਧਾਰਿਤ ਕੀਤੇ ਗਏ ਵਿਜ਼ਨ ਅਤੇ ਵਿਕਾਸ ਨੂੰ ਅੱਗੇ ਵਧਾਉਣ ਲਈ ਕਈ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਦੇ ਮਾਸਟਰ ਪਲਾਨਾਂ ਨੂੰ ਅਪਡੇਟ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ‘ਪਲਾਨ ਫਾਰ 2050’ ਵਜੋਂ ਜਾਣੀ ਜਾਂਦੀ ਇਹ ਪਹਿਲਕਦਮੀ ਲੰਬੇ ਸਮੇਂ ਦੀ ਯੋਜਨਾਬੰਦੀ ਲਈ ਇੱਕ ਮਹੱਤਵਪੂਰਨ ਕਦਮ ਹੈ। ਇਹ ਯੋਜਨਾਵਾਂ ਭਵਿੱਖ ਦੇ ਵਿਕਾਸ ਅਤੇ ਬੁਨਿਆਦੀ ਢਾਂਚੇ ਵਿੱਚ ਕੀਤੇ ਜਾਣ ਵਾਲੇ ਨਿਵੇਸ਼ਾਂ ਲਈ ਮਾਰਗਦਰਸ਼ਨ ਪ੍ਰਦਾਨ ਕਰਨਗੀਆਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸ਼ਹਿਰ ਦੀ ਪ੍ਰਣਾਲੀ ਆਉਣ ਵਾਲੇ 25 ਸਾਲਾਂ ਵਿੱਚ 250,000 ਦੀ ਆਬਾਦੀ ਦਾ ਭਾਰ ਸੁਚਾਰੂ ਢੰਗ ਨਾਲ ਝੱਲਣ ਦੇ ਯੋਗ ਹੋ ਸਕੇ।

ਇਸ ਅਪਡੇਟ ਪ੍ਰਕਿਰਿਆ ਵਿੱਚ ਸੱਤ ਮੁੱਖ ਸੇਵਾ ਖੇਤਰਾਂ ਉੱਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਸ਼ਹਿਰ ਦਾ ਪਾਣੀ, ਸੀਵਰੇਜ, ਡਰੇਨੇਜ, ਮਿਸ਼ਨ ਸ਼ਹਿਰ ਨਾਲ ਸਾਂਝਾ ਸੀਵਰੇਜ ਅਤੇ ਪਾਣੀ ਪ੍ਰਬੰਧ, ਆਵਾਜਾਈ ਅਤੇ ਫਾਇਰ ਰੈਸਕਿਊ ਸੇਵਾਵਾਂ ਸ਼ਾਮਲ ਹਨ। ਇਨ੍ਹਾਂ ਮਾਸਟਰ ਪਲਾਨਾਂ ਰਾਹੀਂ ਮੌਜੂਦਾ ਸੇਵਾਵਾਂ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਭਵਿੱਖ ਦੀਆਂ ਲੋੜਾਂ ਤੇ ਉਮੀਦਾਂ ਮੁਤਾਬਕ ਉਨ੍ਹਾਂ ਵਿੱਚ ਲੋੜੀਂਦੇ ਬਦਲਾਅ ਕੀਤੇ ਜਾਣਗੇ। ਪਾਰਕਾਂ, ਮਨੋਰੰਜਨ ਅਤੇ ਸੱਭਿਆਚਾਰ ਨਾਲ ਸਬੰਧਤ ਮਾਸਟਰ ਪਲਾਨ ਨੂੰ 2027 ਵਿੱਚ ਅਪਡੇਟ ਕੀਤਾ ਜਾਵੇਗਾ ਕਿਉਂਕਿ ਇਸ ਵੇਲੇ ਉਸ ਨਾਲ ਸਬੰਧਤ ਹੋਰ ਰਣਨੀਤੀਆਂ ਉੱਤੇ ਕੰਮ ਚੱਲ ਰਿਹਾ ਹੈ।

ਮਾਸਟਰ ਪਲਾਨਾਂ ਨੂੰ ਅਪਡੇਟ ਕਰਨ ਦਾ ਫੈਸਲਾ ਐਬਟਸਫੋਰਡ ਕੌਂਸਲ ਦੀ 2022-2026 ਦੀ ਰਣਨੀਤਕ ਯੋਜਨਾ ਦਾ ਇੱਕ ਪ੍ਰਮੁੱਖ ਹਿੱਸਾ ਹੈ। ਇਹ ਕੁੱਲ ਚਾਰ ਪੜਾਵਾਂ ਵਾਲੀ ਇੱਕ 18 ਮਹੀਨਿਆਂ ਦੀ ਪ੍ਰਕਿਰਿਆ ਹੈ ਜਿਸ ਰਾਹੀਂ ਟਿਕਾਊ ਵਿਕਾਸ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਪ੍ਰਕਿਰਿਆ ਦੌਰਾਨ ਕਮਿਊਨਿਟੀ ਦੀ ਭਾਗੀਦਾਰੀ ਨੂੰ ਬਹੁਤ ਮਹੱਤਵ ਦਿੱਤਾ ਜਾ ਰਿਹਾ ਹੈ ਤਾਂ ਜੋ ਸਥਾਨਕ ਲੋਕਾਂ ਦੇ ਸੁਝਾਵਾਂ ਮੁਤਾਬਕ ਯੋਜਨਾਵਾਂ ਨੂੰ ਅੰਤਿਮ ਰੂਪ ਦਿੱਤਾ ਜਾ ਸਕੇ।

ਸ਼ਹਿਰ ਦੇ ਵਸਨੀਕਾਂ ਦੀ ਰਾਇ ਜਾਣਨ ਲਈ ਪ੍ਰਸ਼ਾਸਨ ਵੱਲੋਂ ਵੱਖ-ਵੱਖ ਥਾਵਾਂ ‘ਤੇ ‘ਪੌਪ-ਅੱਪ’ ਪ੍ਰੋਗਰਾਮ ਉਲੀਕੇ ਗਏ ਹਨ। ਇਨ੍ਹਾਂ ਪ੍ਰੋਗਰਾਮਾਂ ਦੀ ਲੜੀ ਸ਼ਨੀਵਾਰ 16 ਮਈ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਐਬਟਸਫੋਰਡ ਫਾਰਮ ਐਂਡ ਕੰਟਰੀ ਮਾਰਕੀਟ ਤੋਂ ਸ਼ੁਰੂ ਹੋਵੇਗੀ। ਇਸ ਤੋਂ ਬਾਅਦ ਸ਼ੁੱਕਰਵਾਰ 22 ਮਈ ਨੂੰ ਕਲੀਅਰਬਰੁੱਕ ਲਾਇਬ੍ਰੇਰੀ ਵਿਖੇ ਦੁਪਹਿਰ 1:30 ਤੋਂ 4:30 ਵਜੇ ਤੱਕ ਅਤੇ ਸ਼ਨੀਵਾਰ 23 ਮਈ ਨੂੰ ਸੇਵਨਓਕਸ ਸ਼ਾਪਿੰਗ ਸੈਂਟਰ ਵਿਖੇ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਲੋਕ ਆਪਣੇ ਵਿਚਾਰ ਸਾਂਝੇ ਕਰ ਸਕਣਗੇ।



ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• **Rachhpal Singh Gill**
Editor
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurlal Singh**
Journalist

• **Hardam Singh Maan**
Surrey
604-308-6663

• **Ekjot Singh**
News Reporter

**Printed & Published in Canada by : International Punjabi Tribune Inc.**

604-616-2171
punjabitribune
iptribune@gmail.com
www.punjabitribune.ca
punjabitribune

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ।

# ਤੇਲ-ਗੈਸ 'ਤੇ ਨਿਰਭਰਤਾ ਘਟਾਉਣ ਲਈ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ 'ਪਾਵਰਿੰਗ ਕੈਨੇਡਾ ਸਟ੍ਰੌਂਗ' ਯੋਜਨਾ

ਸੰਪਾਦਕੀ

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀਰਵਾਰ ਨੂੰ ਇੱਕ ਅਹਿਮ ਐਲਾਨ ਕਰਦਿਆਂ ਦੇਸ਼ ਦੀ ਨਵੀਂ ਰਾਸ਼ਟਰੀ ਬਿਜਲੀ ਰਣਨੀਤੀ ਦਾ ਖੁਲਾਸਾ ਕੀਤਾ ਹੈ। ਇਸ ਯੋਜਨਾ ਦੇ ਤਹਿਤ ਕੈਨੇਡਾ ਦੇ ਬਿਜਲੀ ਗਰਿੱਡ ਦੀ ਸਮਰੱਥਾ ਨੂੰ 2050 ਤੱਕ ਦੁੱਗਣਾ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਓਟਾਵਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਨੇ ਸਪੱਸ਼ਟ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਦੇਸ਼ ਦੀ ਆਰਥਿਕਤਾ ਅਤੇ ਵਾਤਾਵਰਣਕ ਸਥਿਰਤਾ ਪੂਰੀ ਤਰ੍ਹਾਂ ਬਿਜਲੀਕਰਨ 'ਤੇ ਨਿਰਭਰ ਕਰੇਗੀ। ਉਨ੍ਹਾਂ ਕਿਹਾ ਕਿ ਕਿਫਾਇਤੀ ਦਰਾਂ ਵੱਲ ਜਾਣ ਦਾ ਰਸਤਾ ਬਿਜਲੀਕਰਨ ਹੈ ਅਤੇ ਮੁਕਾਬਲੇਬਾਜ਼ੀ ਤੇ ਨੈੱਟ ਜ਼ੀਰੋ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਵੀ ਬਿਜਲੀਕਰਨ ਹੀ ਇੱਕੋ ਇੱਕ ਵਿਕਲਪ ਹੈ। ਕਾਰਨੀ ਦੇ ਅਨੁਸਾਰ ਬਿਜਲੀਕਰਨ ਸਾਡੀ ਆਰਥਿਕਤਾ, ਵਾਤਾਵਰਣ ਅਤੇ ਨਿਕਾਸ ਨੂੰ ਕੰਟਰੋਲ ਕਰਨ ਦਾ ਮੁੱਖ ਆਧਾਰ ਸਾਬਤ ਹੋਵੇਗਾ।

ਫੈਡਰਲ ਸਰਕਾਰ ਵੱਲੋਂ ਜਾਰੀ ਕੀਤੇ ਗਏ ਅਧਿਕਾਰਤ ਬਿਆਨ ਅਨੁਸਾਰ ਇਸ ਨਵੀਂ ਯੋਜਨਾ ਨੂੰ 'ਪਾਵਰਿੰਗ ਕੈਨੇਡਾ ਸਟ੍ਰੌਂਗ' ਦਾ ਨਾਮ ਦਿੱਤਾ ਗਿਆ ਹੈ। ਇਸ ਰਣਨੀਤੀ ਦਾ ਮੁੱਖ ਉਦੇਸ਼ ਦੇਸ਼ ਦੇ 70 ਫੀਸਦੀ ਘਰਾਂ ਲਈ ਬਿਜਲੀ ਦੀਆਂ ਕੀਮਤਾਂ ਨੂੰ ਘਟਾਉਣਾ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਊਰਜਾ ਮਿਸ਼ਰਣ ਵਿੱਚ ਕੁਦਰਤੀ ਗੈਸ ਦੀ ਭੂਮਿਕਾ ਨੂੰ ਵਧਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸਰਕਾਰ ਦਾ ਮੰਨਣਾ ਹੈ ਕਿ ਕੁਦਰਤੀ ਗੈਸ ਰਾਹੀਂ ਉਤਪਾਦਨ ਵਧਾਉਣ ਨਾਲ ਗਾਹਕਾਂ 'ਤੇ ਆਰਥਿਕ ਬੋਝ ਘੱਟ ਹੋਵੇਗਾ ਅਤੇ ਊਰਜਾ ਦੀ ਸਪਲਾਈ ਵਿੱਚ ਨਿਰੰਤਰਤਾ ਬਣੀ ਰਹੇਗੀ।

'ਪਾਵਰਿੰਗ ਕੈਨੇਡਾ ਸਟ੍ਰੌਂਗ' ਦਸਤਾਵੇਜ਼ ਵਿੱਚ ਕੁਦਰਤੀ ਗੈਸ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਕਿਹਾ ਗਿਆ ਹੈ ਕਿ ਵਿਸ਼ਵ ਪੱਧਰ 'ਤੇ ਕੁਦਰਤੀ ਗੈਸ ਦੇ ਨਿਕਾਸ ਦੀ ਤੀਬਰਤਾ ਸਭ ਤੋਂ ਘੱਟ ਹੈ। ਇਹ ਗੈਸ ਬਿਜਲੀ ਗਰਿੱਡ ਵਿੱਚ ਕਈ ਮਹੱਤਵਪੂਰਨ ਭੂਮਿਕਾਵਾਂ ਨਿਭਾ ਸਕਦੀ ਹੈ। ਇਹ ਖਾਸ ਤੌਰ 'ਤੇ ਉਸ ਸਮੇਂ ਸਹਾਇਕ ਹੁੰਦੀ ਹੈ ਜਦੋਂ ਬਿਜਲੀ ਦੀ ਮੰਗ ਸਿਖਰ 'ਤੇ ਹੁੰਦੀ ਹੈ ਜਾਂ ਜਦੋਂ ਨਵਿਆਉਣਯੋਗ ਊਰਜਾ ਸਰੋਤਾਂ ਤੋਂ ਉਤਪਾਦਨ ਘੱਟ ਹੁੰਦਾ ਹੈ। ਇਸ ਤੋਂ ਇਲਾਵਾ ਸਿਸਟਮ ਦੀ ਭਰੋਸੇਯੋਗਤਾ ਬਣਾਈ ਰੱਖਣ ਅਤੇ ਬੇਸਲੋਡ ਜਨਰੇਸ਼ਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵੀ ਕੁਦਰਤੀ ਗੈਸ ਇੱਕ ਭਰੋਸੇਮੰਦ ਸਾਧਨ ਵਜੋਂ ਦੇਖੀ ਜਾ ਰਹੀ ਹੈ।

ਬੇਸਲੋਡ ਪਾਵਰ ਤੋਂ ਭਾਵ ਉਨ੍ਹਾਂ ਬਿਜਲੀ ਪਲਾਂਟਾਂ ਤੋਂ ਹੈ ਜੋ ਲਗਾਤਾਰ ਬਿਜਲੀ ਦਾ ਉਤਪਾਦਨ ਕਰਦੇ ਹਨ ਅਤੇ ਗਰਿੱਡ ਦੀ ਸਥਿਰਤਾ ਨੂੰ ਯਕੀਨੀ ਬਣਾਉਂਦੇ ਹਨ। ਦੂਜੇ ਪਾਸੇ ਪੀਕ ਪਾਵਰ ਪਲਾਂਟ ਉਹ ਹੁੰਦੇ ਹਨ ਜੋ ਗਰਿੱਡ ਦੀ ਮੰਗ ਵਿੱਚ ਆਉਣ ਵਾਲੇ ਉਤਾਰ-ਚੜ੍ਹਾਅ ਅਨੁਸਾਰ ਤੁਰੰਤ ਪ੍ਰਤੀਕਿਰਿਆ ਦਿੰਦੇ ਹਨ। ਸਰਕਾਰ ਨੇ ਇਹ ਵੀ ਸੰਕੇਤ ਦਿੱਤੇ ਹਨ ਕਿ ਉਹ ਪਿਛਲੀ ਟਰੂਡੋ ਸਰਕਾਰ ਦੇ ਵਿਵਾਦਪੂਰਨ ਕਲੀਨ ਇਲੈਕਟ੍ਰੀਸਿਟੀ ਰੈਗੂਲੇਸ਼ਨਜ਼ (ਸੀਈਆਰ) ਦੀ ਸਮੀਖਿਆ ਕਰੇਗੀ ਅਤੇ ਇਸ ਵਿੱਚ ਜ਼ਰੂਰੀ ਸੋਧਾਂ ਕਰੇਗੀ। ਫੈਡਰਲ ਸਰਕਾਰ ਦਾ ਇਰਾਦਾ ਇਨ੍ਹਾਂ ਨਿਯਮਾਂ ਵਿੱਚ ਲਚਕਤਾ ਲਿਆਉਣਾ ਹੈ ਤਾਂ ਜੋ ਸਾਰੇ ਸੂਬਿਆਂ ਅਤੇ ਖੇਤਰਾਂ ਵਿੱਚ ਬਿਜਲੀ ਖੇਤਰ ਤੇਜ਼ੀ ਨਾਲ ਵਿਕਾਸ ਕਰ ਸਕੇ।

ਨਵੀਂ ਰਣਨੀਤੀ ਅਨੁਸਾਰ ਸੀਈਆਰ ਵਿੱਚ ਬਦਲਾਅ ਕਰਨ ਨਾਲ ਸੈਕਟਰ ਨੂੰ ਬਾਕੀ ਬਚੇ ਹੋਏ ਨਿਕਾਸ ਦੀ ਭਰਪਾਈ ਕਰਨ ਲਈ ਵਧੇਰੇ ਸਹੂਲਤ ਮਿਲੇਗੀ। ਜ਼ਿਕਰਯੋਗ ਹੈ ਕਿ ਟਰੂਡੋ ਸਰਕਾਰ ਨੇ 2024 ਵਿੱਚ ਇਨ੍ਹਾਂ ਨਿਯਮਾਂ ਨੂੰ ਅੰਤਿਮ ਰੂਪ ਦਿੱਤਾ ਸੀ ਜਿਸਦਾ ਮੁੱਖ ਉਦੇਸ਼ 2050 ਤੱਕ ਬਿਜਲੀ ਖੇਤਰ ਵਿੱਚ ਨਿਕਾਸ ਨੂੰ ਬਹੁਤ ਹੇਠਾਂ ਲੈ ਕੇ ਜਾਣਾ ਸੀ। ਹਾਲਾਂਕਿ ਮੌਜੂਦਾ ਸਰਕਾਰ ਹੁਣ ਇਸ ਵਿੱਚ ਤਬਦੀਲੀ ਕਰਕੇ ਵਿਕਾਸ ਦੀ ਰਫ਼ਤਾਰ ਨੂੰ ਵਧਾਉਣਾ ਚਾਹੁੰਦੀ ਹੈ। ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਸ ਸਬੰਧ ਵਿੱਚ ਸੂਬਿਆਂ, ਖੇਤਰਾਂ, ਸਥਾਨਕ ਆਦਿਵਾਸੀ ਲੋਕਾਂ, ਉਪਯੋਗਤਾ ਕੰਪਨੀਆਂ ਅਤੇ ਯੂਨੀਅਨਾਂ ਨਾਲ ਸਲਾਹ-ਮਸ਼ਵਰਾ ਸ਼ੁਰੂ ਕਰ ਰਹੀ ਹੈ।

ਸਰਕਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਗਲੇ ਕੁਝ ਮਹੀਨਿਆਂ ਦੌਰਾਨ ਸਾਰੇ ਭਾਈਵਾਲਾਂ ਨਾਲ ਮਿਲ ਕੇ ਕੰਮ ਕੀਤਾ ਜਾਵੇਗਾ ਤਾਂ ਜੋ ਬਿਜਲੀ ਗਰਿੱਡ ਨੂੰ ਪ੍ਰਭਾਵਸ਼ਾਲੀ ਅਤੇ ਕਿਫਾਇਤੀ ਤਰੀਕੇ ਨਾਲ ਦੁੱਗਣਾ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾ ਸਕਣ। ਵਰਤਮਾਨ ਵਿੱਚ ਕੈਨੇਡਾ ਦੇ ਬਿਜਲੀ ਗਰਿੱਡ ਦਾ 80 ਫੀਸਦੀ ਤੋਂ ਵੱਧ ਹਿੱਸਾ ਗੈਰ-ਨਿਕਾਸ ਸਰੋਤਾਂ ਜਿਵੇਂ ਕਿ ਹਾਈਡਰੋ-ਇਲੈਕਟ੍ਰੀਸਿਟੀ, ਪ੍ਰਮਾਣੂ ਊਰਜਾ ਅਤੇ ਹਵਾ ਤੇ ਸੂਰਜੀ ਊਰਜਾ ਵਰਗੇ ਨਵਿਆਉਣਯੋਗ ਸਰੋਤਾਂ ਤੋਂ ਆਉਂਦਾ ਹੈ। ਪਰ ਪਿਛਲੀ ਸਰਕਾਰ ਨੂੰ ਡਰ ਸੀ ਕਿ ਜਿਵੇਂ-ਜਿਵੇਂ ਬਿਜਲੀ ਦੀ ਮੰਗ ਵਧੇਗੀ ਅਤੇ ਸੂਬੇ ਕੁਦਰਤੀ ਗੈਸ ਵੱਲ ਮੁੜਨਗੇ, ਇਹ ਪ੍ਰਤੀਸ਼ਤਤਾ ਘਟ ਸਕਦੀ ਹੈ।

ਫੈਡਰਲ ਬਿਜਲੀ ਨਿਯਮਾਂ ਦਾ ਸਭ ਤੋਂ ਵੱਧ ਪ੍ਰਭਾਵ ਅਲਬਰਟਾ ਸੂਬੇ 'ਤੇ ਪੈਣ ਦੀ ਉਮੀਦ ਸੀ। ਨਵੰਬਰ ਵਿੱਚ ਓਟਾਵਾ ਅਤੇ ਅਲਬਰਟਾ ਵਿਚਕਾਰ ਹੋਏ ਇੱਕ ਊਰਜਾ ਸਮਝੌਤੇ ਤੋਂ ਬਾਅਦ ਇਹ ਨਿਯਮ ਖ਼ਤਰੇ ਵਿੱਚ ਪੈ ਗਏ ਸਨ। ਉਸ ਸਮਝੌਤੇ ਵਿੱਚ ਨਵੇਂ ਕਾਰਬਨ ਪ੍ਰਾਈਸਿੰਗ ਸਮਝੌਤੇ ਤੱਕ ਸੀਈਆਰ ਨੂੰ ਅਲਬਰਟਾ ਵਿੱਚ ਤੁਰੰਤ ਮੁਅੱਤਲ ਕਰਨ ਦੀ ਵਚਨਬੱਧਤਾ ਜਤਾਈ ਗਈ ਸੀ। ਤਾਜ਼ਾ ਰਿਪੋਰਟਾਂ ਅਨੁਸਾਰ ਫੈਡਰਲ ਸਰਕਾਰ ਅਤੇ ਅਲਬਰਟਾ ਕਾਰਬਨ ਨਿਕਾਸ ਦੀ ਕੀਮਤ ਨੂੰ ਲੈ ਕੇ ਇੱਕ ਸਹਿਮਤੀ 'ਤੇ ਪਹੁੰਚ ਗਏ ਹਨ।

ਇਸ ਵਿਸ਼ਾਲ ਬਿਜਲੀ ਬੁਨਿਆਦੀ ਢਾਂਚੇ ਦੇ ਵਿਸਥਾਰ ਵਿੱਚ ਮੇਜਰ ਪ੍ਰੋਜੈਕਟਸ ਆਫਿਸ ਦੀ ਭੂਮਿਕਾ ਵੀ ਅਹਿਮ ਹੋ ਸਕਦੀ ਹੈ। ਵੱਖ-ਵੱਖ ਸਰੋਤਾਂ ਅਨੁਸਾਰ ਫੈਡਰਲ ਸਰਕਾਰ ਸੂਬਾਈ ਅਤੇ ਖੇਤਰੀ ਗਰਿੱਡਾਂ ਨੂੰ ਆਪਸ ਵਿੱਚ ਜੋੜਨ ਲਈ ਟ੍ਰਾਂਸਮਿਸ਼ਨ ਬੁਨਿਆਦੀ ਢਾਂਚਾ ਉਸਾਰਨ ਵਿੱਚ ਸਰਗਰਮ ਭੂਮਿਕਾ ਨਿਭਾਏਗੀ। ਸਰਕਾਰ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਮੇਜਰ ਪ੍ਰੋਜੈਕਟਸ ਆਫਿਸ ਨੂੰ ਇਸ ਕੰਮ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਕਈ ਗਰਿੱਡ ਇੰਟਰਕਨੈਕਸ਼ਨ ਪ੍ਰੋਜੈਕਟਾਂ ਨੂੰ 'ਬਿਲਡ ਕੈਨੇਡਾ ਐਕਟ' ਦੇ ਤਹਿਤ ਰਾਸ਼ਟਰੀ ਹਿੱਤ ਦੇ ਪ੍ਰੋਜੈਕਟ ਵਜੋਂ ਨਾਮਜ਼ਦ ਕਰਕੇ ਤੇਜ਼ੀ ਨਾਲ ਪੂਰਾ ਕਰਨ ਦੀ ਯੋਜਨਾ ਹੈ।

ਇਨ੍ਹਾਂ ਪ੍ਰੋਜੈਕਟਾਂ ਵਿੱਚ ਬ੍ਰਿਟਿਸ਼ ਕੋਲੰਬੀਆ ਅਤੇ ਯੂਕੋਨ ਵਿਚਕਾਰ ਇੰਟਰਟੀਜ਼, ਅਟਲਾਂਟਿਕ ਸੂਬਿਆਂ ਦੇ ਵਿਚਕਾਰ ਸਬੰਧ ਅਤੇ ਕਿਊਬੈਕ ਤੇ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਵਿਚਕਾਰ ਬਿਜਲੀ ਸੰਪਰਕ ਸ਼ਾਮਲ ਹੋ ਸਕਦੇ ਹਨ। ਹਾਲਾਂਕਿ ਸਰਕਾਰ ਵੱਲੋਂ ਇਨ੍ਹਾਂ ਪ੍ਰੋਜੈਕਟਾਂ ਲਈ ਕਿਸੇ ਨਵੇਂ ਫੰਡ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਮੌਜੂਦਾ ਕਲੀਨ ਇਲੈਕਟ੍ਰੀਸਿਟੀ ਇਨਵੈਸਟਮੈਂਟ ਟੈਕਸ ਕ੍ਰੈਡਿਟ ਦਾ ਵਿਸਥਾਰ ਕੀਤਾ ਜਾ ਸਕਦਾ ਹੈ। ਸਰਕਾਰ ਖਪਤਕਾਰਾਂ ਲਈ ਲਾਗਤਾਂ ਘਟਾਉਣ ਦੇ ਉਦੇਸ਼ ਨਾਲ ਵਧੇਰੇ ਊਰਜਾ ਕੁਸ਼ਲ ਤਰੀਕਿਆਂ ਨੂੰ ਅਪਣਾਉਣ 'ਤੇ ਵੀ ਜ਼ੋਰ ਦੇ ਰਹੀ ਹੈ।

ਪ੍ਰਧਾਨ ਮੰਤਰੀ ਦੀ ਇਹ ਨਵੀਂ ਰਣਨੀਤੀ ਕੈਨੇਡਾ ਦੇ ਊਰਜਾ ਖੇਤਰ ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਮੰਨੀ ਜਾ ਰਹੀ ਹੈ। ਜਿੱਥੇ ਇੱਕ ਪਾਸੇ ਵਾਤਾਵਰਣ ਦੀਆਂ ਚੁਣੌਤੀਆਂ ਹਨ ਉੱਥੇ ਹੀ ਦੂਜੇ ਪਾਸੇ ਆਰਥਿਕ ਵਿਕਾਸ ਦੀ ਲੋੜ ਹੈ। ਇਨ੍ਹਾਂ ਦੋਵਾਂ ਵਿਚਕਾਰ ਸੰਤੁਲਨ ਬਣਾਉਣ ਲਈ 'ਪਾਵਰਿੰਗ ਕੈਨੇਡਾ ਸਟ੍ਰੌਂਗ' ਯੋਜਨਾ ਨੂੰ ਇੱਕ ਅਹਿਮ ਕਦਮ ਵਜੋਂ ਪੇਸ਼ ਕੀਤਾ ਗਿਆ ਹੈ। ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਸੂਬਿਆਂ ਅਤੇ ਵੱਖ-ਵੱਖ ਭਾਈਵਾਲਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਇਸ ਰਣਨੀਤੀ ਨੂੰ ਕਿਸ ਤਰ੍ਹਾਂ ਅਮਲੀ ਰੂਪ ਦਿੱਤਾ ਜਾਂਦਾ ਹੈ।

ਬਿਜਲੀ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਸਿਰਫ਼ ਉਤਪਾਦਨ ਵਧਾਉਣਾ ਹੀ ਕਾਫ਼ੀ ਨਹੀਂ ਹੈ ਸਗੋਂ ਉਸ ਨੂੰ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਲਈ ਮਜ਼ਬੂਤ ਟ੍ਰਾਂਸਮਿਸ਼ਨ ਲਾਈਨਾਂ ਦੀ ਵੀ ਲੋੜ ਹੈ। ਫੈਡਰਲ ਸਰਕਾਰ ਵੱਲੋਂ ਇੰਟਰ-ਪ੍ਰੋਵਿੰਸ਼ੀਅਲ ਗਰਿੱਡਾਂ ਨੂੰ ਜੋੜਨ ਦੀ ਪਹਿਲ ਇਸੇ ਦਿਸ਼ਾ ਵਿੱਚ ਇੱਕ ਸਾਰਥਕ ਕਦਮ ਹੈ। ਇਸ ਨਾਲ ਨਾ ਸਿਰਫ਼ ਬਿਜਲੀ ਦੀ ਉਪਲਬਧਤਾ ਵਧੇਗੀ ਸਗੋਂ ਸੰਕਟ ਦੇ ਸਮੇਂ ਇੱਕ ਸੂਬਾ ਦੂਜੇ ਦੀ ਮਦਦ ਵੀ ਕਰ ਸਕੇਗਾ। ਕੁਦਰਤੀ ਗੈਸ ਦੀ ਵਰਤੋਂ ਵਿੱਚ ਵਾਧਾ ਕਰਨਾ ਭਾਵੇਂ ਕੁਝ ਵਾਤਾਵਰਣ ਪ੍ਰੇਮੀਆਂ ਲਈ ਚਿੰਤਾ ਦਾ ਵਿਸ਼ਾ ਹੋ ਸਕਦਾ ਹੈ ਪਰ ਸਰਕਾਰ ਇਸ ਨੂੰ ਇੱਕ ਅਸਥਾਈ ਅਤੇ ਜ਼ਰੂਰੀ ਪੁਲ ਵਜੋਂ ਦੇਖ ਰਹੀ ਹੈ ਜੋ ਦੇਸ਼ ਨੂੰ ਪੂਰੀ ਤਰ੍ਹਾਂ ਹਰੀ ਊਰਜਾ ਵੱਲ ਲੈ ਕੇ ਜਾਵੇਗਾ।

ਦੇਸ਼ ਦੇ ਉਦਯੋਗਿਕ ਖੇਤਰ ਲਈ ਵੀ ਇਹ ਯੋਜਨਾ ਬਹੁਤ ਮਹੱਤਵ ਰੱਖਦੀ ਹੈ। ਉਦਯੋਗਾਂ ਨੂੰ ਸਸਤੀ ਅਤੇ ਨਿਰੰਤਰ ਬਿਜਲੀ ਮਿਲਣ ਨਾਲ ਕੈਨੇਡਾ ਦੀ ਵਿਸ਼ਵ ਪੱਧਰ 'ਤੇ ਮੁਕਾਬਲੇਬਾਜ਼ੀ ਵਧੇਗੀ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੇ ਭਾਸ਼ਣ ਵਿੱਚ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬਿਜਲੀਕਰਨ ਹੀ ਭਵਿੱਖ ਦੀ ਕੁੰਜੀ ਹੈ। ਜੇਕਰ ਕੈਨੇਡਾ ਆਪਣੇ 2050 ਦੇ ਟੀਚਿਆਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਆਪਣੇ ਬੁਨਿਆਦੀ ਢਾਂਚੇ ਵਿੱਚ ਅੱਜ ਹੀ ਨਿਵੇਸ਼ ਕਰਨਾ ਹੋਵੇਗਾ।

ਅਖੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ 'ਪਾਵਰਿੰਗ ਕੈਨੇਡਾ ਸਟ੍ਰੌਂਗ' ਸਿਰਫ਼ ਇੱਕ ਊਰਜਾ ਯੋਜਨਾ ਨਹੀਂ ਹੈ ਸਗੋਂ ਇਹ ਕੈਨੇਡਾ ਦੇ ਆਰਥਿਕ ਭਵਿੱਖ ਦਾ ਇੱਕ ਖਾਕਾ ਹੈ। ਇਸ ਵਿੱਚ ਕੁਦਰਤੀ ਗੈਸ, ਨਵਿਆਉਣਯੋਗ ਊਰਜਾ ਅਤੇ ਆਧੁਨਿਕ ਤਕਨਾਲੋਜੀ ਦਾ ਸੁਮੇਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹੁਣ ਸਾਰੀਆਂ ਨਜ਼ਰਾਂ ਫੈਡਰਲ ਸਰਕਾਰ ਦੀਆਂ ਆਉਣ ਵਾਲੀਆਂ ਸਲਾਹ-ਮਸ਼ਵਰਾ ਮੀਟਿੰਗਾਂ 'ਤੇ ਟਿਕੀਆਂ ਹੋਈਆਂ ਹਨ ਜਿੱਥੇ ਇਸ ਯੋਜਨਾ ਦੇ ਬਰੀਕ ਵੇਰਵਿਆਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਦੇਸ਼ ਦੇ ਨਾਗਰਿਕਾਂ ਲਈ ਸਭ ਤੋਂ ਵੱਡੀ ਰਾਹਤ ਬਿਜਲੀ ਦੀਆਂ ਕੀਮਤਾਂ ਵਿੱਚ ਗਿਰਾਵਟ ਦੀ ਉਮੀਦ ਹੈ ਜੋ ਇਸ ਯੋਜਨਾ ਦਾ ਮੁੱਖ ਵਾਅਦਾ ਹੈ। ਸਫਲਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਸਰਕਾਰ ਕਿੰਨੀ ਤੇਜ਼ੀ ਨਾਲ ਨਿਯਮਾਂ ਵਿੱਚ ਬਦਲਾਅ ਕਰਦੀ ਹੈ ਅਤੇ ਸੂਬਿਆਂ ਨੂੰ ਇਸ ਵਿਸ਼ਾਲ ਮੁਹਿੰਮ ਵਿੱਚ ਸ਼ਾਮਲ ਕਰਨ ਵਿੱਚ ਕਾਮਯਾਬ ਹੁੰਦੀ ਹੈ।

# ਗੁਰੂ ਨਾਨਕ ਜਹਾਜ਼’ ਦਾ ਸਹੀ ਨਾਂ ਵੈਨਕੂਵਰ ਦੇ ਸਮੁੰਦਰੀ ਤੱਟ ’ਤੇ ਬਹਾਲ




ਵੈਨਕੂਵਰ, ਬੀਸੀ (ਡਾ. ਗੁਰਵਿੰਦਰ ਸਿੰਘ) ਵੈਨਕੂਵਰ ਦੇ ਸਮੁੰਦਰੀ ਤੱਟ ਉੱਪਰ ਇਤਿਹਾਸਕ ਸਥਾਨ ‘ਤੇ, ਸਾਈਨੇਜ ਪੈਨਲਾਂ ਨੂੰ ‘ਗੁਰੂ ਨਾਨਕ ਜਹਾਜ਼’ ਦੇ ਸਹੀ ਨਾਂ ‘ਤੇ ਬਹਾਲ ਕਰ ਦਿੱਤਾ ਗਿਆ ਹੈ। ਵੈਨਕੂਵਰ ਸ਼ਹਿਰ ਵੱਲੋਂ ਲਏ ਗਏ ਇਸ ਇਤਿਹਾਸਿਕ ਫੈਸਲੇ ਦੀ ਭਾਈਚਾਰੇ ਅੰਦਰ ਪੁਰਜ਼ੋਰ ਪ੍ਰਸ਼ੰਸਾ ਹੋ ਰਹੀ ਹੈ। ਵੈਨਕੂਵਰ ਸਿਟੀ ਅਨੁਸਾਰ,” ਭਾਈਚਾਰਕ ਵਿਚਾਰ ਵਟਾਂਦਰੇ ਅਤੇ ਮਿਲੀ ਜਾਣਕਾਰੀ ਤੋਂ ਬਾਅਦ, ਅਸੀਂ ਹੁਣ ‘ਕਾਮਾਗਾਟਾ ਮਾਰੂ’ ਜਹਾਜ਼ ਨੂੰ ਇਸ ਦੇ ਸਹੀ ਨਾਂ, ‘ਗੁਰੂ ਨਾਨਕ ਜਹਾਜ਼’ ਨਾਲ ਸੰਬੋਧਿਤ ਕਰਦੇ ਹਾਂ। ਜਹਾਜ਼ ਨੂੰ ਇਸ ਦੇ ਸਹੀ ਨਾਂ ਨਾਲ ਬੁਲਾਉਣ ਨਾਲ ਵਿਰਾਸਤ ਦਾ ਸਨਮਾਨ ਹੁੰਦਾ ਹੈ।”

ਵੈਨਕੂਵਰ ਸ਼ਹਿਰ ਨੇ ਪਿਛਲੇ ਸਾਲ 23 ਮਈ ਨੂੰ, ਗੁਰੂ ਨਾਨਕ ਜਹਾਜ਼ ਦੇ ਸਹੀ ਨਾਂ ‘ਤੇ ਐਲਾਨ-ਨਾਮਾ ਜਾਰੀ ਕੀਤਾ ਸੀ। ਗੁਰੂ ਨਾਨਕ ਜਹਾਜ਼ 1914 ਵਿੱਚ ਕੈਨੇਡਾ ਪਲੇਸ ਦੇ ਮੌਜੂਦਾ ਸਥਾਨ ਦੇ ਨੇੜੇ ਰੋਕਿਆ ਗਿਆ ਸੀ, ਜਿਸ ਵਿੱਚ 341 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਯਾਤਰੀ ਸਨ, ਜੋ ਕੈਨੇਡਾ ਦੀਆਂ ਨਸਲਵਾਦੀ ਅਤੇ ਬਾਹਰੀ ਇਮੀਗ੍ਰੇਸ਼ਨ ਨੀਤੀਆਂ ਨੂੰ ਚੁਣੌਤੀ ਦੇਣ ਆਏ ਸਨ। ਉਨ੍ਹਾਂ ਨੂੰ ਸਹੀ ਯਾਤਰਾ ਦਸਤਾਵੇਜ਼ ਹੋਣ ਦੇ ਬਾਵਜੂਦ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ ਅਤੇ ਅੰਤ ਵਿੱਚ ‘ਬ੍ਰਿਟਿਸ਼ ਭਾਰਤ’ ਵਾਪਸ ਜਾਣ ਲਈ ਮਜਬੂਰ ਕੀਤਾ ਗਿਆ ਸੀ। 29 ਸਤੰਬਰ 1914 ਨੂੰ ਕਲਕੱਤੇ ਦੀ ਬਜਬਜ ਘਾਟ ‘ਤੇ ਗੁਰੂ ਨਾਨਕ ਜਹਾਜ਼ ਪਹੁੰਚਣ ਸਮੇਂ ਮੁਸਾਫਰਾਂ ‘ਤੇ ਗੋਲੀਆਂ ਚਲਾਈਆਂ ਗਈਆਂ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਦੀ ਰੱਖਿਆ ਕਰਦੇ ਹੋਏ, 19 ਯਾਤਰੀ ਸ਼ਹੀਦ ਹੋ ਗਏ ਸਨ। ਕੈਨੇਡਾ ਸਰਕਾਰ ਅਤੇ ਵੈਨਕੂਵਰ ਸ਼ਹਿਰ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਨਾਲ ਨਸਲੀ ਵਿਤਕਰੇ ਅਤੇ ਧੱਕੇਸ਼ਾਹੀ ਲਈ ਪਹਿਲਾਂ ਹੀ ਮੁਆਫ਼ੀ ਮੰਗ ਚੁੱਕੇ ਹਨ।

‘ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ’ ਨੇ ਵੈਨਕੂਵਰ ਸ਼ਹਿਰ ਵੱਲੋਂ ਇਤਿਹਾਸਿਕ ਅਸਥਾਨ ‘ਤੇ ਸਾਈਨੇਜ ਪੈਨਲਾਂ ਉੱਪਰ, ਗੁਰੂ ਨਾਨਕ ਜਹਾਜ਼ ਦਾ ਅਸਲੀ ਨਾਂ ਬਹਾਲ ਕਰਨ ਦੇ ਫੈਸਲੇ ਲਈ ਜਿੱਥੇ ਵੈਨਕੂਵਰ ਸ਼ਹਿਰ ਦਾ ਧੰਨਵਾਦ ਕੀਤਾ ਹੈ, ਉਥੇ ਆਸ ਪ੍ਰਗਟਾਈ ਹੈ ਕਿ ਕੈਨੇਡਾ ਸਰਕਾਰ ਵੀ ਆਪਣੇ ਮੁਆਫੀਨਾਮੇ ਵਿੱਚ ਸੋਧ ਕਰਦਿਆਂ, ਅਸਲੀ ਨਾਂ ‘ਗੁਰੂ ਨਾਨਕ ਜਹਾਜ਼’ ਨੂੰ ਛੇਤੀ ਤੋਂ ਛੇਤੀ ਬਹਾਲ ਕਰੇਗੀ। ਗੌਰਤਲਬ ਹੈ ਕਿ 23 ਮਈ, ਦਿਨ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਹਰਬਰ ਗਰੀਨ ਪਾਰਕ ਸਮੁੰਦਰੀ ਤੱਟ ‘ਤੇ, ਗੁਰੂ ਨਾਨਕ ਜਹਾਜ਼ ਮੈਮੋਰੀਅਲ ਵਿਖੇ, ਬੀਸੀ ਖਾਲਸਾ ਦਰਬਾਰ, ਵੈਨਕੂਵਰ, ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਤੇ ਵੈਨਕੂਵਰ ਸਿਟੀ ਦੇ ਸਹਿਯੋਗ ਨਾਲ, ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵਲੋਂ ਦੁਪਹਿਰ ਦੋ ਵਜੇ ਤੋਂ ਪੰਜ ਵਜੇ ਤੱਕ, ਹਰ ਵਰ੍ਹੇ ਵਾਂਗ ਸਮਾਗਮ ਕਰਵਾਇਆ ਜਾ ਰਿਹਾ ਹੈ। ਅਹਿਮ ਗੱਲ ਇਹ ਹੈ ਕਿ ਜਿਸ ਜਗਾ ਤੋਂ ਨਸਲੀ ਜਬਰ ਨਾਲ 112 ਸਾਲ ਪਹਿਲਾਂ ਗੁਰੂ ਨਾਨਕ ਜਹਾਜ਼ ਮੋੜਿਆ ਗਿਆ ਸੀ, ਉਸੇ ਜਗ੍ਹਾ ‘ਤੇ ਚੜਦੀ ਕਲਾ ਦੇ ਸਫਰ ਦੀ ਗੱਲ ਹੋਣੀ, ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਵੱਲੋਂ ‘ਮਾਨਵਵਾਦੀ ਸਬਰ ਨਾਲ ਨਸਲਵਾਦੀ ਜਬਰ’ ‘ਤੇ ਗੌਰਵਮਈ ਜਿੱਤ ਕਹੀ ਜਾ ਸਕਦਾ ਹੈ।

# ਨਿਊ ਵੈਸਟ ਦੇ ਸਕੂਲ ਵਿਚ ਮਨਾਈ ਗਈ ਵਿਸਾਖੀ




ਸਰੀ, (ਬਲਵੰਤ ਸਿੰਘ ਸੰਘੇੜਾ ): ਨਿਊ ਵੈਸਟ ਮਿਨਸਟਰ ਦਾ ਕੁਈਨਜਬਰੋ ਮਿਡਲ ਸਕੂਲ ਹਰ ਸਾਲ ਬਹੁਤ ਹੀ ਉਤਸ਼ਾਹ ਨਾਲ ਵਿਸਾਖੀ ਦਾ ਤਿਉਹਾਰ ਮਨਾਉਂਦਾ ਹੈ। ਇਹ ਸਭ ਉਥੋਂ ਦੇ ਸੇਵਾਮੁਕਤ ਅਤੇ ਬਹੁਤ ਹੀ ਸਤਿਕਾਰ ਯੋਗ ਅਧਿਆਪਿਕ ਦੀਪ ਸਿੰਘ ਸਾਂਗਰਾ ਦੇ ਉੱਦਮ ਸਦਕਾ ਹੈ। ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਭੀ ਚਾਰ ਮਈ ,2026 ,ਦਿਨ ਸੋਮਵਾਰ ਨੂੰ ਇਹ ਦਿਨ ਬਹੁਤ ਹੀ ਮਹੱਤਵ ਪੂਰਨ ਤਰੀਕੇ ਨਾਲ ਮਨਾਇਆ ਗਿਆ। ਇਸ ਸਕੂਲ ਦੇ ਇਲਾਕੇ ਵਿਚ ਪੰਜਾਬੀਆਂ ਦੀ ਕਾਫੀ ਵਸੋਂ ਹੈ । ਬਹੁਤ ਖੁਸ਼ੀ ਦੀ ਗੱਲ ਹੈ ਕਿ ਇਸ ਏਰੀਏ ਦੇ ਬੱਚੇ, ਉਹਨਾਂ ਦੇ ਮਾਪੇ, ਗੁਰਦਵਾਰਾ ਸੁਖ ਸਾਗਰ ਦੇ ਪ੍ਰਬੰਧਕ ਅਤੇ ਹੋਰ ਕਾਫੀ ਸੱਜਣ ,ਬੱਚੇ ਅਤੇ ਬੀਬੀਆਂ ਇਥੇ ਪਹੁੰਚ ਕੇ ਵਿਸਾਖੀ ਦਾ ਆਨੰਦ ਮਾਣਦੇ ਹਨ। ਤਕਰੀਬਨ ਇਕ ਘੰਟੇ ਲਈ ਇਸ ਸਕੂਲ ਦੇ ਬੱਚੇ ਅਤੇ ਅਧਿਆਪਿਕ ਵਿਸਾਖੀ ਦਾ ਪੂਰਾ ਮਜਾ ਲੈਂਦੇ ਹਨ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਨੇ ਭੰਗੜਾ, ਗੀਤਾਂ ਸਪੀਚਾਂ ਅਤੇ ਧਾਰਮਕ ਪ੍ਰੋਗਰਾਮਾਂ ਅਤੇ ਪ੍ਰਸ਼ਨਾਵਲੀਆਂ ਨਾਲ ਸਭ ਦਾ ਦਿਲ ਜਿੱਤਿਆ।ਅੰਤ ਵਿਚ ਸਾਰੇ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਿਕਾਂ ਨੇ ਬਹੁਤ ਹੀ ਸੁੰਦਰ ਤਰੀਕਿ ਨਾਲ ਇਸ ਸਮਾਗਮ ਨੂੰ ਅਨਜਾਮ ਦਿੱਤਾ।

ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ) ਵਲੋਂ ਅਸੀਂ ਇਸ ਸਕੂਲ ਦੇ ਵਿਦਿਆਰਥੀਆਂ, ਅਧਿਆਪਿਕਾਂ, ਪ੍ਰਿੰਸੀਪਲ ਜੋਹਨ ਲੁਕਾਕਿਸ, ਮਾਪਿਆਂ ਅਤੇ ਦੀਪ ਸਿੰਘ ਸਾਂਗਰਾ ਹੁਰਾਂ ਸਭ ਨੂੰ ਵਧਾਈ ਦਿੰਦੇ ਹਾਂ।ਇਹੋ ਜਿਹੇ ਉਪਰਾਲੇ ਸਾਡੀ ਮਾਂ ਬੋਲੀ ਪੰਜਾਬੀ ਦਾ ਮਾਣ ਹੋਰ ਭੀ ਵਧਾਉਂਦੇ ਹਨ।

ਸਤਿਕਾਰ ਯੋਗ ਦੀਪ ਸਿਘ ਵਰਗੇ ਅਧਿਆਪਿਕ ਅਤੇ ਪੰਜਾਬੀ ਪ੍ਰੇਮੀਆਂ ਦੀ ਸਾਡੀ ਕਮਿਊਨਿਟੀ ਅਤੇ ਮਾਂ ਬੋਲੀ ਪੰਜਾਬੀ ਨੂੰ ਬਹੁਤ ਲੋੜ ਹੈ।ਪਲੀਅ ਵਲੋਂ ਅਸੀਂ ਇਹਨਾਂ ਦਾ ਦਿਲੋਂ ਧੰਨਵਾਦ ਕਰਦੇ ਹਾਂ।

# ਕੈਲੋਨਾ ਵਿੱਚ ਨੌਜਵਾਨਾਂ ਨੇ ਬਣਾਈ ਚਲਦੀ-ਫਿਰਦੀ ਸੋਫਾ-ਗੱਡੀ ਨੇ ਸਭ ਨੂੰ ਹੈਰਾਨ ਕੀਤਾ



ਸਰੀ, (ਏਕਜੋਤ ਸਿੰਘ): ਕੈਲੋਨਾ ਵਿੱਚ ਸ਼ਨੀਵਾਰ ਰਾਤ ਨੂੰ ਇੱਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ ਜਿੱਥੇ 3 ਨੌਜਵਾਨਾਂ ਨੇ 2 ਲਾਈਮ ਸਕੂਟਰਾਂ ਦੀ ਵਰਤੋਂ ਕਰਕੇ ਇੱਕ ਚਲਦਾ-ਫਿਰਦਾ ਸੋਫਾ ਤਿਆਰ ਕਰ ਲਿਆ। ਇਸ ਜੁਗਾੜੂ ਸੋਫੇ ‘ਤੇ ਬੈਠ ਕੇ ਨੌਜਵਾਨਾਂ ਨੇ ਸ਼ਹਿਰ ਦੀਆਂ ਸੜਕਾਂ ‘ਤੇ ਖੂਬ ਸਵਾਰੀ ਕੀਤੀ। ਇਹ ਵਿਲੱਖਣ ਸੋਫਾ-ਮੋਬਾਈਲ ਸ਼ਹਿਰ ਦੇ ਡਾਊਨਟਾਊਨ ਇਲਾਕੇ ਵਿੱਚ ਕਈ ਪ੍ਰਮੁੱਖ ਥਾਵਾਂ ਤੋਂ ਲੰਘਿਆ, ਜਿਸ ਵਿੱਚ ਡੌਲਫਿਨ ਸਟੈਚੂ ਦੇ ਕੋਲ ਕੀਤੀ ਗਈ ਸਵਾਰੀ ਨੇ ਰਾਹਗੀਰਾਂ ਦਾ ਖਾਸ ਧਿਆਨ ਖਿੱਚਿਆ।

ਇਸ ਅਨੋਖੀ ਸਵਾਰੀ ਨੂੰ ਬਾਅਦ ਵਿੱਚ ਕੈਪਰੀ ਮਾਲ ਦੇ ਪਾਰਕਿੰਗ ਖੇਤਰ ਵਿੱਚ ਦੇਖਿਆ ਗਿਆ ਜਿੱਥੇ ਪੁਲਿਸ ਦੀ ਇੱਕ ਗੈਰ-ਨਿਸ਼ਾਨਬੱਧ ਗੱਡੀ ਨੇ ਇਨ੍ਹਾਂ ਨੂੰ ਰੋਕ ਲਿਆ। ਆਰ.ਸੀ.ਐਮ.ਪੀ. ਦੇ ਮੀਡੀਆ ਸਬੰਧ ਅਧਿਕਾਰੀ ਸਟੀਵਨ ਲੈਂਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੇ ਇੱਕ ਮੈਂਬਰ ਨੇ ਇਸ ਗਰੁੱਪ ਨੂੰ ਲਾਈਮ ਸਕੂਟਰਾਂ ਦੀ ਮਦਦ ਨਾਲ ਸੋਫਾ ਚਲਾਉਂਦੇ ਹੋਏ ਦੇਖਿਆ ਸੀ। ਪੁਲਿਸ ਅਧਿਕਾਰੀਆਂ ਨੇ ਤੁਰੰਤ ਕਾਰਵਾਈ ਕਰਦਿਆਂ ਨੌਜਵਾਨਾਂ ਨੂੰ ਰੋਕਿਆ ਅਤੇ ਉਨ੍ਹਾਂ ਨੂੰ ਅਜਿਹੇ ਸਟੰਟਾਂ ਨਾਲ ਜੁੜੇ ਸੰਭਾਵੀ ਖਤਰਿਆਂ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਇਆ। ਪੁਲਿਸ ਦੀ ਸਮਝਾਉਣ ਤੋਂ ਬਾਅਦ ਨੌਜਵਾਨਾਂ ਨੇ ਆਪਣੀ ਗਲਤੀ ਮੰਨ ਲਈ ਅਤੇ ਉਸ ਰਾਤ ਲਈ ਸੋਫੇ ਦੀ ਸਵਾਰੀ ਬੰਦ ਕਰਨ ਦਾ ਫੈਸਲਾ ਕੀਤਾ। ਅਧਿਕਾਰੀਆਂ ਅਨੁਸਾਰ ਭਾਵੇਂ ਇਹ ਗਤੀਵਿਧੀ ਦੇਖਣ ਵਿੱਚ ਮਨੋਰੰਜਕ ਲੱਗ ਸਕਦੀ ਹੈ, ਪਰ ਸੜਕ ਸੁਰੱਖਿਆ ਦੇ ਨਜ਼ਰੀਏ ਤੋਂ ਇਹ ਬੇਹੱਦ ਖਤਰਨਾਕ ਸਾਬਤ ਹੋ ਸਕਦੀ ਹੈ। ਫੈਡਰਲ ਨਿਯਮਾਂ ਅਤੇ ਸਥਾਨਕ ਸੁਰੱਖਿਆ ਕਾਨੂੰਨਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਪੁਲਿਸ ਨੇ ਨੌਜਵਾਨਾਂ ਨੂੰ ਭਵਿੱਖ ਵਿੱਚ ਅਜਿਹੀਆਂ ਲਾਪਰਵਾਹੀਆਂ ਤੋਂ ਬਚਣ ਦੀ ਹਦਾਇਤ ਕੀਤੀ ਹੈ। This report was written by Ekjot Singh as part of the Local Journalism Initiative.

# ਕੈਨੇਡਾ ਦੇ ਸਿੱਖਾਂ ਦੀ ਸਿਆਸਤ

ਭਾਗ - ਤੀਜੀ



ਸੋਹਣ ਸਿੰਘ ਪੂੰਨੀ

ਇਸ ਦੇ ਉੱਲਟ ਦੇਸ਼ ਭਗਤਾਂ ਦੇ ਅਖਬਾਰ 'ਗ਼ਦਰ' ਦੇ ਮੱਥੇ 'ਤੇ ਲਿਖਿਆ ਹੁੰਦਾ ਸੀ, ''ਅੰਗਰੇਜ਼ੀ ਰਾਜ ਦਾ ਜਾਨੀ ਦੁਸ਼ਮਣ।'' ਜ਼ਮੀਨ ਅਸਮਾਨ ਦਾ ਫਰਕ ਸੀ ਸੰਸਾਰੀਆਂ ਅਤੇ ਦੇਸ਼ ਭਗਤਾਂ ਦੀ ਸੋਚ ਵਿੱਚ।

ਕਪੂਰ ਨੇ ਦੋ ਸਾਲ ਟੋਰੰਟੋ ਵਲ ਬਿਤਾਏ। ਇਨ੍ਹਾਂ ਦੋ ਸਾਲਾਂ ਵਿੱਚ ਬੀ.ਸੀ. ਸੂਬੇ ਦੇ ਦੇਸ਼ ਭਗਤ (ਗਦਰੀ) ਹਿੰਦੁਸਤਾਨ ਨੂੰ ਜਾ ਚੁੱਕੇ ਸਨ। ਕੋਈ ਖਤਰਾ ਨਾ ਵੇਖਦਿਆਂ ਕਪੂਰ ਅਕਤੂਬਰ 1916 ਵਿੱਚ ਬੀ. ਸੀ. ਵਿੱਚ ਵਾਪਸ ਆ ਗਿਆ। ਵਾਪਸ ਆ ਕੇ ਕਪੂਰ ਨੇ ਬੀ ਸੀ. ਵਿੱਚ ਲੱਕੜ ਮਿੱਲਾਂ ਦਾ ਬਿਜ਼ਨਸ ਕੀਤਾ। ਸੈਂਕੜੇ ਹਿੰਦੁਸਤਾਨੀ, ਗੋਰੇ, ਜਾਪਾਨੀ, ਚੀਨੇ, ਗਰੀਕ ਤੇ ਹੋਰ ਕੌਮਾਂ ਦੇ ਮਜ਼ਦੂਰ ਕੰਮ ਕਰਦੇ ਸਨ ਉਸ ਲਈ। ਬਹੁਤ ਅਮੀਰ ਬਣ ਗਿਆ ਸੀ ਉਹ। ਹਿੰਦੁਸਤਾਨੀ ਭਾਈਚਾਰੇ ਵਿੱਚ ਸਭ ਤੋਂ ਅਮੀਰ ਸੀ ਹੁਣ ਉਹ। ਭਾਈਚਾਰੇ ਵਿੱਚ ਸਭ ਪਾਸੇ ਕਪੂਰ ਹੀ ਕਪੂਰ ਹੁੰਦੀ ਸੀ। ਖਾਸ ਤੌਰ ਤੇ ਖਾਲਸਾ ਦੀਵਾਨ ਸੁਸਾਇਟੀ ਦੇ ਪਰਧਾਨ ਭਾਈ ਭਗਵਾਨ ਸਿੰਘ ਦੋਸਾਂਝ ਦੇ ਜੈਤੋ ਦੇ ਮੋਰਚੇ ਵਿੱਚ ਜਥਾ ਲੈ ਕੇ ਜਾਣ ਪਿੱਛੋਂ ਤਾਂ ਕਪੂਰ ਹਰ ਪਾਸੇ ਪੂਰੀ ਤਰ੍ਹਾਂ ਛਾ ਗਿਆ ਸੀ। ਢਪਈ ਦਾ ਵਰਿਆਮ ਸਿੰਘ ਜਿਹੜਾ ਟੋਰੰਟੋ ਵਲ ਸੰਸਾਰੀਆ ਨੇ ਕਨੇਡੀਅਨ ਫੌਜ ਵਿੱਚ ਭਰਤੀ ਕਰਵਾਇਆ ਸੀ ਤੇ ਜਿਸ ਦਾ ਵਾਪਸ ਵੈਨਕੂਵਰ ਆਏ ਦਾ ਭਾਈਚਾਰੇ ਨੇ ਬਾਈਕਾਟ ਕੀਤਾ ਸੀ। ਹੁਣ ਓਹੀ ਵਰਿਆਮ ਸਿੰਘ 1926 'ਚ ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦਾ ਪਰਧਾਨ ਸੀ। ਇਹ ਸਾਰਾ ਕੁਛ ਭਾਈਚਾਰੇ ਵਿੱਚ ਕਪੂਰ ਸਿੰਘ ਦੀ 'ਬੱਲੇ ਬੱਲੇ' ਕਰਕੇ ਹੋ ਸਕਿਆ ਸੀ।

ਕਪੂਰ ਸਿੰਘ 1916 ਵਿੱਚ ਬੀ. ਸੀ. ਵਿੱਚ ਵਾਪਸ ਆ ਗਿਆ ਸੀ ਪਰ ਡਾਕਟਰ ਸੁੰਦਰ ਸਿੰਘ ਅਤੇ ਕਰਤਾਰ ਸਿੰਘ ਹੁੰਦਲ ਟੋਰੰਟੋ ਵਲ ਹੀ ਰਹੇ ਸਨ। ਟੋਰੰਟੋ ਵੱਲ 14 ਸਾਲ ਰਹਿ ਕੇ ਦਸੰਬਰ 1928 ਵਿੱਚ ਕਰਤਾਰ ਸਿੰਘ ਹੁੰਦਲ ਟੋਰੰਟੋ ਤੋਂ ਵਾਪਸ ਵੈਨਕੂਵਰ ਆ ਗਿਆ ਸੀ। ਟੋਰੰਟੋ ਵਿੱਚ ਸੰਸਾਰੀਏ ਅੰਗਰੇਜ਼ੀ ਦਾ ਅਖਬਾਰ 'ਕੈਨੇਡਾ ਐਂਡ ਇੰਡੀਆ' ਕੱਢਦੇ ਰਹੇ ਸੀ। ਹੁਣ ਕਰਤਾਰ ਸਿੰਘ ਹੁੰਦਲ ਨੇ ਵਾਪਸ ਆ ਕੇ ਜੂਨ 1929 ਵਿੱਚ ਵੈਨਕੂਵਰ ਤੋਂ ਗੁਰਮੁਖੀ ਤੇ ਅੰਗਰੇਜ਼ੀ ਦਾ ਰਲਵਾਂ ਅਖਬਾਰ 'ਇੰਡੀਆ ਐਂਡ ਕੈਨੇਡਾ' ਕੱਢਿਆ। ਇਸ ਅਖਬਾਰ ਵਿੱਚ ਬਹੁਤੀਆਂ ਖਬਰਾਂ ਗਾਂਧੀ ਜਾਂ ਕਾਂਗਰਸ ਪਾਰਟੀ ਬਾਰੇ ਹੁੰਦੀਆਂ ਸਨ।

ਸੰਸਾਰੀਆਂ ਨੇ 17 ਅਗਸਤ 1930 ਨੂੰ ਐਤਵਾਰ ਵਾਲ਼ੇ ਦਿਨ ਵੈਨਕੂਵਰ ਗੁਰਦੁਆਰੇ ਦੀ ਬੇਸਮੈਂਟ ਵਿੱਚ ਮੀਟਿੰਗ ਕਰ ਕੇ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਦੀ ਸਥਾਪਨਾ ਕੀਤੀ। 'ਇੰਡੀਆ ਐਂਡ ਕੈਨੇਡਾ' ਮੁਤਾਬਕ ਇਸ ਮੀਟਿੰਗ ਵਿੱਚ ਬਾਬੂ ਕਪੂਰ ਸਿੰਘ ਖੜੌਦੀ ਸਰਬ ਸੰਮਤੀ ਨਾਲ਼ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਦੇ ਪਰਧਾਨ ਅਤੇ ਭਾਈ ਗੁਰਦਿੱਤ ਸਿੰਘ ਬਿਲਗਾ ਸਕੱਤਰ ਚੁਣੇ ਗਏ।

ਭਾਈ ਸੁਰੈਣ ਸਿੰਘ ਮੁਹੇਮ ਮੀਤ ਪਰਧਾਨ ਅਤੇ ਕਰਤਾਰ ਸਿੰਘ ਹੁੰਦਲ ਮੀਤ ਸਕੱਤਰ ਬਣਾਏ ਗਏ। ਕਾਰਜ ਸਾਧਕ ਕਮੇਟੀ ਦੇ ਤੇਰਾਂ ਮੈਂਬਰ ਚੁਣੇ ਗਏ।



ਉੱਪਰਲੇ ਚਾਰ ਬੰਦਿਆਂ ਤੋਂ ਇਲਾਵਾ ਇਸ ਕਾਰਜ ਸਾਧਕ ਕਮੇਟੀ ਦੇ ਬਾਕੀ ਦੇ ਨੌਂ ਮੈਂਬਰ ਸਨ: 1. ਗੁਰਬਚਨ ਸਿੰਘ ਟੂਟੋਮਜਾਰਾ, 2. ਭਾਈ ਹਰਬੰਸ ਸਿੰਘ, 3. ਭਾਈ ਬਤਨ ਸਿੰਘ, 4. ਭਾਈ ਸਾਧੂ ਸਿੰਘ, 5. ਭਾਈ ਚੰਨਣ ਸਿੰਘ, 6. ਭਾਈ ਮਿਤ ਸਿੰਘ, 7. ਭਾਈ ਹੀਰਾ ਸਿੰਘ ਢੱਡਾ, 8 . ਭਾਈ ਮੋਹਣ ਸਿੰਘ ਮਾਹਲਪੁਰ, 9. ਭਾਈ ਜੀਵਨ ਸਿੰਘ।

'ਕਨੇਡੀਅਨ ਹਿੰਦੋਸਤਾਨੀ ਕਾਂਗਰਸ' ਦੀ ਸਥਾਪਨਾ ਪਿੱਛੋਂ 1930 ਦੇ ਅਖੀਰ ਵਿੱਚ ਕਰਤਾਰ ਸਿੰਘ ਹੁੰਦਲ ਹੋਰੀਂ 'ਕਾਂਗਰਸ' ਦੇ ਪਰਚਾਰ ਲਈ ਕੈਲੇਫੋਰਨੀਆ ਗਏ। ਉੱਥੇ ਮੈਰਿਸਵਿਲ ਸ਼ਹਿਰ ਵਿੱਚ ਇਨ੍ਹਾਂ ਦੀ ਬੜੇ ਨੰਗਲ ਦੇ ਦਲੀਪ ਸਿੰਘ ਫਾਹਲੇ ਨਾਲ਼ ਗੱਲ ਹੋਈ। ਫਾਹਲੇ ਨੇ ਇਨ੍ਹਾਂ ਨੂੰ ਗਦਰ ਆਸ਼ਰਮ ਵਿੱਚ ਜਾ ਕੇ ਗੱਲ ਕਰਨ ਨੂੰ ਆਖਿਆ। ਗਦਰ ਆਸ਼ਰਮ ਵਿੱਚ ਇਨ੍ਹਾਂ ਨਾਲ਼ ਤੇਜਾ ਸਿੰਘ ਸੁਤੰਤਰ ਨੇ ਗੱਲ ਕੀਤੀ ਜੋ ਕਿ ਦਸੰਬਰ 1929 ਤੋਂ ਜਨਵਰੀ 1931 ਤੱਕ ਅਮਰੀਕਾ ਵਿੱਚ ਸੀ। ਸੁਤੰਤਰ ਨੇ ਕਰਤਾਰ ਸਿੰਘ ਹੋਰਾਂ ਨੂੰ ਆਖਿਆ ਕਿ ਗਦਰ ਪਾਰਟੀ ਦਾ ਕਿਸੇ ਵੀ ਹੋਰ ਜਥੇਬੰਦੀ ਨਾਲ਼ ਕੋਈ ਸੰਬੰਧ ਨਹੀਂ ਜਿਹੜੀ ਕਿ ਗਦਰ ਪਾਰਟੀ ਦੇ ਅਸੂਲਾਂ ਨਾਲ ਸਹਿਮਤ ਨਾ ਹੋਵੇ। ਸੁਤੰਤਰ ਦਾ ਮਤਲਬ ਸਾਫ ਸੀ ਕਿ ਹਥਿਆਰਬੰਦ ਇਨਕਲਾਬ ਵਿੱਚ ਯਕੀਨ ਰੱਖਣ ਵਾਲੀ ਗਦਰ ਪਾਰਟੀ ਕਾਂਗਰਸ ਵਰਗੀ ਜਥੇਬੰਦੀ ਨਾਲ਼ ਸੰਬੰਧ ਰੱਖਣ ਨੂੰ ਤਿਆਰ ਨਹੀਂ ਸੀ। ਬਾਅਦ ਵਿੱਚ ਮੋਗਾ ਜ਼ਿਲ੍ਹੇ 'ਚ ਪੈਂਦੇ ਨਿਹਾਲ ਸਿੰਘ ਵਾਲਾ ਦੇ ਬੱਗਾ ਸਿੰਘ ਧਾਲੀਵਾਲ ਨੇ ਜਨਵਰੀ 1931 'ਚ ਅਮਰੀਕਾ ਤੋਂ ਕਨੇਡਾ ਆ ਕੇ ਲੋਕਾਂ ਨੂੰ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਤੋਂ ਦੂਰ ਰਹਿਣ ਨੂੰ ਆਖਿਆ। ਗਦਰ ਪਾਰਟੀ ਵਾਲਿਆਂ ਅਕਤੂਬਰ 1931 ਚ ਦਲੀਪ ਸਿੰਘ ਫਾਹਲੇ ਨੂੰ ਵੀ ਇਸ ਕੰਮ ਲਈ ਵੈਨਕੂਵਰ ਭੇਜਿਆ। ਪਰ ਇਸ ਵਿੱਚ ਉਨ੍ਹਾਂ ਨੂੰ ਬਹੁਤੀ ਸਫਲਤਾ ਨਾ ਮਿਲ਼ੀ ਕਿਉਂਕ ਇਸ ਵਕਤ ਵੱਡਾ ਮੰਦਵਾੜਾ ਚੱਲ ਰਿਹਾ ਸੀ। ਜੌਬਾਂ ਦੀ ਬੜੀ ਘਾਟ ਸੀ ਤੇ ਬਹੁਤੇ ਸਿੱਖ ਕਪੂਰ ਲਈ ਹੀ ਕੰਮ ਕਰਦੇ ਸਨ। ਕੋਈ ਵੀ ਸਿੱਖ ਕਪੂਰ ਸਿੰਘ ਨਾਲ ਵਿਗਾੜਨੀ ਨਹੀਂ ਸੀ ਚਾਹੁੰਦਾ। ਦਰਅਸਲ ਗਦਰੀਆਂ ਦੇ ਕਨੇਡਾ ਛੱਡ ਜਾਣ ਪਿੱਛੋਂ ਹੁਸੈਨ ਰਹੀਮ ਅਤੇ ਸੋਹਣ ਲਾਲ ਵਰਗੇ ਗਰਮ ਖਿਆਲੀ ਵੀ ਕਪੂਰ ਸਿੰਘ ਵਰਗੇ ਧਨੀ ਸੰਸਾਰੀਆਂ ਦੇ ਨੇੜੇ ਹੋ ਬਹਿੰਦੇ ਸਨ।

ਅਕਤੂਬਰ 1930 ਵਿੱਚ ਭਗਤ ਸਿੰਘ ਹੋਰਾਂ ਨੂੰ ਫਾਂਸੀ ਦਾ ਹੋ ਹੁਕਮ ਹੋ ਗਿਆ ਸੀ॥ ਭਗਤ ਸਿੰਘ ਹੋਰਾਂ ਦੇ ਬਚਾਓ ਲਈ ਬਣੀ ਡਿਫੈਂਸ ਕਮੇਟੀ ਫਾਂਸੀ ਦੀ ਇਸ ਸਜ਼ਾ ਵਿਰੁੱਧ ਲੰਡਨ ਵਿੱਚਲੀ ਪ੍ਰਿਵੀ ਕੌਂਸਲ ਕੋਲ਼ ਅਪੀਲ ਕਰਨਾ ਚਾਹੁੰਦੀ ਸੀ॥ ਅਪੀਲ ਕਰਨ ਵਾਸਤੇ ਪੈਸੇ ਚਾਹੀਦੇ ਸਨ। ਡਿਫੈਂਸ ਕਮੇਟੀ ਵਾਲ਼ਿਆਂ ਪੈਸਿਆਂ ਵਾਸਤੇ ਕਨੇਡਾ ਦੀ ਹਿੰਦੁਸਤਾਨੀ ਕਮਿਊਮਿਟੀ ਨੂੰ ਅਪੀਲ ਕੀਤੀ। ਕਨੇਡਾ ਦੀ ਸਿੱਖ ਕਮਿਊਨਿਟੀ ਨੇ ਹਜ਼ਾਰਾਂ ਡਾਲਰ ਇਕੱਠੇ ਕਰਕੇ ਭਗਤ ਸਿੰਘ ਹੋਰਾਂ ਦੀ ਅਪੀਲ ਵਾਸਤੇ ਭੇਜੇ। ਇਹ ਸਾਰੇ ਪੈਸੇ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ਿਆਂ ਇਕੱਠੇ ਕਰਕੇ ਭੇਜੇ ਸਨ। 'ਵੈਕੂਵਰ ਮੇਨਲੈਂਡ ਅਤੇ 'ਵੈਨਕੂਵਰ ਆਈਲੈਂਡਜ਼' ਉੱਤੇ ਜੱਥਿਆਂ ਦੇ ਜੱਥੇ ਉਗਰਾਹੀ ਵਾਸਤੇ ਘੁੰਮ ਰਹੇ ਸਨ। ਲੋਕਾਂ ਵਿੱਚ ਉਸੇ ਕਿਸਮ ਦਾ ਜੋਸ਼ ਤੇ ਰੋਹ ਸੀ ਜਿਸ ਤਰ੍ਹਾਂ ਦਾ 'ਕਾਮਾਗਾਟਾ ਮਾਰੂ' ਦੇ ਦਿਨਾਂ ਵਿੱਚ ਸੀ।

ਇਹ ਤਾਂ ਸੱਚ ਹੈ ਕਿ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ਿਆਂ ਭਗਤ ਸਿੰਘ ਹੋਰਾਂ ਦੀ ਅਪੀਲ ਵਾਸਤੇ ਕਨੇਡਾ ਵਿੱਚ ਪੈਸੇ ਇਕੱਠੇ ਕੀਤੇ। ਪਰ ਸਵਾਲ ਪੈਦਾ ਹੁੰਦਾ ਹੈ ਕਿ ਸ਼ਾਂਤੀ ਵਿੱਚ ਯਕੀਨ ਰੱਖਣ ਵਾਲ਼ੀ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ਿਆਂ ਭਗਤ ਸਿੰਘ ਹੋਰਾਂ ਵਰਗੇ ਇਨਕਲਾਬੀਆਂ ਨੂੰ ਬਚਾਉਣ ਲਈ ਪੈਸੇ ਇਕੱਠੇ ਕਿਉਂ ਕੀਤੇ? ਇਸ ਬਾਰੇ ਅਸੀਂ ਯਕੀਨ ਨਾਲ ਕੁਛ ਨਹੀਂ ਕਹਿ ਸਕਦੇ।

ਪਰ ਸਾਡੇ ਖਿਆਲ ਵਿੱਚ ਤਿੰਨ ਕਾਰਨ ਹੋ ਸਕਦੇ ਹਨ। ਪਹਿਲਾ ਕਾਰਨ: ਹੋ ਸਕਦਾ ਹੈ ਕਿ ਕਪੂਰ ਤੇ ਕਰਤਾਰ ਸਿੰਘ ਹੁੰਦਲ ਹੋਰੀਂ ਸੱਚ-ਮੁੱਚ ਭਗਤ ਸਿੰਘ ਹੋਰਾਂ ਨੂੰ ਬਚਾਇਆ ਚਾਹੁੰਦੇ ਹੋਣ। ਕਾਂਗਰਸ ਦੇ ਆਮ ਵਰਕਰ ਤਾਂ ਚੰਗੇ ਸਨ। ਦੂਸਰਾ ਕਾਰਨ: ਡਿਫੈਂਸ ਕਮੇਟੀ ਦੀ ਮੈਂਬਰ ਲਾਲਾ ਲਾਜਪਤ ਰਾਏ ਦੀ ਧੀ ਪਾਰਬਤੀ ਦੇਵੀ ਅਤੇ ਉਨ੍ਹਾਂ ਦੀ ਸਾਥਣ ਲੱਜਿਆ ਦੇਵੀ ਸਨ। ਉਨ੍ਹਾਂ ਵਲੋਂ ਆਈ ਬੇਨਤੀ ਨੂੰ ' ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਨੂੰ ਮੰਨਣਾ ਹੀ ਪੈਣਾ ਸੀ। ਤੀਸਰਾ ਕਾਰਨ: ਕੁਛ ਲੋਕਾਂ ਦਾ ਖਿਆਲ ਹੈ ਕਿ ਕਨੇਡਾ ਦੇ ਬਹੁਤੇ ਸਿੱਖ ਭਗਤ ਸਿੰਘ ਹੋਰਾਂ ਨਾਲ਼ ਹਮਦਰਦੀ ਰੱਖਦੇ ਸਨ। 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ੇ ਇਨ੍ਹਾਂ ਲੋਕਾਂ ਵਿੱਚ ਆਪਣਾ ਅਸਰ-ਰਸੂਖ ਬਣਾਈ ਰੱਖਣ ਲਈ ਇਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਦੇ ਵਿਰੁੱਧ ਨਹੀਂ ਸੀ ਜਾ ਸਕਦੇ। ਕਾਰਨ ਕੁਛ ਵੀ ਹੋਵੇ ਪਰ ਇਹ ਸਚਾਈ ਹੈ ਕਿ ਭਗਤ ਸਿੰਘ ਹੋਰਾਂ ਨੂੰ ਬਚਾਉਣ ਲਈ 'ਕਨੇਡੀਅਨ ਹਿੰਦੁਸਤਾਨੀ ਕਾਂਗਰਸ' ਵਾਲ਼ਿਆਂ ਕਨੇਡਾ 'ਚੋਂ ਹਜ਼ਾਰਾਂ ਡਾਲਰ ਇਕੱਠੇ ਕਰਕੇ ਭੇਜੇ ਸਨ (ਅਕਤੂਬਰ, ਨਵੰਬਰ 1930 ਦੇ 'ਇੰਡੀਆ ਐਂਡ ਕੈਨੇਡਾ' ਦੇ ਅੰਕ ਜਿਨ੍ਹਾਂ ਵਿੱਚ ਕੀਤੀ ਉਗਰਾਹੀ ਦਾ ਵੇਰਵਾ ਹੈ, ਲੇਖਕ ਪਾਸ ਹਨ)।

ਦੂਜਾ ਸੰਸਾਰ ਯੁੱਧ ਹੋਣ ਵੇਲੇ ਬਹੁਤ ਸਾਰੇ ਸਿਖ ਕਨੇਡਾ ਵਿੱਚ ਗੈਰ-ਕਾਨੂੰਨੀ ਢੰਗ ਨਾਲ਼ ਰਹਿ ਰਹੇ ਸਨ। ਇਨ੍ਹਾਂ ਦੇ ਸਿਰ 'ਤੇ ਹਰ ਵੇਲੇ ਡੀਪੋਰਟੇਸ਼ਨ ਦੀ ਤਲਵਾਰ ਲਟਕਦੀ ਰਹਿੰਦੀ ਸੀ। ਵੈਨਕੂਵਰ ਦੇ ਸਿੱਖ ਇਨ੍ਹਾਂ ਨੂੰ 'ਪੱਕੇ' ਕਰਵਾਉਣ ਲਈ ਕਨੇਡੀਅਨ ਸਰਕਾਰ ਦੀਆਂ ਮਿੰਨਤਾਂ ਕਰ ਕਰ ਥੱਕ ਚੁੱਕੇ ਸਨ। ਬਰਨਬੀ ਦੀ ਸਾਈਮਨ ਫਰੇਜ਼ਰ ਯੂਨੀਵਰਸਿਟੀ ਤੋਂ ਰੀਟਾਇਰਡ ਹਿਸਟਰੀ ਦੇ ਪ੍ਰੋਫੈਸਰ ਡਾਕਟਰ ਹਿਊ ਜੌਹਨਸਟਨ ਆਪਣੀ ਕਿਤਾਬ 'ਜਿਊਲ ਆਫ ਦਾ ਕਿਲਾ' ਦੇ ਪੰਨਾ 144 'ਤੇ ਲਿਖਦੇ ਨੇ ਕਿ ਦੂਜਾ ਸੰਸਾਰ ਯੁੱਧ ਸ਼ੁਰੂ ਹੋਣ ਵੇਲੇ ਕਨੇਡੀਅਨ ਸਰਕਾਰ {ਜਿਹੜੀ ਕਿ ਬਰਤਾਨਵੀ ਹਿਤਾਂ ਦੀ ਰਾਖੀ ਕਰਨਾ ਆਪਣਾ ਪਵਿੱਤਰ ਫਰਜ਼ ਸਮਝਦੀ ਸੀ} ਨਹੀਂ ਸੀ ਚਾਹੁੰਦੀ ਕਿ ਸਿੱਖ ਪਹਿਲੇ ਸੰਸਾਰ ਯੁੱਧ ਵਾਂਗ ਬਰਤਾਨੀਆਂ ਲਈ ਕੋਈ ਮੁਸ਼ਕਿਲ ਖੜ੍ਹੀ ਕਰਨ। ਇਸ ਲਈ ਕਨੇਡੀਅਨ ਸਰਕਾਰ ਸਿੱਖਾਂ ਨੂੰ ਖੁਸ਼ ਕਰਨ ਲਈ ਇਨ੍ਹਾਂ ਗੈਰ-ਕਾਨੂੰਨੀ ਇਮੀਗ੍ਰੈਂਟਾਂ ਨੂੰ 'ਪੱਕੇ' ਕਰਨ ਲਈ ਤਿਆਰ ਸੀ। ਇਸ ਮੌਕੇ ਸਰਕਾਰ ਨੇ ਵਕੀਲ ਡੀ. ਪੀ. ਪਾਂਡੀਆ, ਜਿਹੜਾ ਕਿ 'ਥੀਓਸੋਫੀਕਲ ਸੁਸਾਇਟੀ' ਨੇ ਕਨੇਡਾ ਭੇਜਿਆ ਸੀ, ਨੂੰ ਵਰਤਿਆ। ਕਪੂਰ ਅਤੇ ਮੇਓ ਸਿੰਘ ਨੇ ਆਪਣੇ ਕੋਲੋਂ ਬਹੁਤ ਸਾਰੇ ਪੈਸੇ ਖਰਚ ਕੇ ਉਹਨੂੰ ਔਟਵਾ ਭੇਜਿਆ। ਸਰਕਾਰ ਨੇ ਸਿੱਖਾਂ ਨੂੰ ਖੁਸ਼ ਕਰਨ ਲਈ ਪਾਂਡੀਏ ਰਾਹੀਂ ਸੈਂਕੜੇ ਗੈਰ ਕਾਨੂੰਨੀ ਹਿੰਦੁਸਤਾਨੀ ਇਮੀਗਰੈਂਟ 'ਪੱਕੇ' ਕਰ ਦਿੱਤੇ (ਹੋਰ ਪਾਂਡੀਏ ਕੋਲ਼ ਕਿਹੜੀ ਜਾਦੂ ਦੀ ਛੜੀ ਸੀ? ਸਾਧੂ ਸਿੰਘ ਧਾਮੀ ਅਤੇ ਅਨੂਪ ਸਿੰਘ ਢਿੱਲੋਂ 1938 ਵਿੱਚ ਔਟਵਾ ਜਾ ਕੇ ਜ਼ੋਰ ਲਾ ਆਏ ਸੀ ਪਰ ਸਰਕਾਰ ਟੱਸ ਤੋਂ ਮੱਸ ਨਹੀਂ ਸੀ ਹੋਈ)। ਇਸ ਨਾਲ਼ ਸੰਸਾਰੀਆਂ ਦਾ ਵਕਾਰ ਕਮਿਊਨਿਟੀ ਵਿੱਚ ਹੋਰ ਵਧਿਆ।

ਭਹੁਤ ਸਾਰੇ ਇਤਿਹਾਸਕਾਰ ਕਲੇਮ ਕਰਦੇ ਨੇ ਕਿ ਸੰਸਾਰੀਆਂ ਨੇ ਪਾਂਡੀਏ ਰਾਹੀਂ ਹਿੰਦੁਸਤਾਨੀਆ ਨੂੰ ਕਨੇਡਾ ਵਿੱਚ ਵੋਟ ਦਾ ਹੱਕ ਲੈ ਕੇ ਦਿੱਤਾ ਸੀ। ਇਹ ਗੱਲ ਦਰੁਸਤ ਨਹੀਂ। ਦਰਅਸਲ ਜਦੋਂ ਵੋਟ ਦੇ ਹੱਕ ਲਈ ਸੰਘਰਸ਼ ਸਿਖਰਾਂ ਉੱਤੇ ਸੀ ਉਦੋਂ ਪਾਂਡੀਆ ਕਨੇਡਾ ਵਿੱਚ ਹੀ ਨਹੀਂ ਸੀ। ਇਸੇ ਲਈ 1942 ਤੋਂ ਲੈ ਕੇ 1945 ਤੱਕ ਜਿਹੜੇ ਵੀ ਡੈਪੂਟੇਸ਼ਨ ਵਿਕਟੋਰੀਆ ਨੂੰ ਗਏ ਸਨ ਪਾਂਡੀਆ ਇਨ੍ਹਾਂ ਵਿੱਚ ਸ਼ਾਮਲ ਨਹੀਂ ਸੀ (ਸੁਖਵੰਤ ਹੁੰਦਲ ਤੇ ਸਾਧੂ ਬਿੰਨਿੰਗ ਦੀ ਕਿਤਾਬ 'ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਵੇਂ ਲਿਆ')। ਸਚਾਈ ਇਹ ਹੈ ਕਿ ਵੋਟ ਦੇ ਹੱਕ ਲਈ ਸਾਰੇ ਦਾ ਸਾਰਾ ਸੰਘਰਸ਼ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸਕੱਤਰ ਨਗਿੰਦਰ ਸਿੰਘ ਗਿੱਲ (ਚੂਹੜਚੱਕ), ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਅਤੇ ਲੱਕੜ ਮਿੱਲਾਂ ਦੀ ਯੂਨੀਅਨ (ਆਈ. ਡਬਲਯੂ. ਏ.) ਨਾਲ਼ ਸੰਬੰਧਿਤ ਹੈਰਲਡ ਪਰਿਚਟ ਦੀ ਅਗਵਾਈ ਵਿੱਚ ਲੜਿਆ ਗਿਆ ਸੀ। ਪਾਂਡੀਆ 1 ਨਵੰਬਰ 1946 ਵਾਲ਼ੇ ਡੈਪੂਟੇਸ਼ਨ ਵਿੱਚ ਜ਼ਰੂਰ ਸ਼ਾਮਲ਼ ਸੀ। ਪਰ ਉਦੋਂ ਤੱਕ ਖਾਲਸਾ ਦੀਵਾਨ ਵੈਨਕੂਵਰ ਦੇ ਸਕੱਤਰ ਨਗਿੰਦਰ ਸਿੰਘ ਗਿੱਲ ਹੋਰੀਂ ਮੋਰਚਾ ਜਿੱਤ ਲਿਆ ਸੀ। - ਚਲਦਾ

# ਸਰਵੇਲੈਂਸ ਪ੍ਰਾਈਸਿੰਗ ਬੰਦ ਕਰੋ



ਲੇਖਕ: ਜੈਨੀ ਕਵਾਨ,
ਪਾਰਲੀਮੈਂਟ ਮੈਂਬਰ (ਐਨ ਡੀ ਪੀ)

ਅੰਗਰੇਜ਼ੀ ਤੋਂ ਅਨੁਵਾਦ: ਸੁਖਵੰਤ ਹੁੰਦਲ



(ਔਟਾਵਾ ਤੋਂ ਨਿਕਲਦੇ ਅਖਬਾਰ 'ਦੀ ਹਿੱਲ ਟਾਈਮਜ਼' ਦੇ 4 ਮਈ 2026 ਦੇ ਅੰਕ ਵਿੱਚ ਐਨ ਡੀ ਪੀ ਦੀ ਐਮ ਪੀ ਜੈਨੀ ਕਵਾਨ ਨੇ ਇਕ ਛੋਟਾ ਜਿਹਾ ਆਰਟੀਕਲ ਲਿਖਿਆ ਹੈ, ਜਿਸ ਵਿੱਚ ਉਸ ਨੇ ਕਿਹਾ ਹੈ ਕਿ ਵੱਡੇ ਗਰੋਸਰੀ ਸਟੋਰ ਗਾਹਕਾਂ ਦੀ ਨਿੱਜੀ ਜਾਣਕਾਰੀ ਅਤੇ ਖਰੀਦਦਾਰੀ ਦੇ ਇਤਿਹਾਸ ਨੂੰ ਅਧਾਰ ਬਣਾ ਕੇ ਵੱਖ ਵੱਖ ਗਾਹਕਾਂ ਤੋਂ ਇਕ ਹੀ ਵਸਤ ਦੀਆਂ ਵੱਖ ਵੱਖ ਕੀਮਤਾਂ ਵਸੂਲ ਕਰਦੇ ਹਨ। ਮੇਰੇ ਖਿਆਲ ਵਿੱਚ ਇਹ ਵਰਤਾਰਾ ਸਰਵੇਲੈਂਸ ਕੈਪਟਲਿਜ਼ਮ (ਨਿਗਰਾਨੀ ਅਧਾਰਤ ਪੂੰਜੀਵਾਦ) ਦਾ ਹੀ ਇਕ ਹਿੱਸਾ ਹੈ। ਪੰਜਾਬੀ ਪਾਠਕਾਂ ਲਈ ਜੈਨੀ ਕਵਾਨ ਦੇ ਆਰਟੀਕਲ ਦਾ ਪੰਜਾਬੀ ਅਨੁਵਾਦ ਪੇਸ਼ ਹੈ।-ਅਨੁਵਾਦਕ)

ਕੈਨੇਡੀਅਨ ਲੋਕਾਂ ਨਾਲ ਚੈੱਕਆਊਟ (ਕੈਸ਼ੀਅਰ ਕਾਊਂਟਰ) 'ਤੇ ਲਗਾਤਾਰ ਠੱਗੀ ਮਾਰੀ ਜਾ ਰਹੀ ਹੈ—ਅਤੇ ਬਹੁਤਿਆਂ ਨੂੰ ਪਤਾ ਵੀ ਨਹੀਂ ਕਿ ਕਿਵੇਂ। ਕੰਮਕਾਜੀ ਕੈਨੇਡੀਅਨ ਲੋਕਾਂ ਅਤੇ ਸਥਿਰ ਆਮਦਨ 'ਤੇ ਗੁਜ਼ਾਰਾ ਕਰ ਰਹੇ ਬਜ਼ੁਰਗਾਂ ਨੂੰ ਧੋਖਾ ਦੇਣ ਲਈ ਤਕਨੀਕੀ ਅਰਬਪਤੀ (ਟੈਕ ਬਿਲੀਅਨਿਅਰ) ਗਰੋਸਰੀ ਸਟੋਰਾਂ ਦੇ ਮਾਲਕਾਂ ਨਾਲ ਰਲ ਕੇ ਸਾਜ਼ਿਸ਼ ਕਰ ਰਹੇ ਹਨ। ਜਦੋਂ ਪਰਿਵਾਰ ਗਰੋਸਰੀ ਦੇ ਬਿੱਲਾਂ ਅਤੇ ਘਰਾਂ ਦੇ ਕਿਰਾਏ ਅਦਾ ਕਰਨ ਲਈ ਜੱਦੋਜਹਿਦ ਕਰ ਰਹੇ ਹਨ, ਉਸ ਸਮੇਂ ਰੀਟੇਲਰ (ਪਰਚੂਨ ਵਿਕਰੇਤਾ) ਚੁੱਪ ਚਾਪ 'ਸਰਵੇਲੈਂਸ ਪ੍ਰਾਈਸਿੰਗ' ਭਾਵ ਨਿਗਰਾਨੀ ਦੇ ਅਧਾਰ 'ਤੇ ਕੀਮਤਾਂ ਨਿਰਧਾਰਤ ਕਰਨ ਵਾਲਾ ਇਕ ਨਵਾਂ ਹਥਿਆਰ ਵਰਤ ਰਹੇ ਹਨ। ਤੁਹਾਡਾ ਫ਼ੋਨ, ਤੁਹਾਡੀ ਬ੍ਰਾਊਜ਼ਿੰਗ ਹਿਸਟਰੀ, ਤੁਹਾਡੀ ਪੋਸਟਲ ਕੋਡ, ਤੁਹਾਡੀਆਂ ਪਿਛਲੀਆਂ ਖਰੀਦਾਂ—ਇਹ ਸਭ ਕੁਝ ਐਲਗੋਰਿਦਮਾਂ ਵਿੱਚ ਪਾਇਆ ਜਾਂਦਾ ਹੈ, ਜੋ ਸਿਰਫ ਕਿਸੇ ਵਸਤ (ਪ੍ਰੋਡਕਟ) ਦੀ ਕੀਮਤ ਹੀ ਨਹੀਂ ਮਿੱਥਦੇ ਸਗੋਂ ਇਹ ਵੀ ਦੇਖਦੇ ਹਨ ਕਿ ਤੁਸੀਂ ਖ਼ੁਦ ਕਿੰਨੀ ਕੀਮਤ ਅਦਾ ਕਰਨ ਨੂੰ ਤਿਆਰ ਹੋ ਸਕਦੇ ਹੋ। ਈਮਾਨਦਾਰੀ ਨਾਲ ਇਹ ਕੈਨੇਡੀਅਨ ਲੋਕਾਂ ਲਈ ਇਕ ਬੀਮਾਰ, ਭ੍ਰਿਸ਼ਟ ਅਤੇ ਅਣਉਚਿਤ ਗੱਲ ਹੈ।

ਹੋ ਸਕਦਾ ਹੈ ਕਿ ਕ੍ਰੈਕਰਾਂ ਦਾ ਇੱਕੋ ਬਕਸਾ ਖਰੀਦਣ ਵਾਲੇ ਦੋ ਵਿਅਕਤੀ ਉਸ ਲਈ ਵੱਖ ਵੱਖ ਕੀਮਤਾਂ ਅਦਾ ਕਰਨ। ਇਹ ਸਿਰਫ ਇਸ ਗੱਲ 'ਤੇ ਨਿਰਭਰ ਹੈ ਕਿ ਕੰਪਿਊਟਰ ਕੀ ਸੋਚਦਾ ਹੈ ਕਿ ਉਹ ਉਨ੍ਹਾਂ ਵਿੱਚੋਂ ਹਰ ਇਕ ਤੋਂ ਕਿੰਨੀ ਵਸੂਲੀ ਕਰ ਸਕਦਾ ਹੈ। ਇਹ ਕੋਈ ਦੂਰ ਭਵਿੱਖ ਵਿੱਚ ਹੋਣ ਵਾਲਾ ਬਦਸੂਰਤ ਭਵਿੱਖ (ਡਿਸਟੋਪੀਅਨ ਸਿਨੈਰੀਓ) ਨਹੀਂ ਹੈ। ਇਹ ਹੁਣ, ਇਸ ਸਮੇਂ ਵਾਪਰ ਰਿਹਾ ਹੈ। ਅਤੇ ਇਸ 'ਤੇ ਸਾਨੂੰ ਸਾਰਿਆਂ ਨੂੰ ਗੁੱਸਾ ਆਉਣਾ ਚਾਹੀਦਾ ਹੈ।

ਦੇਸ਼ ਭਰ ਵਿੱਚ ਗਰੋਸਰੀ ਅਤੇ ਰੀਟੇਲ ਸੈਕਟਰ ਵਿੱਚ ਕੰਮ ਕਰਨ ਵਾਲੇ ਹਜ਼ਾਰਾਂ ਵਰਕਾਰਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਯੂਨੀਅਨ (UFCW) ਨੇ ਪਹਿਲਾਂ ਹੀ ਖਤਰੇ ਦੀ ਘੰਟੀ ਵਜਾ ਦਿੱਤੀ ਹੈ। ਇਸ ਦੇ ਮੈਂਬਰ ਬਿਨਾਂ ਕਿਸੇ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਗਾਹਕਾਂ ਤੋਂ ਵੱਧ ਤੋਂ ਵੱਧ ਵਸੂਲੀ ਕਰਨ ਲਈ ਤਿਆਰ ਕੀਤੇ ਇਨ ਰੀਅਲ ਟਾਈਮ-ਪ੍ਰਾਈਸਿੰਗ ਇਨਫ੍ਰਾਸਟ੍ਰਕਚਰ ਦੇ ਪ੍ਰਬੰਧ ਨੂੰ ਲਾਗੂ ਹੁੰਦਾ ਦੇਖ ਰਹੇ ਹਨ। (ਇਨ ਰੀਅਲ ਟਾਈਮ-ਪ੍ਰਾਈਸਿੰਗ ਇਨਫ੍ਰਾਸਟ੍ਰਕਚਰ ਇਕ ਅਜਿਹਾ ਬੁਨਿਆਦੀ ਢਾਂਚਾ ਹੈ ਜੋ ਕੰਪਨੀਆਂ ਨੂੰ ਮਾਰਕੀਟ ਦੀਆਂ ਹਾਲਤਾਂ ਅਨੁਸਾਰ ਕੀਮਤਾਂ ਵਿੱਚ ਤਬਦੀਲੀ ਕਰਨ ਦੇ ਯੋਗ ਬਣਾਉਂਦਾ ਹੈ - ਅਨੁਵਾਦਕ) ਇਹ ਕੰਪਨੀਆਂ ਸੋਚਦੀਆਂ ਹਨ ਕਿ ਜੇ ਸਰਕਾਰ ਨਜ਼ਰ-ਅੰਦਾਜ਼ ਕਰਨ ਨੂੰ ਤਿਆਰ ਹੈ ਤਾਂ ਉਹ ਜੋ ਮਰਜ਼ੀ ਕਰ ਸਕਦੀਆਂ ਹਨ।

ਜ਼ਰਾ ਸੋਚੋ ਕਿ ਇਹ ਖਰੀਦਦਾਰੀ ਦੀ ਬੁਨਿਆਦੀ ਧਾਰਨਾ ਨਾਲ ਕੀ ਕਰਦਾ ਹੈ। ਜੇ ਕੀਮਤ ਇਸ ਗੱਲ 'ਤੇ ਬਦਲਦੀ ਹੈ ਕਿ ਕੌਣ ਖ੍ਰੀਦ ਰਿਹਾ ਹੈ ਤਾਂ ਤੁਸੀਂ ਵੱਖ ਵੱਖ ਥਾਂਵਾਂ 'ਤੇ ਕੀਮਤਾਂ ਦਾ ਮੁਕਾਬਲਾ ਕਰਕੇ ਖਰੀਦਦਾਰੀ ਨਹੀਂ ਕਰ ਸਕਦੇ। ਜੇ ਸ਼ੈਲਫ 'ਤੇ ਲਿਖੇ ਨੰਬਰ ਕਲਾਊਡ ਵਿੱਚ ਮੌਜੂਦ ਤੁਹਾਡੇ ਡੈਟਾ ਪ੍ਰੋਫਾਈਲ ਦੇ ਆਧਾਰ 'ਤੇ ਬਦਲਦੇ ਰਹਿਣ ਤਾਂ ਤੁਸੀਂ ਜਾਣਕਾਰੀ ਅਧਾਰਤ ਫੈਸਲੇ (ਇਨਫੌਰਮਡ ਡਿਸੀਜ਼ਨ) ਨਹੀਂ ਲੈ ਸਕਦੇ। ਮਾਰਕੀਟ ਨੂੰ ਕਾਇਮ ਰੱਖਣ ਵਾਲਾ ਬੁਨਿਆਦੀ ਭਰੋਸਾ ਖਤਮ ਹੋਣਾ ਸ਼ੁਰੂ ਹੋ ਜਾਂਦਾ ਹੈ।

ਕੰਮਕਾਜੀ ਪਰਿਵਾਰਾਂ, ਸਥਿਰ ਆਮਦਨ ਵਾਲੇ ਬਜ਼ੁਰਗਾਂ, ਪੇਂਡੂ ਜਾਂ ਘੱਟ-ਸੇਵਾਵਾਂ ਵਾਲੇ ਭਾਈਚਾਰਿਆਂ ਦੇ ਲੋਕਾਂ— ਐਲਗੋਰਿਦਮ ਜਿਹਨਾਂ ਲੋਕਾਂ ਦੀ ਵੀ ਘੱਟ ਚੋਣਾਂ ਵਾਲੇ ਲੋਕਾਂ ਵਜੋਂ ਪਛਾਣ ਕਰੇ- ਦਾ ਸ਼ੋਸ਼ਣ ਕੀਤਾ ਜਾਵੇਗਾ। ਇਹ ਕੋਈ ਮਾਰਕੀਟ ਨਹੀਂ ਹੈ— ਸਗੋਂ ਕੀਮਤਾਂ ਦੇ ਸੰਬੰਧ ਵਿੱਚ ਸਿੱਧੀ-ਸਾਦੀ ਠੱਗੀ (pirce gouigng) ਹੈ। ਜੇ ਕੈਨੇਡੀਅਨ ਲੋਕਾਂ ਨੂੰ ਪਤਾ ਹੋਵੇ ਕਿ ਇਹ ਹੋ ਰਿਹਾ ਹੈ, ਤਾਂ ਉਹ ਇਸ ਨੂੰ ਰੱਦ ਕਰਨਗੇ।

ਪ੍ਰੀਮੀਅਰ ਵੈਬ ਕਿਨਿਊ ਦੀ ਅਗਵਾਈ ਵਾਲੀ ਮੈਨੀਟੋਬਾ ਦੀ ਐਨ ਡੀ ਪੀ ਸਰਕਾਰ ਪਹਿਲਾਂ ਹੀ ਇਹਨਾਂ ਅਮਲਾਂ ਨੂੰ ਬੈਨ ਕਰਨ ਲਈ ਅੱਗੇ ਵੱਧ ਚੁੱਕੀ ਹੈ। ਮੈਨੀਟੋਬਾ ਕੈਨੇਡਾ ਵਿੱਚ ਅਜਿਹਾ ਕਰਨ ਵਾਲਾ ਪਹਿਲਾ ਸੂਬਾ ਹੈ। ਅਮਰੀਕਾ ਅਤੇ ਯੂਰਪ ਵਿਚਲੇ ਕਾਨੂੰਨ ਬਣਾਉਣ ਵਾਲੇ ਵੀ ਇਸ ਤਰ੍ਹਾਂ ਦੇ ਉਪਾਵਾਂ 'ਤੇ ਗੌਰ ਕਰ ਰਹੇ ਹਨ। ਇੱਥੋਂ ਦੇ ਕੰਪੀਟੀਸ਼ਨ ਬਿਊਰੋ ਨੂੰ ਵੀ ਇਸ ਵੱਲ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ।

ਐਨ ਡੀ ਪੀ ਦਾ ਮੰਨਣਾ ਹੈ ਕਿ ਇਸ ਤੋਂ ਪਹਿਲਾਂ ਕਿ ਇਹ ਨਵਾਂ ਮਿਆਰ ਆਮ (new normal) ਬਣ ਜਾਵੇ, ਔਟਾਵਾ ਨੂੰ ਇਸ ਬਾਰੇ ਕਾਰਵਾਈ ਕਰਨੀ ਚਾਹੀਦੀ ਹੈ। ਇਸ ਲਈ ਸਾਡੇ ਨਵੇਂ ਲੀਡਰ, ਅਵੀ ਲੂਈਸ ਨੇ ਫੈਡਰਲ ਸਰਕਾਰ ਨੂੰ ਸਰਵੇਲੈਂਸ ਪ੍ਰਾਈਸਿੰਗ (ਨਿਗਰਾਨੀ ਅਧਾਰਤ ਕੀਮਤਾਂ ਨਿਰਧਾਰਤ ਕਰਨ ਦੇ ਅਮਲ) 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ, ਭਾਵੇਂ ਇਹ ਔਨਲਾਈਨ ਹੋਵੇ ਜਾਂ ਇੱਟਾਂ-ਸੀਮੈਂਟ ਨਾਲ ਬਣੇ ਸਟੋਰਾਂ ਵਿੱਚ। ਜੇ ਸਰਕਾਰ ਨੇ ਤੁਰੰਤ ਕਾਰਵਾਈ ਨਾ ਕੀਤੀ , ਤਾਂ ਇਸ ਬਾਰੇ ਕੁਝ ਵੀ ਕਰਨ ਵਿੱਚ ਬਹੁਤ ਦੇਰ ਹੋ ਜਾਵੇਗੀ।

ਇਹ ਤਕਨਾਲੋਜੀ ਦਾ ਵਿਰੋਧ ਕਰਨ ਦੀ ਗੱਲ ਨਹੀਂ ਹੈ। ਇਹ ਇੱਕ ਸਪੱਸ਼ਟ ਹੱਦ ਨਿਰਧਾਰਤ ਕਰਨ ਦੀ ਗੱਲ ਹੈ: ਨਿੱਜੀ ਡੈਟੇ ਦੀ ਵਰਤੋਂ ਉਹਨਾਂ ਲੋਕਾਂ ਤੋਂ ਵੱਧ ਤੋਂ ਵੱਧ ਪੈਸੇ ਕੱਢਵਾਉਣ ਲਈ ਨਹੀਂ ਕੀਤੀ ਜਾਣੀ ਚਾਹੀਦੀ, ਜੋ ਪਹਿਲਾਂ ਹੀ ਬਹੁਤ ਤੰਗ ਹਨ। ਕੈਨੇਡੀਅਨ ਇਸ ਗੱਲ ਦੇ ਹੱਕਦਾਰ ਹਨ ਕਿ ਜਿਹੜੀ ਕੀਮਤ ਟੈਗ 'ਤੇ ਲਿਖੀ ਹੋਈ ਹੈ, ਸਾਰੇ ਉਹ ਹੀ ਅਦਾ ਕਰਨ। ਨਾ ਕਿ ਕਲਾਊਡ ਵਿੱਚ ਪਏ ਆਪਣੇ ਡੈਟੇ ਅਤੇ ਕ੍ਰੈਡਿਟ ਹਿਸਟਰੀ ਦੇ ਅਧਾਰ 'ਤੇ ਮਿੱਥੀ ਕੀਮਤ। ਸਰਕਾਰ ਨੂੰ ਖਪਤਕਾਰਾਂ ਦੀ ਸੁਰੱਖਿਆ ਲਈ ਤਕਨੀਕੀ ਨਵੀਨਤਾ (ਟੈਕਨੌਲੋਜੀਕਲ ਇਨੋਵੇਸ਼ਨ) ਲਈ ਕੁਝ ਨਿਯਮ ਬਣਾਉਣੇ ਚਾਹੀਦੇ ਹਨ। ਜੇ ਵੱਡੀਆਂ ਕਾਰਪੋਰੇਸ਼ਨਾਂ ਨੂੰ ਉਨ੍ਹਾਂ ਦੇ ਆਪਣੇ ਢੰਗਾਂ ਅਤੇ ਤਰਕਾਂ 'ਤੇ ਛੱਡ ਦਿੱਤਾ ਜਾਵੇ, ਤਾਂ ਉਹ ਮੁਨਾਫਾ ਕਮਾਉਣ ਲਈ ਹਮੇਸ਼ਾਂ ਹੀ ਨੈਤਿਕਤਾ ਦੇ ਮਿਆਰਾਂ ਤੋਂ ਨੀਵੀਆਂ ਰਹਿਣਗੀਆਂ।

ਮਹਿੰਗਾਈ ਦਾ ਸੰਕਟ ਹਰ ਥਾਂ 'ਤੇ ਕਾਰਵਾਈ ਦੀ ਮੰਗ ਕਰਦਾ ਹੈ। ਸਰਵੇਲੈਂਸ ਪ੍ਰਾਈਸਿੰਗ ਨੂੰ ਜੜ੍ਹਾਂ ਜਮਾਉਣ ਤੋਂ ਪਹਿਲਾਂ ਹੀ ਰੋਕਣਾ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਪ੍ਰੈਸ਼ਨਵਾਸ਼ਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

# ਛੋਟਾ ਘੱਲੂਘਾਰਾ



"'ਘੱਲੂਘਾਰਾ' ਸ਼ਬਦ ਦਾ ਸਬੰਧ ਅਫ਼ਗਾਨੀ ਬੋਲੀ ਨਾਲ ਹੈ; ਜਿਸ ਦੇ ਅੱਖਰੀ ਅਰਥ ਹਨ ਸਭ ਕੁਝ ਤਬਾਹ ਹੋ ਜਾਣਾ, ਵੱਡੇ ਪੱਧਰ 'ਤੇ ਕਤਲੇਆਮ ਹੋਣਾ, ਨਸਲਘਾਤ ਜਾਂ ਸਰਬਨਾਸ਼। ਸਿੱਖਾਂ ਦਾ ਸੁਭਾਅ ਜ਼ੁਲਮ ਦੇ ਵਿਰੁੱਧ ਲੜਨ ਵਾਲਾ ਅਤੇ ਕਿਸੇ ਦੀ ਗੁਲਾਮੀ ਜਾਂ ਈਨ ਨਾ ਸਵੀਕਾਰ ਕਰਨ ਵਾਲਾ ਹੋਣ ਕਰਕੇ ਸਮੇਂ-ਸਮੇਂ ਸਿਰ ਸਿੱਖਾਂ ਨੂੰ ਭਿਆਨਕ ਘੱਲੂਘਾਰਿਆਂ ਦਾ ਸਾਹਮਣਾ ਕਰਨਾ ਪਿਆ। ਸਿੱਖਾਂ ਅਤੇ ਮੁਗਲਾਂ ਦਰਮਿਆਨ 3 ਜੇਠ ਬਿਕ੍ਰਮੀ ਸੰਮਤ 1803/1 ਮਈ 1746 ਯੂਲੀਅਨ ਨੂੰ ਜ਼ਿਲ੍ਹਾ ਗੁਰਦਾਸ ਪੁਰ ਦੇ ਕਾਹਨੂੰਵਾਨ ਛੰਭ 'ਚ ਖ਼ੂਨੀ ਦੁਖਾਂਤ ਵਾਪਰਿਆ ਜਿਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। 3 ਜੇਠ ਨੂੰ ਨਾਨਕਸ਼ਾਹੀ ਕੈਲੰਡਰ ਦੀ ਤਾਰੀਖਾਂ ਵਿਚ ਬਦਲਣ ਨਾਲ ਹੁਣ ਇਹ 3 ਜੇਠ ਹਰ ਸਾਲ 17 ਮਈ ਨੂੰ ਆਉਂਦਾ ਹੈ। ਇਸ ਘੱਲੂਘਾਰੇ 'ਚ ਲਗਭਗ 7000 ਹਜ਼ਾਰ (ਕਈ ਇਤਿਹਾਸਕਾਰਾਂ ਮੁਤਾਬਕ ਗਿਣਤੀ 11000 ਹਜ਼ਾਰ) ਦੇ ਕਰੀਬ ਸ਼ਹੀਦੀਆਂ ਹੋਈਆਂ ਤੇ 3000 ਹਜ਼ਾਰ (ਕਈਆਂ ਨੇ ਇੱਥੇ ਗਿਣਤੀ 2000 ਲਿਖੀ ਹੈ) ਦੇ ਕਰੀਬ ਸਿੱਖਾਂ ਨੂੰ ਕੈਦ ਕਰਕੇ ਲਖਪਤ ਰਾਏ ਲਾਹੌਰ ਲੈ ਗਿਆ। ਲਾਹੌਰ ਦੇ ਨਾਖਾਸ ਚੌਂਕ ਵਿੱਚ ਬੜੇ ਹੀ ਜ਼ਾਲਮਾਨਾ ਤਰੀਕੇ ਨਾਲ ਤਸੀਹੇ ਦੇ ਕੇ ਸਿਰਾਂ ਦੇ ਢੇਰ ਲਗਾ ਦਿੱਤੇ। ਸਰੀਰਾਂ ਨੂੰ ਮਸੀਤਾਂ ਦੀਆਂ ਦੀਵਾਰਾਂ ਵਿੱਚ ਦੱਬ ਦਿੱਤਾ ਗਿਆ। ਖ਼ੂਨ ਨਾਲ ਮਸੀਤਾਂ ਦੇ ਫਰਸ਼ ਧੋਤੇ ਗਏ। ਇਸ ਮੰਦਭਾਗੀ ਘਟਨਾ ਨੂੰ ਇਤਿਹਾਸ ਵਿੱਚ ਪਹਿਲੇ ਘੱਲੂਘਾਰੇ ਜਾਂ ਛੋਟੇ ਘੱਲੂਘਾਰੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ।"

ਲੇਖਕ ਨਿਰਮਲ ਸਿੰਘ ਕਾਹਲੋਂ

ਗੁਰਦਾਸਪੁਰ ਦੀ ਪਵਿੱਤਰ ਧਰਤੀ ਸ਼ਹੀਦ ਸਿੰਘਾਂ ਦੇ ਖ਼ੂਨ ਨਾਲ ਰੰਗੀ ਹੋਈ ਹੈ। ਇਸ ਧਰਤੀ ਉਤੇ ਗੁਰਦਾਸ ਨੰਗਲ ਵਿਚ ਇਕ 1706 ਈਸਵੀ 'ਚ ਅਤੇ ਕਾਹਨੂੰਵਾਨ ਦੇ ਛੰਭ ਦੇ ਜੰਗਲ ਵਿਚ ਪਹਿਲਾ 1727 ਈਸਵੀ 'ਚ ਅਤੇ ਦੂਜਾ 1746 ਈਸਵੀ 'ਚ-ਦੋ ਘੱਲੂਘਾਰੇ ਵਾਪਰ ਚੁਕੇ ਹਨ। ਕਾਹਨੂੰਵਾਨ ਦੇ ਦੋਵੇਂ ਘੱਲੂਘਾਰੇ ਇਕ ਹਿੰਦੂ ਰਾਜੇ ਲਖਪਤ ਰਾਏ ਨੇ ਕੀਤੇ ਅਤੇ ਗੁਰਦਾਸ ਨੰਗਲ ਦੇ ਘੱਲੂਘਾਰੇ ਸਮੇਂ ਬਾਬਾ ਬੰਦਾ ਸਿੰਘ ਨੂੰ ਗ੍ਰਿਫਤਾਰ ਕਰਨ ਆਈ ਫੌਜ ਦੀ ਮਦਦ ਗੁਰਦਾਸਪੁਰ ਦੇ ਮਹੰਤ ਨੇ ਕੀਤੀ ਸੀ।

ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ 8 ਜੂਨ 1745 ਨੂੰ ਭਾਈ ਤਾਰੂ ਸਿੰਘ ਦੀ ਖੋਪਰੀ ਲੁਹਾਈ ਸੀ। 11 ਜੂਨ ਨੂੰ ਇਸ ਦਾ ਬੇਟਾ ਬਿਜੇ ਖਾਂ ਸ਼ਿਕਾਰ ਖੇਡਣ ਗਿਆ, ਘੋੜੇ 'ਤੋ ਡਿੱਗ ਕੇ ਪੈਰ ਰਕਾਬ ਵਿਚ ਫਸ ਕੇ ਘੜੀਸ ਹੁੰਦਾ ਮਰ ਗਿਆ ਸੀ। 23 ਜੂਨ ਨੂੰ ਜ਼ਕਰੀਆ ਖਾਨ ਨੂੰ ਬੰਨ ਪੈ ਗਿਆ ਤੇ ਤਾਰੂ ਸਿੰਘ ਦੀ ਜੁੱਤੀ ਆਪਣੇ ਸਿਰ ਵਿਚ ਖਾਂਦਾ ਪਹਿਲੀ ਜੁਲਾਈ 1745 ਨੂੰ ਮਰ ਗਿਆ। ਖਬਰ ਸੁਣ ਕੇ ਤਾਰੂ ਸਿੰਘ ਨੇ ਵੀ ਪ੍ਰਾਣ ਤਿਆਗ ਦਿੱਤੇ। ਜ਼ਕਰੀਆ ਖਾਨ ਦੀ ਮੌਤ ਪਿਛੋਂ ਇਸ ਦਾ ਬੇਟਾ ਯਾਹੀਆ ਖਾਂ ਲਾਹੌਰ ਦਾ ਸੂਬੇਦਾਰ ਬਣ ਗਿਆ। ਮਾਰਚ 1747 ਨੂੰ ਯਾਹੀਆ ਖਾਂ ਨੂੰ ਕੈਦ ਕਰਕੇ ਸ਼ਾਹ ਨਵਾਜ਼ ਲਾਹੌਰ ਦਾ ਸੂਬੇਦਾਰ ਬਣ ਗਿਆ।

ਜ਼ਕਰੀਆ ਖਾਨ ਦੇ 4 ਬੇਟੇ ਸਨ। ਉਸ ਨੇ ਆਪਣੇ ਬੇਟੇ ਬਿਜੇ ਖਾਂ ਨੂੰ ਲਾਹੌਰ, ਇਜੇ ਖਾਂ ਨੂੰ ਜਲੰਧਰ ਅਤੇ ਯਾਹੀਆ ਖਾਂ ਨੂੰ ਮੁਲਤਾਨ ਦਾ ਹਾਕਮ ਥਾਪਿਆ ਹੋਇਆ ਸੀ। ਸ਼ਾਹ ਨਵਾਜ਼ ਦਿੱਲੀ ਦਰਬਾਰ ਵਿਚ ਆਪਣੇ ਚਾਚੇ ਕਮਰ ਦੀਨ ਕੋਲ ਰਹਿੰਦਾ ਸੀ।

ਘੱਲੂਘਾਰੇ ਦਾ ਕਾਰਨ: ਲਾਹੌਰ ਦੇ ਦੀਵਾਨ ਲਖਪਤ ਰਾਏ ਦਾ ਭਰਾ ਜਸਪਤ ਰਾਏ ਏਮਨਾਬਾਦ ਵਿਚ ਆਪਣੀ ਜਗੀਰ ਵਿਚ ਕਿਲੇ ਅੰਦਰ ਰਹਿੰਦਾ ਸੀ। ਉਸ ਨੇ ਕਈ ਸਿੰਘ ਲਾਹੌਰ ਦੇ ਸੂਬੇਦਾਰ ਨੂੰ ਫੜਾ ਕੇ ਇਨਾਮ ਪ੍ਰਾਪਤ ਕੀਤੇ ਸਨ। 1746 ਦੀ ਵਿਸਾਖੀ ਵਾਲੇ ਦਿਨ (ਕਈ 8 ਮਾਰਚ 1746 ਲਿਖਦੇ ਹਨ) ਏਮਨਾਬਾਦ ਗੁਰਦੁਆਰਾ ਰੋੜੀ ਸਾਹਿਬ ਵਿਚ ਸਿੰਘਾਂ ਦੇ ਨਿੱਕੇ ਨਿੱਕੇ ਦੋ ਜਥੇ ਆ ਗਏ। ਜਸਪਤ ਰਾਏ ਨੇ ਆਖ ਭੇਜਿਆ, "ਤੁਸੀ ਇਥੇ ਠਹਿਰੋਗੇ ਤਾਂ ਮੈਥੋਂ ਬੁਰਾ ਕੋਈ ਨਹੀਂ।" ਸਿੰਘਾਂ ਨੇ ਉਤਰ ਦਿੱਤਾ, "ਅੱਜ ਦੀ ਰਾਤ ਭਗਤੀ ਕਰਾਂਗੇ, ਸਵੇਰੇ ਚਲੇ ਜਾਵਾਂਗੇ, ਕਿਸੇ ਨੂੰ ਕੁਝ ਨਹੀਂ ਆਖਾਂਗੇ।"

ਫਿਰ ਸਿਪਾਹੀ ਭੇਜੇ ਗਏ ਪਰ ਸਿੰਘ ਨਾ ਉਠੇ। ਲਗਭਗ 100 ਫੌਜੀ ਲੈ ਕੇ ਆਪ ਹਾਥੀ ਉਤੇ ਚੜ੍ਹ ਕੇ ਆ ਕੇ ਸਿੰਘਾਂ ਨੂੰ ਬੁਰਾ-ਭਲਾ ਕਹਿਣ ਲੱਗ ਪਿਆ। ਕਹਿੰਦਾ, "ਤੁਹਾਡੇ ਨਾਲ ਬਹੁਤ ਬੁਰਾ ਸਲੂਕ ਕੀਤਾ ਜਾਏਗਾ।" ਚੜ੍ਹਤ ਸਿੰਘ ਨੇ ਉਤਰ ਦਿੱਤਾ, "ਕਰਾੜਾ! ਕਿਉਂ ਮੌਤ ਨੂੰ ਆਵਾਜ਼ਾਂ ਮਾਰਦਾ ਏਂ। ਹਿੰਦੂਆਂ ਦੀ ਰਾਖੀ ਕਰਨ ਵਾਲੇ ਸਿੰਘਾਂ ਨੂੰ ਬੁਰਾ ਭਲਾ ਬੋਲੀ ਜਾਨਾਂ ?"

ਸੁਣ ਕੇ ਇਕ ਖੱਤਰੀ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ, "ਫੜ ਲਵੋ ਜੱਟ ਨੂੰ।" ਸਿਪਾਹੀ ਸਿੰਘ ਵਲ ਵਧੇ, ਸਿੰਘ ਨੇ ਕਿਰਪਾਨ ਖਿੱਚ ਕੇ ਪੰਜ ਸਿਪਾਹੀ ਝਟਕਾ ਦਿੱਤੇ ਅਤੇ 20 ਸਿਪਾਹੀ ਦੂਜੇ ਸਿੰਘਾਂ ਨੇ ਝਟਕਾ ਦਿੱਤੇ। ਭਾਈ ਮਨੀ ਸਿੰਘ ਸ਼ਹੀਦ ਦੇ ਭਤੀਜੇ ਅਘੜ ਸਿੰਘ ਨੇ ਬਰਛਾ ਮਾਰ ਕੇ ਜਸਪਤ ਨੂੰ ਜਮੀਨ ਉਤੇ ਸੁੱਟ ਦਿੱਤਾ। ਚੜ੍ਹਤ ਸਿੰਘ ਨੇ ਆਖਿਆ, "ਖਾਲਸਾ ਜੀ, ਧੌਲੇ ਕਿਹੜੀ ਰੁੱਤੇ ਬੀਜੀਦੇ ਨੇ। ਜੋ ਹੋਣਾ ਸੀ ਹੋ ਗਿਆ, ਹੁਣ ਕੰਮ ਸਾਫ ਕਰੋ।" ਸਿੰਘਾਂ ਨੇ ਔਸਤਿ ਸ੍ਰੀ ੨੨ ਦਾ ਜੈਕਾਰਾ ਛੱਡਿਆ, ਫੌਜ ਦੌੜ ਗਈ। ਸਿੰਘ ਅਤੇ ਲੋਕ ਵੀ ਸ਼ਹਿਰ ਵਿਚ ਲੁੱਟ ਮਾਰ ਕਰਨ ਲਈ ਜਾ ਵੜੇ।

ਆਪਣੇ ਭਰਾ ਦੀ ਮੌਤ ਦੀ ਖਬਰ ਸੁਣ ਕੇ ਲਖਪਤ ਰਾਏ ਸੂਬੇਦਾਰ ਯਾਹੀਆ ਖਾਂ ਪਾਸ ਜਾ ਕੇ ਰੋਇਆ ਅਤੇ ਆਪਣੀ ਪੱਗ ਜਮੀਨ ਉਤੇ ਸੁਟ ਕੇ ਬੋਲਿਆ, "ਮੇਰੀ ਪੱਗ ਬੰਨਾਓਗੇ ਤਾਂ ਬੰਨਾਂਗਾ, ਪਰ ਸਿੰਘਾਂ ਦਾ ਖੁਰਾ ਖੋਜ ਮਿਟਾ ਕੇ ਹੀ ਬੰਨਾਂਗਾ।" ਯਾਹੀਆ ਖਾਂ ਨੇ ਆਖਿਆ, "ਮੈਂ ਤਾਂ ਇਸ ਖਾਤਰ ਸੁਖਣਾ ਸੁਖਦਾ ਹਾਂ, ਜੋ ਚਾਹੀਦਾ ਹੈ, ਲੈ ਲਵੋ।"

ਪਹਿਲੇ ਦਿਨ ਲਖਪਤ ਰਾਏ ਨੇ ਲਾਹੌਰ ਦੇ ਸਿੰਘਾਂ ਨੂੰ ਕਤਲ ਕਰਵਾਇਆ। ਦੂਜੇ ਦਿਨ ਦੀਵਾਨ ਕੌੜਾ ਮਲ, ਰਾਏ ਸੁਰਤ ਸਿੰਘ, ਲੱਛੀ ਰਾਮ, ਚੌਧਰੀ ਜਵਾਹਰ ਮਲ ਅਤੇ ਪੰਡਿਤ ਸੁਰਤ ਰਾਮ ਆਦਿ ਨੇ ਲਖਪਤ ਰਾਏ ਕੋਲ ਜਾ ਕੇ ਆਖਿਆ, "ਜੋ ਹੋਣਾ ਸੀ ਹੋ ਗਿਆ, ਨਿਰਦੋਸ਼ੇ ਸਿੰਘਾਂ ਉਤੇ ਜ਼ੁਲਮ ਨਾ ਕਰੋ, ਸਿੰਘ ਵੀ ਆਪਣੇ ਹੀ ਭਾਈ ਅਤੇ ਹਿੰਦੂ ਧਰਮ ਦੇ ਰਾਖੇ ਹਨ। ਜੇ ਇਹ ਹਿੰਮਤ ਨਾ ਕਰਦੇ, ਤਾਂ ਅੱਜ ਅਸਾਂ ਕਰਮ ਦੀਨ ਤੇ ਮੁਹੰਮਦ ਅਲੀ ਹੋ ਕੇ ਮਸੀਤਾਂ ਵਿਚ ਕੁੱਤੇ ਮੋੜਦੇ ਹੁੰਦੇ।"

ਬਥੇਰਾ ਸਮਝਾਇਆ, ਪਰ ਉਹ ਪਾਪੀ ਨਾ ਮੰਨਿਆ। ਐਸੀ ਮੂਰਖ ਮੱਤ ਕੀਤੀ, ਗੁਰਬਾਣੀ ਦੀਆਂ ਪੋਥੀਆਂ ਲੱਭ ਲੱਭ ਕੇ ਸਾੜ ਦਿੱਤੀਆਂ, ਕਈ ਗੁਰਦੁਆਰੇ ਵੀ ਸਾੜ ਦਿੱਤੇ। ਢੰਡੋਰਾ ਫੇਰ ਦਿੱਤਾ, "ਕੋਈ ਗੁਰੂ ਦਾ ਸਿੱਖ ਸਦਵਾਏਗਾ ਜਾਂ ਸਿੰਘਾਂ ਨੂੰ ਸ਼ਰਨ ਦੇਵੇਗਾ, ਸਜ਼ਾ ਪਾਏਗਾ। ਗੁੜ ਨੂੰ ਰੋੜੀ ਆਖੋ।" ਸਿੰਘਾਂ ਨੂੰ ਫੜਨ ਲਈ ਫੌਜ ਚਾੜ੍ਹ ਦਿੱਤੀ।

ਕਾਹਨੂੰਵਾਨ ਦਾ ਯੁੱਧ: ਖਬਰ ਸੁਣ ਕੇ ਨਵਾਬ ਕਪੂਰ ਸਿੰਘ ਨੇ ਸਾਰੇ ਜਥੇਦਾਰਾਂ ਨੂੰ ਕਾਹਨੂੰਵਾਨ ਛੰਭ ਦੇ ਜੰਗਲ ਵਿਚ ਆਪਣੇ ਜਥੇ ਸਮੇਤ ਇਕੱਤਰ ਹੋਣ ਲਈ ਸੁਨੇਹੇ ਭੇਜੇ। 15 ਜੂਨ 1746 (ਪਹਿਲੀ ਹਾੜ 1807, ਕਈ 23 ਮਈ ਲਿਖਦੇ ਹਨ) ਤੱਕ ਆਟਾ, ਦਾਣੇ ਅਤੇ ਘਾਹ ਲੈ ਕੇ ਕੋਈ 15,000 ਸਿੰਘ ਕਾਹਨੂੰਵਾਨ ਦੇ ਜੰਗਲ ਵਿਚ ਪਹੁੰਚ ਗਏ। ਲਖਪਤ ਰਾਏ ਨੇ ਵੀ ਤੋਪਾਂ ਤੇ ਬੰਦੂਕਾਂ ਨਾਲ ਲੈਸ ਹੋ ਕੇ ਵੱਡੀ ਫੌਜ ਅਤੇ ਧਾੜਵੀਆਂ ਨਾਲ ਕਾਹਨੂੰਵਾਨ ਦੇ ਜੰਗਲ ਨੂੰ ਘੇਰਾ ਪਾ ਕੇ ਗੋਲੀਆਂ ਤੇ ਗੋਲੇ ਦਾਗ ਦਿੱਤੇ। ਕਈ ਦਿਨ ਮੋਰਚੇ ਲੱਗੇ ਰਹੇ। ਦਿਨੇ ਤਾਂ ਸਿੰਘ ਫਿਰਦੇ ਰਹਿੰਦੇ ਅਤੇ ਰਾਤ ਨੂੰ ਕਈ ਥਾਂ ਫੌਜ ਉਤੇ ਹਮਲਾ ਕਰਕੇ ਕਈ ਫੌਜੀ ਮਾਰ ਕੇ ਕੱਚੀ ਪੱਕੀ ਲੈ ਆਉਂਦੇ। ਸਿੰਘਾਂ ਕੋਲ ਆਟਾ, ਦਾਣੇ ਅਤੇ ਘਾਹ ਖਤਮ ਹੋ ਗਿਆ ਅਤੇ ਬਰਸਾਤ ਦਾ ਮੌਸਮ ਵੀ ਨੇੜੇ ਆ ਰਿਹਾ ਸੀ। ਜਥੇਦਾਰਾਂ ਨੇ ਇਥੋਂ ਚਲੇ ਜਾਣਾ ਹੀ ਠੀਕ ਸਮਝ ਕੇ ਪਹਾੜ ਵੱਲ ਜਾਣ ਦਾ ਗੁਰਮਤਾ ਪਾਸ ਕਰਕੇ ਚਾਲੇ ਪਾ ਦਿੱਤੇ। ਅੱਗੇ ਅੱਗੇ ਸਿੰਘ ਤੇ ਪਿੱਛੇ ਪਿੱਛੇ ਬੇਓੜਕੀ ਫੌਜ ਲੈ ਕੇ ਲਖਪਤ ਰਾਏ ਤੀਰਾਂ ਅਤੇ ਗੋਲੀਆਂ ਦਾ ਮੀਂਹ ਵਰ੍ਹਾ ਰਿਹਾ ਸੀ। ਗੁਰਦਿਆਲ ਸਿੰਘ, ਬਹਾਦਰ ਸਿੰਘ ਅਤੇ ਕਈ ਹੋਰ ਸਿੰਘ ਵੀ ਘੋੜਿਆਂ ਸਣੇ ਦਰਿਆ ਬਿਆਸ ਵਿਚ ਡੁੱਬ ਗਏ।

ਸਰਦਾਰ ਜੱਸਾ ਸਿੰਘ ਅਤੇ ਨਵਾਬ ਕਪੂਰ ਸਿੰਘ ਨੇ ਆਖਿਆ, "ਖਾਲਸਾ ਜੀ, ਡੁੱਬ ਕੇ ਮਰਨ ਨਾਲੋਂ ਲੜ ਕੇ ਮਰਨਾ ਚੰਗਾ ਹੈ।"

ਲੜਦੇ-ਭਿੜਦੇ ਜਿਸ ਸਮੇਂ ਸਿੰਘ ਪਠਾਨਕੋਟ ਦੇ ਨੇੜੇ ਪਹੁੰਚ ਗਏ ਤਾਂ ਅੱਗੇ ਪਹਾੜੀ ਰਾਜਿਆਂ ਨੇ ਆਪਣੀਆਂ ਫੌਜਾਂ ਨਾਲ ਘਾਟ ਰੋਕੇ ਹੋਏ ਸਨ। ਇਨ੍ਹਾਂ ਇਹ ਨਾ ਸੋਚਿਆ ਕਿ ਸਿੰਘ ਤਾਂ ਹਿੰਦੂ ਧਰਮ ਦੀ ਰਾਖੀ ਲਈ ਲੜਦੇ ਹਨ। "ਡੋਗਰੇ ਮੀਤ ਕਿਸ ਕੇ, ਭਾਤ ਖਾਈ ਔਰ ਖਿਸਕੇ।"

ਹਾੜ ਦੀ ਧੁੱਪ, ਦੂਜੇ ਭੁੱਖ ਅਤੇ ਪਿਆਸ-ਇਕ ਪਾਸੇ ਦਰਿਆ ਬਿਆਸ, ਅੱਗੇ ਪਹਾੜੀ ਫੌਜਾਂ, ਪਿਛੇ ਸੂਬੇ ਦੀਆਂ ਫੌਜਾਂ। ਸਿੰਘਾਂ ਉਤੇ ਬੜੀ ਬਿਪਤਾ ਦਾ ਸਮਾਂ ਸੀ। ਅੱਲਾ ਹੂ ਅਤੇ ਜੈ ਮਾਤਾ ਦੇ ਨਾਅਰੇ ਲੱਗ ਰਹੇ ਸਨ। ਇਸ ਲੜਾਈ ਵਿਚ ਜਸਪਤ ਦਾ ਬੇਟਾ ਹਰਭਜ ਰਾਏ, ਬਿਜੇ ਖਾਂ ਦਾ ਬੇਟਾ ਨਾਹਰ ਖਾਂ, ਫੌਜਦਾਰ ਸੈਫ ਅਲੀ ਖਾਂ ਅਤੇ ਕਈ ਫੌਜਦਾਰ ਵੀ ਮਾਰੇ ਗਏ। ਤਿੰਨ ਪਹਿਰ ਬੜੇ ਘਮਸਾਣ ਦਾ ਯੁਧ ਹੋਇਆ। 3-4 ਕੋਹ ਵਿਚ ਫੌਜ ਨੂੰ ਚੀਰ ਕੇ ਸਿੰਘ ਇਕ ਪਾਸੇ ਨਿਕਲ ਗਏ। ਲਗਭਗ 7,000 ਸਿੰਘ ਸ਼ਹੀਦ ਹੋ ਗਏ ਅਤੇ 1,000 ਤੋਂ ਵੱਧ ਕੈਦ ਹੋ ਗਏ। ਰਾਤ ਪੈ ਗਈ ਅਤੇ ਥੱਕੀ ਟੁੱਟੀ ਫੌਜ ਨੂੰ ਜਰਨੈਲਾਂ ਨੇ ਰੋਕ ਲਿਆ। ਉਥੇ ਹੀ ਖੇਤਾਂ ਵਿਚ ਫੌਜ ਸੌਂ ਗਈ ਅਤੇ 4-5 ਮੀਲ ਦੀ ਦੂਰੀ ਉਤੇ ਸਿੰਘ ਵੀ ਨਿਕਲ ਗਏ।

ਸਿੰਘਾਂ ਦਾ ਛਾਪਾ: ਨਵਾਬ ਕਪੂਰ ਸਿੰਘ, ਸਰਦਾਰ ਸ਼ਾਮ ਸਿੰਘ ਅਤੇ ਹੋਰ ਜਥੇਦਾਰਾਂ ਨੇ ਗੁਰਮਤਾ ਕਰਕੇ ਆਵਾਜ਼ਾ ਦਿੱਤਾ, "ਖਾਲਸਾ ਜੀ, ਵੈਰੀਆਂ ਨੂੰ ਹੱਥ ਦਿਖਾਉਣ ਦਾ ਹੁਣ ਵੇਲਾ ਹੈ, ਕਿਉਂਕਿ ਕੁਝ ਤਾਂ ਉਨ੍ਹਾਂ ਨੂੰ ਨੀਂਦ ਨੇ ਦਬੋਚਿਆ ਹੋਇਆ ਹੈ, ਕੁਝ ਤੁਸੀਂ ਜਾ ਦੱਬੋ।" ਇਹ ਗੱਲ ਖਾਲਸੇ ਨੇ ਮੰਨ ਕੇ ਵਾਗਾਂ ਫੜ ਲਈਆਂ। ਕੁੱਕੜ ਦੀ ਬਾਂਗ ਤੋਂ ਪਹਿਲਾਂ, ਸਿੰਘ ਸੁੱਤੇ ਵੈਰੀਆਂ ਉਤੇ ਜਾ ਪਏ। ਝੱਟ ਪੱਟ ਬੇਸ਼ੁਮਾਰ ਵੈਰੀਆਂ ਨੂੰ ਕੱਟ ਕੁੱਟ ਕੇ ਸ਼ਸਤਰ, ਬਸਤਰ ਅਤੇ ਚੰਗੇ ਘੋੜੇ, ਜਿੱਥੋਂ ਤਾਂਈਂ ਹੱਥ ਮਾਰਿਆ ਗਿਆ, ਮਾਰ ਕੇ ਮੁੜ ਗਏ। ਹਰਿਗੋਬਿੰਦਪੁਰ ਵੱਲ ਚਾਲੇ ਪਾ ਕੇ ਦਰਿਆ ਬਿਆਸ ਜਾ ਪਹੁੰਚੇ। ਮਲਾਹਾਂ ਨੇ ਬੇੜੀਆਂ ਖਿੱਚ ਲਈਆਂ। ਅਦੀਨਾ ਬੇਗ ਸੈਨਾ ਲੈ ਕੇ ਆ ਗਿਆ, ਪਰ ਗੁਰੂ ਦੇ ਭਰੋਸੇ ਸਿੰਘ ਦਰਿਆ ਲੰਘ ਗਏ।

ਦੁਆਬੇ ਅਤੇ ਮਾਲਵੇ ਜਾਣਾ: ਕਈ ਦਿਨਾਂ ਦੇ ਭੁੱਖੇ ਸਿੰਘਾਂ ਨੇ ਦੁਆਬੇ ਦੇ ਪਿੰਡਾਂ ਵਿਚੋਂ ਰਸਦ ਅਤੇ ਘਾਹ ਲੈ ਕੇ ਮੀਰ ਕੋਟ ਦੀ ਝਿੜੀ ਵਿਚ ਲੰਗਰ ਤਿਆਰ ਕੀਤਾ। ਅਜੇ ਲੰਗਰ ਛਕਿਆ ਨਹੀਂ ਸੀ, ਇਜੇ ਖਾਂ ਜੋ ਈਜਾਪੁਰ ਪਿੰਡ ਵਿਚ ਸੀ, ਫੌਜ ਲੈ ਕੇ ਆ ਗਿਆ। ਇਸ ਨੂੰ ਤਾਂ ਸਿੰਘ ਚਣੇ ਚਬਾਉਂਦੇ, ਇੰਨੇ ਨੂੰ ਅਦੀਨਾ ਬੇਗ ਵੀ ਫੌਜ ਲੈ ਕੇ ਆ ਗਿਆ। ਸਿੰਘ ਲੜਦੇ-ਭਿੜਦੇ ਅਲੀਵਾਲ ਦੇ ਪੱਤਣੋਂ ਮਾਲਵੇ ਚਲੇ ਗਏ। ਕਈ ਸਿੰਘ ਆਪਣੇ ਘਰੀਂ ਚਲੇ ਗਏ, ਕਈਆਂ ਦੀ ਮਾਲਵੇ ਦੇ ਸਿੰਘਾਂ ਨੇ ਸੇਵਾ ਕੀਤੀ।

ਸਿੰਘਾਂ ਦਾ ਜਲੂਸ ਕੱਢਣਾ: ਗੱਡਿਆਂ ਉਤੇ ਲੱਦ ਕੇ ਕੈਦੀ ਸਿੰਘ ਅਤੇ ਫੌਜ ਲੈ ਕੇ ਦੱਸਣ ਲਈ ਕਿ ਅਸੀਂ ਸਾਰੇ ਸਿੰਘ ਖਤਮ ਕਰ ਦਿੱਤੇ ਹਨ, ਢੋਲ ਢਮੱਕੇ ਨਾਲ ਲਖਪਤ ਰਾਏ ਲਾਹੌਰ ਦੇ ਸੂਬੇਦਾਰ ਯਾਹੀਆ ਖਾਨ ਕੋਲ ਗਿਆ। ਯਾਹੀਆ ਖਾਨ ਨੇ ਕੈਦੀ ਸਿੰਘਾਂ ਨੂੰ ਖੋਤਿਆਂ ਉਤੇ ਚਾੜ੍ਹ ਕੇ ਲਾਹੌਰ ਦੇ ਬਾਜ਼ਾਰਾਂ ਵਿਚ ਜਲੂਸ ਕੱਢਿਆ। ਨਿਖਾਸ ਚੌਂਕ ਵਿਚ ਲਿਜਾ ਕੇ ਸਾਰੇ ਸਿੰਘ ਸ਼ਹੀਦ ਕਰ ਦਿੱਤੇ। ਇਸ ਥਾਂ ਗੁਰਦੁਆਰਾ ਸ਼ਹੀਦ ਗੰਜ ਬਣਿਆ ਹੋਇਆ ਹੈ।

ਪਾਪੀ ਨੂੰ ਸਜ਼ਾ ਮਿਲੀ: ਅਪਰੈਲ 1748 ਨੂੰ ਮੰਨੂ ਨੇ ਅਬਦਾਲੀ ਨੂੰ ਹਰਾ ਕੇ ਸਰਹਿੰਦ ਅਤੇ ਲਾਹੌਰ ਦਾ ਸੂਬੇਦਾਰ ਬਣ ਕੇ ਕੌੜਾ ਮੱਲ ਨੂੰ ਆਪਣਾ ਦੀਵਾਨ ਬਣਾ ਲਿਆ। ਕੌੜਾ ਮੱਲ ਨੇ ਬਦਲਾ ਲੈਣ ਲਈ ਲਖਪਤ ਨੂੰ 6 ਲੱਖ ਰੁਪਏ ਜੁਰਮਾਨਾ ਕਰ ਦਿੱਤਾ। ਲਖਪਤ ਜੁਰਮਾਨਾ ਨਾ ਦੇ ਸਕਿਆ। ਕੌੜਾ ਮੱਲ ਨੇ ਲਖਪਤ ਨੂੰ ਕੈਦ ਕਰਕੇ ਸਿੰਘਾਂ ਨੂੰ ਦੇ ਦਿੱਤਾ। ਸਿੰਘਾਂ ਨੇ ਲਖਪਤ ਨੂੰ ਇਕ ਬੁਰਜ ਵਿਚ ਕੈਦ ਕਰ ਦਿੱਤਾ। ਲੋਕ ਇੱਥੇ ਪਾਖਾਨਾ ਕਰਦੇ ਸਨ। ਨਰਕ ਦਾ 6 ਮਹੀਨੇ ਕਸ਼ਟ ਭੋਗ ਕੇ ਲਖਪਤ ਰਾਏ ਮਰ ਗਿਆ।

ਕਈ ਲਿਖਦੇ ਹਨ ਕਿ ਸਿੰਘ ਜਾਨਵਰ ਮਾਰ ਕੇ ਖਾਂਦੇ ਸਨ। ਮੋਰਚੇ 3 ਮਹੀਨੇ ਲੱਗੇ ਰਹੇ ਅਤੇ ਫੌਜ ਨੇ ਜੰਗਲ ਨੂੰ ਅੱਗ ਲਾ ਦਿੱਤੀ, ਪਰ ਇਸ ਤਰ੍ਹਾਂ ਨਹੀਂ ਹੋ ਸਕਦਾ। ਕਿਉਂਕਿ ਗੋਲੀਆਂ ਦੀ ਆਵਾਜ਼ ਸੁਣ ਕੇ ਜਾਨਵਰ ਦੌੜ ਜਾਂਦੇ ਹਨ। ਸੌਣ-ਭਾਦਰੋਂ ਦੀ ਬਰਸਾਤ ਵਿਚ ਬਿਨਾ ਛੱਤ, ਗਿੱਲੇ ਬਾਲਣ ਨਾਲ ਸਿੰਘ ਕਿਸ ਤਰ੍ਹਾਂ 15,000 ਸਿੰਘਾਂ ਲਈ ਲੰਗਰ ਤਿਆਰ ਕਰ ਸਕਦੇ ਸਨ, ਕਿੱਥੇ ਰਸਦ ਰਖਦੇ ਸਨ ਅਤੇ ਨਾ ਹੀ ਬਰਸਾਤ ਵਿਚ ਜੰਗਲ ਨੂੰ ਅੱਗ ਲੱਗ ਸਕਦੀ ਹੈ ?

ਫੋਨ: +0468395922

# ਦੋ ਸਰਦਾਰ-ਦੋ ਕੈਲੰਡਰ

ਸਰਬਜੀਤ ਸਿੰਘ ਸੈਕਰਾਮੈਂਟੋ


ਸਰਦਾਰ ਜੱਸਾ ਸਿੰਘ ਰਾਮਗੜ੍ਹੀਆ


ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਧੁਮੱਕੜਸ਼ਾਹੀ ਕੈਲੰਡਰ (ਸੰਮਤ ਨਾਨਕਸ਼ਾਹੀ 558) ਵਿੱਚ ਇਕੋ ਨਾਮ ਵਾਲੇ, ਦੋ ਸਿੱਖ ਸਰਦਾਰਾਂ ਦੇ ਜਨਮ ਦਿਹਾੜੇ ਦਰਜ ਹਨ। ਰਾਮਗੜ੍ਹੀਆ ਮਿਸਲ ਦੇ ਬਾਨੀ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ 22 ਵੈਸਾਖ (5 ਮਈ) ਅਤੇ ਆਹਲੂਵਾਲੀਆ ਮਿਸਲ ਦੇ ਸੰਸਥਾਪਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ 5 ਜੇਠ (19 ਮਈ) ਦਾ ਦਰਜ ਹੈ। ਜਦੋਂ ਇਨ੍ਹਾਂ ਦੋਵਾਂ ਸਰਦਾਰਾਂ ਦੀਆਂ ਜਨਮ ਤਾਰੀਖਾਂ ਦੀ ਭਾਲ ਕੀਤੀ ਗਈ ਤਾਂ, ਸ. ਜੱਸਾ ਸਿੰਘ ਆਹਲੂਵਾਲੀਆ ਦੀ ਜਨਮ ਤਾਰੀਖ ਤਾਰੀਖ 5 ਜੇਠ ਸੰਮਤ 1775 ਬਿਕ੍ਰਮੀ (3 ਮਈ 1718 ਈ ਜੂਲੀਅਨ) ਦਿਨ ਸ਼ਨਿਚਰਵਾਰ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਤਾਰੀਖ 7 ਜੇਠ ਸੰਮਤ 1780 ਬਿਕ੍ਰਮੀ ਦਿਨ ਐਤਵਾਰ (5 ਮਈ 1723 ਜੂਲੀਅਨ) ਮਿਲਦੀਆਂ ਹਨ। ਇਨ੍ਹਾਂ ਤਾਰੀਖਾਂ ਬਾਰੇ ਵਿਦਵਾਨਾਂ ਵਿੱਚ ਕੋਈ ਮੱਤਭੇਦ ਨਹੀਂ ਹੈ। ਅਸਲ ਤਾਰੀਖਾਂ ਮੁਤਾਬਕ ਦੋਵਾਂ ਸਰਦਾਰਾਂ ਦੇ ਜਨਮ ਦਿਹਾੜੇ ਵਿੱਚ ਦੋ ਦਿਨ੍ਹਾਂ (5 ਜੇਠ/3 ਮਈ-7 ਜੇਠ/5 ਮਈ) ਦਾ ਫਰਕ ਹੈ। ਪਰ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ 14 ਦਿਨਾਂ (22 ਵੈਸਾਖ-5 ਜੇਠ) ਦਾ ਫਰਕ ਹੈ ਅਜੇਹਾ ਕਿਓ? ਆਓ ਇਸ ਦੇ ਕਾਰਨ ਨੂੰ ਜਾਣੀਏ!

ਸ਼੍ਰੋਮਣੀ ਕਮੇਟੀ ਵੱਲੋ ਜਾਰੀ ਕੀਤੇ ਗਏ ਪਿਛਲੇ ਸਾਲਾਂ ਦੇ ਕੈਲੰਡਰਾਂ ਦੀ ਪੜਤਾਲ ਕਰਨ ’ਤੇ ਜਾਣਕਾਰੀ ਮਿਲੀ ਹੈ ਕਿ ਸ. ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ ਸੰਮਤ 553 ਨ.ਸ. (2021 ਈ:) ਤੋਂ ਦਰਜ ਕਰਨਾ ਆਰੰਭ ਕੀਤਾ ਹੈ। ਇਹ ਅਸਲ ਪ੍ਰਵਿਸ਼ਟੇ ਮੁਤਾਬਕ 5 ਜੇਠ ਦਾ ਦਰਜ ਕੀਤਾ ਗਿਆ ਹੈ। ਸੰਮਤ 1775 ਬਿਕ੍ਰਮੀ ਵਿੱਚ 5 ਜੇਠ ਵਾਲੇ ਦਿਨ 3 ਮਈ (ਜੂਲੀਅਨ) ਸੀ। ਅੱਜ 5 ਜੇਠ (ਬਿਕ੍ਰਮੀ) ਵਾਲੇ ਦਿਨ 18-19 ਮਈ (ਗਰੈਗੋਰੀਅਨ) ਆਉਂਦੀ ਹੈ। ਸ. ਜੱਸਾ ਸਿੰਘ ਰਾਮੜ੍ਹੀਆ ਦਾ ਜਨਮ ਦਿਹਾੜਾ ਕਮੇਟੀ ਨੇ ਆਪਣੇ ਕੈਲੰਡਰ ਵਿੱਚ, ਸੰਮਤ 555 ਨਾ.ਸ਼ਾ. (2023 ਈ:) ਤੋਂ ਦਰਜ ਕਰਨਾ ਆਰੰਭ ਕੀਤਾ ਹੈ। ਇਥੇ ਪ੍ਰਵਿਸ਼ਟੇ ਨੂੰ ਮੁੱਖ ਰੱਖਣ ਦੀ ਬਿਜਾਏ, ਜੂਲੀਅਨ ਕੈਲੰਡਰ ਦੀ ਤਾਰੀਖ (5 ਮਈ) ਨੂੰ ਮੁੱਖ ਰੱਖਿਆ ਹੈ। ਅੱਜ-ਕੱਲ 5 ਮਈ ਨੂੰ 22-23 ਵੈਸਾਖ ਆਉਂਦੀ ਹੈ

| ਸੰਮਤ | ਸ. ਜੱਸਾ ਸਿੰਘ ਰਾਮਗੜ੍ਹੀਆ | | ਸ. ਜੱਸਾ ਸਿੰਘ ਆਹਲੂਵਾਲੀਆ | |
|---|---|---|---|---|
| 553 (21-22) | | | 5 ਜੇਠ | 18 ਮਈ |
| 554 (22-23) | | | 5 ਜੇਠ | 18 ਮਈ |
| 555 (23-24) | 22 ਵੈਸਾਖ | 5 ਮਈ | 5 ਜੇਠ | 19 ਮਈ |
| 556(24-25) | 23 ਵੈਸਾਖ | 5 ਮਈ | 5 ਜੇਠ | 18 ਮਈ |
| 557 (25-26) | 23 ਵੈਸਾਖ | 5 ਮਈ | 5 ਜੇਠ | 18 ਮਈ |
| 558 (26-27) | 22 ਵੈਸਾਖ | 5 ਮਈ | 5 ਜੇਠ | 19ਮਈ |

ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜਰੂਰੀ ਹੈ ਕਿ ਜੂਲੀਅਨ ਕੈਲੰਡਰ ਕਦੇਂ ਵੀ ਆਪਣੇ ਦੇਸ਼ ਵਿੱਚ ਲਾਗੂ ਨਹੀਂ ਹੋਇਆ। ਇਹ ਠੀਕ ਹੈ ਕਿ ਜੂਲੀਅਨ ਕੈਲੰਡਰ ਵਿੱਚ ਸੋਧ ਅਕਤੂਬਰ 1582 ਈ: ਕੀਤੀ ਗਈ ਸੀ। ਪਰ ਇੰਗਲੈਡ ਨੇ ਇਸ ਸੋਧ ਨੂੰ ਪ੍ਰਵਾਨ ਨਹੀਂ ਸੀ ਕੀਤਾ।

ਇੰਗਲੈਂਡ ਨੇ ਇਸ ਸੋਧ ਨੂੰ 170 ਸਾਲ ਪਿਛੋਂ, ਭਾਵ ਸਤੰਬਰ 1752 ਈ: ਵਿੱਚ ਪ੍ਰਵਾਨ ਕੀਤਾ ਸੀ। ਆਪਣੇ ਦੇਸ਼ ਵਿੱਚ ਅੰਗਰੇਜਾਂ ਦੇ ਆਉਂਣ ਨਾਲ ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਸ਼੍ਰੋਮਣੀ ਕਮੇਟੀ ਨੇ ਇਕ ਤਾਰੀਖ ਪ੍ਰਵਿਸ਼ਟਿਆਂ ਮੁਤਾਬਕ (5 ਜੇਠ) ਅਤੇ ਦੂਜੀ ਤਾਰੀਖ ਜੂਲੀਅਨ ਕੈਲੰਡਰ ਮੁਤਾਬਕ (5 ਮਈ) ਦਰਜ ਕੀਤੀ ਹੈ। ਸਵਾਲ ਪੈਂਦਾ ਹੁੰਦਾ ਹੈ ਕਿ ਦੋਵਾਂ ਸਰਦਾਰਾਂ ਦੇ ਜਨਮ ਦਿਹਾੜੇ ਇਕੋ ਕੈਲੰਡਰ ਮੁਤਾਬਕ (3 ਜੇਠ ਅਤੇ 5 ਜੇਠ) ਨੂੰ ਕਿਉਂ ਨਹੀਂ ਮਨਾਏ ਜਾ ਸਕਦੇ?

ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ, ਆਪਣੇ ਕੈਲੰਡਰ ਵਿੱਚ ਕੁਝ ਦਿਹਾੜੇ ਵਦੀ-ਸੁਦੀ ਮੁਤਾਬਕ ਭਾਵ ਚੰਦ ਦੇ ਕੈਲੰਡਰ ਮੁਤਾਬਕ (ਸਾਲ ਦੀ ਲੰਬਾਈ 354 ਦਿਨ, ਕਦੇਂ-ਕਦੇਂ 384 ਦਿਨ) ਕੁਝ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ (ਸਾਲ ਦੀ ਲੰਬਾਈ 365.2563 ਦਿਨ) ਅਤੇ ਕੁਝ ਦਿਹਾੜੇ ਅੰਗਰੇਜੀ ਤਾਰੀਖਾਂ ਮੁਤਾਬਕ (ਸਾਲ ਦੀ ਲੰਬਾਈ 365.2425 ਦਿਨ) ਦਰਜ ਕਰਦੀ ਹੈ। ਤਿੰਨ ਬੇੜੀਆਂ ਦੀ ਸਵਾਰੀ ਕਰਨ ਦਾ ਕੀ ਕਾਰਨ ਹੈ? ਜੇ ਸਾਰੇ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਹੀ ਮਨਾਏ ਜਾਣ ਤਾਂ ਇਤਿਹਾਸ ਅਤੇ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?


ੴ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

# ਸਾਲਾਨਾ ਸ੍ਰੀ ਅਖੰਡ ਪਾਠ ਸਾਹਿਬ

## (ਪਿੰਡ ਕੁੱਸਾ-ਮੋਗਾ)



ਬੇਨਤੀ ਹੈ ਕਿ ਪਿੰਡ ਕੁੱਸਾ (ਮੋਗਾ) ਦੀ ਸਮੂਹ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ। ਆਪ ਸਭ ਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਪ੍ਰੋਗਰਾਮ ਦੇ ਵੇਰਵੇ:

**ਪ੍ਰਕਾਸ਼ ਸ੍ਰੀ ਅਖੰਡ ਪਾਠ ਸਾਹਿਬ**

**05 - ਜੂਨ 2026 (ਸ਼ੁੱਕਰਵਾਰ) ਸਵੇਰੇ 10 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ**

**07 - ਜੂਨ 2026 (ਐਤਵਾਰ) ਸਵੇਰੇ 10 ਵਜੇ**

ਸਥਾਨ:

**ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ**

**30640 Blueridge Dr, Abbotsford, V2T 5W3 BC**

ਸੋ ਪਿੰਡ ਦੇ ਸਾਰੇ ਸੱਜਣ-ਮਿੱਤਰ, ਮਾਵਾਂ-ਭੈਣਾਂ, ਦੋਹਤੇ-ਦੋਹਤੀਆਂ ਤੇ ਕੁੜੀਆਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।
ਸੋ ਸਾਰੇ ਟਾਈਮ ਨਾਲ ਜ਼ਰੂਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਲਛਮਣ ਸਿੰਘ ਧਾਲੀਵਾਲ** (604-306-4710)

**ਰਛਪਾਲ ਸਿੰਘ ਧਾਲੀਵਾਲ** (604-807-8448)

**ਗੁਰਜੀਤ ਸਿੰਘ ਧਾਲੀਵਾਲ** (778-928-7000)

# ਕੈਨੇਡਾ ਦੀ 2026 ਦੀ ਮਰਦਮਸ਼ੁਮਾਰੀ : ਆਪਣੀ ਬੋਲੀ ਅਤੇ ਪਛਾਣ ਦੀ ਅਹਿਮੀਅਤ



ਡਾ. ਗੁਰਵਿੰਦਰ ਸਿੰਘ
604-825-1550






ਹਰੇਕ ਪੰਜ ਸਾਲ ਬਾਅਦ ਕੈਨੇਡਾ ਦਾ ਅੰਕੜਾ ਵਿਭਾਗ ਮਰਦਮਸ਼ੁਮਾਰੀ ਕਰਦਾ ਹੈ। ਮਰਦਮਸ਼ੁਮਾਰੀ ਦੌਰਾਨ ਕੈਨੇਡਾ ਵਿੱਚ ਵਸਦੇ ਲੋਕਾਂ ਦੀ ਗਿਣਤੀ ਤੋਂ ਇਲਾਵਾ, ਉਨ੍ਹਾਂ ਦੇ ਪਰਿਵਾਰਕ ਪਿਛੋਕੜ, ਧਰਮ, ਭਾਸ਼ਾ, ਕੰਮ-ਕਾਰ ਅਤੇ ਆਮਦਨ ਆਦਿ ਬਾਰੇ ਅੰਕੜੇ ਇਕੱਤਰ ਕੀਤੇ ਜਾਂਦੇ ਹਨ। ਮਰਦਮਸ਼ੁਮਾਰੀ ਰਾਹੀਂ ਹੀ ਕੈਨੇਡਾ ਸਰਕਾਰ ਨੂੰ ਦੇਸ਼ ਵਿੱਚ ਸੱਭਿਆਚਾਰਕ ਵੰਨ-ਸਵੰਨਤਾ, ਸਮਾਜਿਕ ਬਦਲਾਵਾਂ ਅਤੇ ਆਰਥਿਕ ਝੁਕਾਵਾਂ ਬਾਰੇ ਜਾਣਕਾਰੀ ਹਾਸਲ ਹੁੰਦੀ ਹੈ। ਮਰਦਮਸ਼ੁਮਾਰੀ ਦੇ ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਹੀ ਸਰਕਾਰ ਨੂੰ ਲੋਕਾਂ ਲਈ ਵੱਖ- ਵੱਖ ਸਹੂਲਤਾਂ ਬਾਰੇ ਫ਼ੈਸਲੇ ਲੈਣ ਵਿੱਚ ਸੇਧ ਮਿਲਦੀ ਹੈ। ਕੈਨੇਡਾ ਵਿਚ ਰਹਿੰਦੇ ਹਰ ਵਿਅਕਤੀ ਲਈ ਮਰਦਮਸ਼ੁਮਾਰੀ ਵਿੱਚ ਹਿੱਸਾ ਲੈਣਾ ਨੈਤਿਕ ਫ਼ਰਜ਼ ਬਣਦਾ ਹੈ। ਕੈਨੇਡਾ ਦੇ ਨਾਗਰਿਕਾਂ ਅਤੇ ਸਥਾਈ ਆਵਾਸੀਆਂ ਤੋਂ ਇਲਾਵਾ, ਇੱਥੇ ਪੜ੍ਹਨ ਆਏ ਵਿਦਿਆਰਥੀਆਂ ਅਤੇ ਕਾਮਿਆਂ ਨੂੰ ਵੀ ਇਸ ਮਰਦਮਸ਼ੁਮਾਰੀ ਵਿਚ ਹਿੱਸਾ ਲੈਣ ਦਾ ਹੱਕ ਹੈ। ਅੱਜਕੱਲ੍ਹ ਕੈਨੇਡਾ ਵਾਸੀਆਂ ਨੂੰ ਡਾਕ ਰਾਹੀਂ ਚਿੱਠੀਆਂ ਮਿਲ ਰਹੀਆਂ ਹਨ, ਜਿਨ੍ਹਾਂ ਵਿਚ ਮਰਦਮਸ਼ੁਮਾਰੀ ਬਾਰੇ ਗੁਪਤ ਕੋਡ ਲਿਖਿਆ ਹੁੰਦਾ ਹੈ, ਜੋ ਮਰਦਮਸ਼ੁਮਾਰੀ ਦੀ ਵੈੱਬਸਾਈਟ 'ਤੇ ਫਾਰਮ ਭਰਨ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਇਹ ਫਾਰਮ ਦੋ ਵੱਖੋ- ਵੱਖਰੇ ਕਿਸਮ ਦੇ ਹਨ, ਜਿਨ੍ਹਾਂ ਵਿੱਚ ਇੱਕ ਲੰਮਾ ਅਤੇ ਦੂਸਰਾ ਛੋਟਾ ਹੈ। ਪੰਝਤਰ ਫ਼ੀਸਦੀ ਲੋਕਾਂ ਨੂੰ ਛੋਟਾ ਫਾਰਮ ਭਰਨ ਲਈ ਮਿਲ ਰਿਹਾ ਹੈ, ਜਦਕਿ ਪੱਚੀ ਫ਼ੀਸਦੀ ਲੋਕਾਂ ਨੂੰ ਲੰਮਾ ਫਾਰਮ ਭਰਨ ਲਈ ਮਿਲ ਰਿਹਾ ਹੈ। ਡਾਕ ਰਾਹੀਂ ਮਰਦਮਸ਼ੁਮਾਰੀ ਬਾਰੇ ਪਹੁੰਚੀਆਂ ਚਿੱਠੀਆਂ ਮਕਾਨ ਮਾਲਕਾਂ ਤੋਂ ਇਲਾਵਾ ਕਿਰਾਏਦਾਰਾਂ ਲਈ ਵੀ ਹਨ, ਜੋ ਕਿ ਉਨ੍ਹਾਂ ਨੂੰ ਪਹੁੰਚਾਈਆਂ ਜਾਣੀਆਂ ਜ਼ਰੂਰੀ ਹਨ। ਉਂਝ ਚਾਹੇ ਇਸ ਦੀ ਤਾਰੀਖ ਮਈ ਦੇ ਦੂਜੇ ਹਫਤੇ ਤੱਕ ਸੀਮਤ ਹੁੰਦੀ ਹੈ, ਐਪਰ ਮਰਦਮਸ਼ੁਮਾਰੀ ਵਿਭਾਗ ਨਾਲ ਹੋਈ ਗੱਲਬਾਤ ਅਨੁਸਾਰ ਇਹ ਫਾਰਮ ਕੁਝ ਮਗਰੋਂ ਵੀ ਸਵੀਕਾਰ ਕੀਤੇ ਜਾ ਸਕਦੇ ਹਨ। ਜੇਕਰ ਕਿਸੇ ਨੂੰ ਫਾਰਮ ਨਹੀਂ ਮਿਲ ਰਿਹਾ ਜਾਂ ਫੋਨ ਨਹੀਂ ਆਉਂਦਾ, ਤਾਂ ਉਹ ਫੋਨ ਨੰਬਰ 1-833-852-2026 'ਤੇ ਸੰਪਰਕ ਕਰਕੇ ਜਾਣਕਾਰੀ ਹਾਸਲ ਕਰ ਸਕਦਾ ਹੈ।

ਪਹਿਲਾ ਵਿਚਾਰਨ ਯੋਗ ਪੱਖ ਇਹ ਹੈ ਕਿ ਸਰਕਾਰੀ ਵੈਬਸਾਈਟ 'ਤੇ ਮਰਦਮਸ਼ੁਮਾਰੀ ਫਾਰਮ ਜਾਂ ਘਰੇ ਮਿਲੇ ਫਾਰਮ ਭਰਨ ਸਮੇਂ ਪਹਿਲੇ ਪੰਨੇ 'ਤੇ ਪਛਾਣ ਪੁੱਛੀ ਜਾਂਦੀ ਹੈ, ਜਿਵੇਂ ਕਿ ਵਾਈਟ, ਬਲੈਕ, ਚੀਨੀ, ਫਿਲਪਾਈਨੀ, ਜਪਾਨੀ, ਕੋਰੀਅਨ, ਅਰਬ, ਲੈਟਰਨ ਅਮਰੀਕਨ, ਸਾਊਥ ਏਸ਼ੀਅਨ, ਸਾਊਥ ਈਸਟ ਏਸ਼ੀਅਨ, ਵੈਸਟ ਏਸ਼ੀਅਨ ਆਦਿ ਲਿਖਿਆ ਹੁੰਦਾ ਹੈ। ਜ਼ਿਆਦਾਤਰ ਪੰਜਾਬੀ ਉਸ ਵਿੱਚ ਸਾਊਥ ਏਸ਼ਅਨ ਭਾਵ ਦੱਖਣੀ ਏਸ਼ੀਆਈ ਭਰਦੇ ਹਨ, ਕਿਉਂਕਿ ਇਸ ਖਾਨੇ ਦੇ ਵਿਸਥਾਰ ਵਿੱਚ ਸਾਊਥ ਏਸ਼ੀਅਨ ਅਧੀਨ ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ ਆਦਿਕ ਲਿਖਿਆ ਹੁੰਦਾ ਹੈ, ਐਪਰ ਇਹ ਸਹੀ ਜਾਣਕਾਰੀ ਨਹੀਂ ਹੈ। ਸਾਡੀ ਇਹ ਪਛਾਣ ਨਹੀਂ ਹੈ। ਇਸ ਦੀ ਥਾਂ ਫਾਰਮ ਦੇ ਪਹਿਲੇ ਪੰਨੇ ਦੇ ਅੰਤ ਵਿੱਚ 'ਅਦਰਜ਼' ਭਾਵ 'ਹੋਰ' ਲਿਖਿਆ ਹੈ, ਉਸ ਵਿੱਚ ਸਹੀ ਦਾ ਨਿਸ਼ਾਨ ਲਾ ਕੇ, ਅੱਗੇ ਪਛਾਣ ਭਰ ਸਕਦੇ ਹਾਂ, ਜਿਵੇਂ ਕਿ ਸਿੱਖ। ਇਉਂ ਅਸੀਂ ਦੱਖਣੀ ਏਸ਼ੀਆਈ ਨਾ ਹੋ ਕੇ, ਆਪਣੀ ਮੌਲਿਕ ਪਛਾਣ ਨੂੰ ਬਿਆਨ ਕਰ ਸਕਦੇ ਹਾਂ। ਇਥੇ ਸਪਸ਼ਟ ਹੋਣਾ ਚਾਹੀਦਾ ਹੈ ਕਿ ਅਸੀਂ ਦੱਖਣੀ ਏਸ਼ੀਆਈ ਨਹੀਂ ਹਾਂ। ਇਹ ਇੱਕ ਨਸਲਵਾਦੀ ਵਰਤਾਰਾ ਹੈ। ਅਸੀਂ ਕੈਨੇਡੀਅਨ ਸਿੱਖ ਹੁੰਦੇ ਹੋਏ ਵੀ ਆਪਣੀ ਬੋਲੀ ਪੱਖੋ ਪੰਜਾਬੀ ਹਾਂ, ਐਪਰ ਅਸੀਂ ਦੱਖਣੀ ਏਸ਼ੀਆਈ ਨਹੀਂ ਹਾਂ।

ਦੂਜਾ ਮਹੱਤਵਪੂਰਨ ਪੱਖ ਇਹ ਹੈ ਕਿ ਕੈਨੇਡਾ ਸਰਕਾਰ ਵੱਲੋਂ ਮਰਦਮਸ਼ੁਮਾਰੀ ਫਾਰਮਾਂ ਵਿੱਚ ਭਾਸ਼ਾ ਦਾ ਖਾਨਾ ਦਰਜ ਕੀਤਾ ਗਿਆ ਹੈ। ਭਾਸ਼ਾ ਪੱਖੋਂ ਅੰਕੜਿਆਂ ਦੇ ਆਧਾਰ 'ਤੇ ਹੀ ਵੱਖ-ਵੱਖ ਬੋਲੀਆਂ ਬੋਲਣ ਵਾਲੇ ਲੋਕਾਂ ਲਈ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਕੈਨੇਡਾ ਵਿੱਚ ਬੋਲੀਆਂ ਜਾਣ ਵਾਲੀਆਂ ਵੱਖ-ਵੱਖ ਜ਼ਬਾਨਾਂ ਵਿਚ ਪੰਜਾਬੀ ਦੀ ਚੜ੍ਹਦੀ ਕਲਾ ਦੀਆਂ ਮਿਸਾਲਾਂ, ਪੰਜਾਬ ਦੀ ਧਰਤੀ 'ਤੇ ਵੀ ਦਿੱਤੀਆਂ ਜਾਂਦੀਆਂ ਹਨ। ਇਥੇ ਵਸਦੇ ਪੰਜਾਬੀਆਂ ਅੰਦਰ ਮਾਂ-ਬੋਲੀ ਲਈ ਠਾਠਾਂ ਮਾਰਦੇ ਪਿਆਰ ਦੀ ਗੱਲ ਕਰਦਿਆਂ, ਆਮ ਹੀ ਕਿਹਾ ਜਾਂਦਾ ਹੈ ਕਿ ਕੈਨੇਡਾ ਵਿੱਚ 'ਪੰਜਾਬ' ਵੱਸਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ 120 ਸਾਲ ਤੋਂ ਵੱਧ ਸਮੇਂ ਤੋਂ ਇਥੇ ਵਸੇ ਪੰਜਾਬੀਆਂ ਨੇ ਆਪਣੀ ਬੋਲੀ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੈ। ਇਥੋਂ ਦੇ ਕਈ ਸ਼ਹਿਰਾਂ 'ਚ ਪੰਜਾਬ ਤੋਂ ਆਇਆ ਕੋਈ ਵਿਅਕਤੀ ਜਦੋਂ ਘਰੋਂ ਬਾਹਰ ਨਿਕਲਦਾ ਹੈ, ਤਾਂ ਉਸ ਨੂੰ ਭੁਲੇਖਾ ਪੈਣ ਲੱਗ ਪੈਂਦਾ ਹੈ ਕਿ ਉਹ ਸ਼ਾਇਦ ਪੰਜਾਬ ਦੇ ਕਿਸੇ ਸ਼ਹਿਰ 'ਚ ਘੁੰਮ ਰਿਹਾ ਹੋਵੇ। ਕੈਨੇਡਾ ਵਿਚ ਵੱਖ-ਵੱਖ ਸਮੇਂ ਹੋਈ ਮਰਦਮਸ਼ੁਮਾਰੀ ਦੇ ਅੰਕੜੇ ਪੰਜਾਬੀ ਦੀ ਤਰੱਕੀ ਦੀ ਗਵਾਹੀ ਭਰਦੇ ਹਨ। ਇਨ੍ਹਾਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਕੈਨੇਡਾ ਦੀ ਕੁੱਲ ਗਿਣਤੀ ਦੇ ਹਿਸਾਬ ਨਾਲ 0.43 ਫੀਸਦੀ ਤੋਂ ਵਧ ਕੇ 1.7 ਫੀਸਦੀ ਦੇ ਨੇੜੇ ਜਾ ਪਹੁੰਚੀ ਹੈ। ਜੇਕਰ ਕੈਨੇਡਾ 'ਚ ਪੰਜਾਬੀਆਂ ਵੱਲੋਂ ਆਪਣੀ ਮਾਂ ਬੋਲੀ ਪੰਜਾਬੀ ਲਿਖਵਾਉਣ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇਹ 1991 ਵਿੱਚ 113, 220 (0.43%), 1996 ਵਿੱਚ 201, 780 (0.70%), 2001 ਵਿੱਚ 271, 200 (0.90%), 2006 ਵਿੱਚ 367, 505 (1.18%), 2011 ਵਿੱਚ 459,990 (1.30 %) ਅਤੇ 2016 ਵਿੱਚ 568,375 (1.7%) ਤੱਕ ਪਹੁੰਚ ਚੁੱਕੀ ਹੈ। 2021 ਦੀ ਮਰਦਮਸ਼ੁਮਾਰੀ ਵਿੱਚ, ਮਾਂ ਬੋਲੀ ਪੰਜਾਬੀ ਲਿਖਵਾਉਣ ਵਾਲਿਆਂ ਦੀ ਗਿਣਤੀ 763,787, ਘਰਾਂ 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 827,150 ਅਤੇ ਬਾਕੀ ਜ਼ਬਾਨਾਂ ਨਾਲ ਪੰਜਾਬੀ ਵੀ ਬੋਲਣ ਵਾਲਿਆਂ ਦੀ ਗਿਣਤੀ 9 ਲੱਖ 42 ਹਜ਼ਾਰ ਤੋਂ ਵੱਧ ਸੀ। ਹੁਣ ਕੈਨੇਡਾ ਵਿੱਚ 2 ਮਿਲੀਅਨ ਦੇ ਕਰੀਬ ਪੰਜਾਬੀ ਰਹਿੰਦੇ ਹਨ, ਜਿਸ ਹਿਸਾਬ ਨਾਲ 2026 ਦੀ ਮਰਦਮਸ਼ੁਮਾਰੀ ਵਿੱਚ ਪੰਜਾਬੀਆਂ ਦੀ ਕੈਨੇਡਾ ਵਿਚਲੀ ਵਸੋਂ ਦੇ ਹਿਸਾਬ ਨਾਲ ਅੰਕੜੇ ਦੁੱਗਣੇ ਹੋਣੇ ਚਾਹੀਦੇ ਹਨ।

ਕੈਨੇਡਾ ਵਸਦੇ ਪੰਜਾਬੀਆਂ ਦੀ ਗਿਣਤੀ ਲਗਾਤਾਰ ਵਧਣ ਦੇ ਅੰਕੜਿਆਂ ਮੁਤਾਬਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵੀ ਵਧਣੀ ਜ਼ਰੂਰੀ ਹੈ।ਇਹ ਵੀ ਆਮ ਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਕੈਨੇਡਾ 'ਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਤੀਜੀ ਬੋਲੀ ਹੈ। ਪਰ ਇਹ ਜਾਣ ਕੇ ਪੰਜਾਬੀਆਂ ਨੂੰ ਦੁੱਖ ਤੇ ਹੈਰਾਨੀ ਹੋਵੇਗੀ ਕਿ ਕੁਝ ਸਮਾਂ ਪਹਿਲਾਂ ਪੰਜਾਬੀ ਦਾ ਸਥਾਨ ਤੀਜਾ ਜ਼ਰੂਰ ਹੁੰਦਾ ਸੀ, ਪਰ ਹੁਣ ਇਹ ਨਹੀਂ ਰਿਹਾ, ਜਿਸ ਦੀ ਸਹੀ ਤਸਵੀਰ ਪੰਜਾਬੀਆਂ ਤੱਕ ਪਹੁੰਚਾਉਣੀ ਜ਼ਰੂਰੀ ਹੈ। ਇਹ ਕੌੜੀ ਸੱਚਾਈ ਹੈ ਕਿ ਕੈਨੇਡਾ 'ਚ ਪੰਜਾਬੀ ਬੋਲੀ ਤੀਜੇ ਸਥਾਨ ਤੋਂ ਖਿਸਕ ਕੇ ਪੰਜਵੇਂ ਥਾਂ 'ਤੇ ਪਹੁੰਚ ਚੁੱਕੀ ਹੈ। ਬੋਲੀ ਆਧਾਰਿਤ ਅੰਕੜਿਆਂ ਅਨੁਸਾਰ ਸੰਨ 2011 ਦੀ ਜਨ-ਗਣਨਾ ਅਨੁਸਾਰ, ਅੰਗਰੇਜ਼ੀ ਤੇ ਫਰੈਂਚ ਤੋਂ ਮਗਰੋਂ, ਇੰਮੀਗਰੈਂਟ ਭਾਈਚਾਰਿਆਂ ਦੀਆਂ ਮਾਂ- ਬੋਲੀਆਂ ਦੀ ਸੂਚੀ 'ਚ ਪੰਜਾਬੀ ਪਹਿਲੇ ਥਾਂ 'ਤੇ ਸੀ, ਭਾਵ ਕੁਲ ਮਿਲਾ ਕੇ ਕੈਨੇਡਾ ਵਿੱਚ ਤੀਜੇ ਸਥਾਨ 'ਤੇ । ਸੰਨ 2011 ਦੇ ਅੰਕੜਿਆਂ ਮੁਤਾਬਿਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 459,990 ਸੀ, ਜਦਕਿ ਚੀਨੀ ਭਾਈਚਾਰੇ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ 'ਚ ਕੈਂਟਨੀਜ਼ ਬੋਲਣ ਵਾਲੇ 388,935 ਅਤੇ ਮੈਂਡਰੀਨ ਬੋਲਣ ਵਾਲੇ 255,160 ਸਨ, ਐਪਰ ਪੰਜ ਸਾਲਾਂ ਮਗਰੋਂ 2016 ਦੇ ਅੰਕੜਿਆਂ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਸਿਰਫ਼ 568, 375 ਤੱਕ ਹੀ ਪਹੁੰਚ ਸਕੀ। ਦੂਜੇ ਪਾਸੇ ਮੈਂਡਰੀਨ ਬੋਲਣ ਵਾਲੇ 610, 835 ਅਤੇ ਕੈਂਟਨੀਜ਼ ਬੋਲਣ ਵਾਲੇ 594,030 ਦੀ ਗਿਣਤੀ ਤੱਕ ਪਹੁੰਚ ਗਏ। ਇਉਂ ਪੰਜਾਬੀ ਬੋਲਣ ਵਾਲੇ ਤੀਜੇ ਥਾਂ ਤੋਂ ਪੰਜਵੇਂ 'ਤੇ ਆ ਪਹੁੰਚੇ, ਜਦਕਿ ਤੀਜੀ ਤੇ ਚੌਥੀ ਥਾਂ ਮੈਂਡਰੀਨ ਤੇ ਕੈਂਟਨੀਜ਼ ਨੇ ਲੈ ਲਈ। ਛੇਵੇਂ ਤੇ ਸੱਤਵੇਂ ਥਾਂ 'ਤੇ ਕ੍ਰਮਵਾਰ ਫਿਲਪੀਨੋ ਭਾਈਚਾਰੇ ਦੀ ਬੋਲੀ ਟੈਗਾਲੋਗ (510,420) ਅਤੇ ਸਪੈਨਿਸ਼ (495, 090) ਆਉਂਦੀਆਂ ਹਨ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਉਨ੍ਹਾਂ ਦੀ ਵਸੋਂ ਦੇ ਅਨੁਪਾਤ ਮੁਤਾਬਕ ਨਾ ਵਧਣੀ, ਪੰਜਾਬੀ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਹੈ।

ਕੈਨੇਡਾ ਵਸਦੇ ਪੰਜਾਬੀਆਂ ਵੱਲੋਂ ਇਸ ਗੱਲ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਕਿ ਕੀ ਕਾਰਨ ਹੈ ਕਿ ਕੈਨੇਡਾ 'ਚ ਪੰਜਾਬੀਆਂ ਦੀ ਗਿਣਤੀ ਤਾਂ ਬੜੀ ਤੇਜ਼ੀ ਨਾਲ ਵੱਧ ਰਹੀ ਹੈ, ਐਪਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਪੱਛੜ ਰਹੀ ਹੈ। ਇਹਨਾਂ ਕਾਰਨਾਂ ਨੂੰ ਖੁੱਲੇ ਮਨ ਨਾਲ ਵਿਚਾਰਨ ਦੀ ਲੋੜ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਮਰਦਸ਼ਸ਼ੁਮਾਰੀ ਸਮੇਂ ਪੰਜਾਬੀਆਂ ਵੱਲੋਂ ਮਾਂ-ਬੋਲੀ ਲਿਖਵਾਉਣ ਲਈ ਉਤਸ਼ਾਹ ਉਨਾ ਨਹੀਂ ਦਿਸਦਾ, ਜਿੰਨਾ ਹੋਣਾ ਚਾਹੀਦਾ ਹੈ। ਕੈਨੇਡਾ ਦੇ ਪੰਜਾਬੀ ਮੀਡੀਏ ਵੱਲੋਂ ਵਾਰ-ਵਾਰ ਪ੍ਰਚਾਰਨ ਦੇ ਬਾਵਜੂਦ ਬਹੁਤ ਸਾਰੇ ਪੰਜਾਬੀ ਮਰਦਮਸ਼ੁਮਾਰੀ ਮੌਕੇ ਫਾਰਮ ਭਰਨ ਦੌਰਾਨ, ਆਪਣੀ ਮਾਂ - ਬੋਲੀ ਲਿਖਵਾਉਣ ਤੋਂ ਹੀ ਘੇਸਲ ਮਾਰ ਜਾਂਦੇ ਹਨ। ਜੇ ਰੁਝਾਨ ਇਹੀ ਰਿਹਾ, ਤਾਂ 2026 ਦੀ ਮਰਦਸਸ਼ੁਮਾਰੀ ਵਿੱਚ ਪੰਜਾਬੀ ਬੋਲੀ ਦਾ ਪੰਜਵਾਂ ਸਥਾਨ ਵੀ ਖੁੱਸਣ 'ਚ ਦੇਰ ਨਹੀਂ ਲੱਗਣੀ।

ਦੂਜੀ ਗੱਲ ਇਹ ਹੈ ਕਿ ਪੰਜਾਬੀ ਕੈਨੇਡਾ 'ਚ ਅਜੇ ਵੀ ਵਿਦੇਸ਼ੀ ਭਾਸ਼ਾ ਹੀ ਹੈ ਅਤੇ ਕੈਨੇਡੀਅਨ ਭਾਸ਼ਾ ਵਜੋਂ ਮਾਨਤਾ ਹਾਸਿਲ ਨਹੀਂ ਕਰ ਸਕੀ। ਇਹ ਗੱਲ ਜ਼ਿਕਰਯੋਗ ਹੈ ਕਿ ਕੈਨੇਡਾ 'ਚ ਦੋ ਮੁੱਖ ਭਾਸ਼ਾਵਾਂ ਅੰਗਰੇਜ਼ੀ ਤੇ ਫਰੈਂਚ ਦਫ਼ਤਰੀ ਰੂਪ 'ਚ ਸਰਕਾਰੀ ਭਾਸ਼ਾਵਾਂ ਹਨ, ਐਪਰ ਇਥੇ 'ਰਾਸ਼ਟਰੀ ਭਾਸ਼ਾ' ਦੇ ਨਾਂ 'ਤੇ ਝਗੜੇ ਖੜੇ ਕਰਨ ਵਾਲਾ ਅਜਿਹਾ ਕੋਈ ਰੇੜਕਾ ਨਹੀਂ, ਜਿਵੇਂ ਕਿ ਭਾਰਤ 'ਚ ਹਿੰਦੀ ਨੂੰ ਲੈ ਕੇ 'ਇਕ ਭਾਸ਼ਾ ਤੇ ਇਕ ਰਾਸ਼ਟਰ' ਆਦਿ ਦੇ ਬੇਤੁਕੇ ਨਾਅਰੇ ਲਾਏ ਜਾਂਦੇ ਹਨ। ਇਥੇ ਚੁਣੌਤੀ ਇਹ ਹੈ ਕਿ ਇੰਮੀਗਰਾਂਟ ਭਾਈਚਾਰੇ ਦੀ ਬੋਲੀ ਹੋਣ ਕਾਰਨ ਪੰਜਾਬੀ ਅਜੇ ਵੀ ਸੰਘਰਸ਼ ਦੇ ਦੌਰ 'ਚੋਂ ਗੁਜ਼ਰ ਰਹੀ ਹੈ।

ਅੱਜ ਕੈਨੇਡਾ 'ਚ ਵਸਦੇ ਪੰਜਾਬੀ ਜੇਕਰ ਆਪਣੀ ਨਾਗਰਿਕਤਾ ਕਾਰਨ ਕੈਨੇਡੀਅਨ ਹਨ, ਤਾਂ ਫਿਰ ਉਨ੍ਹਾਂ ਦੀ ਬੋਲੀ ਵਿਦੇਸ਼ੀ ਕਿਵੇਂ ਹੋਈ? ਜੇਕਰ ਪਾਰਲੀਮੈਂਟ 'ਚ ਪੰਜਾਬੀਆਂ ਦੀ ਗਿਣਤੀ ਡੇਢ ਦਰਜਨ ਹੈ ਤੇ ਕਈ ਸੂਬਿਆਂ 'ਚ ਵੀ ਪੰਜਾਬੀ ਸਿਆਸਤਦਾਨਾਂ ਦਾ ਬੋਲਬਾਲਾ ਹੈ, ਫਿਰ ਉਹ ਆਪਣੀ ਮਾਂ ਬੋਲੀ ਪੰਜਾਬੀ ਲਈ ਦ੍ਰਿੜ ਇਰਾਦਾ ਕਿਉਂ ਨਹੀਂ ਰੱਖਦੇ? ਜੇਕਰ ਸਾਡੇ ਰਾਜਸੀ ਲੀਡਰ ਪ੍ਰਣ ਕਰਨ ਕਿ ਉਨ੍ਹਾਂ ਪੰਜਾਬੀ ਨੂੰ ਕੈਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣੀ ਹੈ ਤੇ 'ਵਿਦੇਸ਼ੀ ਬੋਲੀ' ਨਹੀਂ ਰਹਿਣ ਦੇਣਾ, ਤਾਂ ਪੰਜਾਬੀ ਵੀ ਕੈਨੇਡਾ 'ਚ ਬੇਗਾਨੀ ਨਹੀਂ ਰਹੇਗੀ ਤੇ ਉਹ 'ਕੈਨੇਡੀਅਨ ਬੋਲੀ' ਵਜੋਂ ਮਾਨਤਾ ਹਾਸਿਲ ਕਰ ਲਵੇਗੀ।

- ਬਾਕੀ ਅਗਲੇ ਸਫ਼ੇ 'ਤੇ

# ਤੁਹਾਨੂੰ ਪੜ੍ਹਨਾ ਕਿਉਂ ਨਹੀਂ ਆਉਂਦਾ?

ਕੁਲਵਿੰਦਰ ਸਿੰਘ ਮਲੋਟ
ਸੰਪਰਕ: 98760-64576



ਪੰਜਾਬ ਵਿੱਚ ਮੌਜੂਦਾ ਸਰਕਾਰ ਦੇ ਸੱਤਾ ਵਿੱਚ ਆਉਂਦਿਆਂ ਹੀ ਸਰਕਾਰੀ ਦਫ਼ਤਰਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਅੰਬੇਦਕਰ ਦੀਆਂ ਤਸਵੀਰਾਂ ਲਗਾਉਣ ਦਾ ਫ਼ੈਸਲਾ ਕੀਤਾ ਗਿਆ ਸੀ। ਇਸ ਕਦਮ ਤੋਂ ਉਮੀਦ ਜਾਗੀ ਸੀ ਕਿ ਸ਼ਾਇਦ ਹੁਣ ਸਰਕਾਰੀ ਸਕੂਲਾਂ ਦੀ ਦਸ਼ਾ ਸੁਧਰੇਗੀ। ਸ਼ਹੀਦ ਭਗਤ ਸਿੰਘ ਖ਼ੁਦ ਡੂੰਘੇ ਅਧਿਐਨ ਅਤੇ ਤਰਕਸ਼ੀਲ ਸੋਚ ਦੇ ਮੁਦਈ ਸਨ। ਇਹਨਾਂ ਤਸਵੀਰਾਂ ਦੀ ਅਸਲ ਸਾਰਥਕਤਾ ਉਦੋਂ ਸਿੱਧ ਹੋਣੀ ਸੀ, ਜੇਕਰ ਸਰਕਾਰੀ ਸਕੂਲਾਂ ਦਾ ਹਰ ਬੱਚਾ ਮੁੱਢਲੀ ਭਾਸ਼ਾ ਅਤੇ ਗਣਿਤ ਸਿੱਖ ਕੇ ਵਿਚਾਰ ਕਰਨ ਅਤੇ ਤਰਕਸ਼ੀਲ ਬਣਨ ਦੇ ਯੋਗ ਹੋ ਸਕਦਾ। ਪਰ ਅਫ਼ਸੋਸ ਕਿ ਬਹੁਤੇ ਵਿਦਿਆਰਥੀ ਮੁੱਢਲੇ ਪੜ੍ਹਨ-ਲਿਖਣ ਦੇ ਪੜਾਅ 'ਤੇ ਹੀ ਅਟਕੇ ਹੋਏ ਹਨ। ਬੀਤੇ ਦਿਨੀਂ ਮਾਛੀਵਾੜਾ ਦੇ ਇੱਕ ਪ੍ਰਾਇਮਰੀ ਸਕੂਲ ਵਿੱਚ ਸਿੱਖਿਆ ਮੰਤਰੀ ਦੇ ਛਾਪੇ ਦੀ ਵਾਇਰਲ ਵੀਡੀਓ ਇਸ ਦੀ ਪ੍ਰਤੱਖ ਉਦਾਹਰਣ ਹੈ, ਜਿੱਥੇ ਤੀਜੀ ਜਮਾਤ ਦੇ 27 ਬੱਚਿਆਂ ਵਿੱਚੋਂ ਸਿਰਫ਼ 7-8 ਹੀ ਪੜ੍ਹਨਾ ਜਾਣਦੇ ਸਨ। ਅਧਿਆਪਕਾਂ ਦੀ ਘਾਟ (6 ਵਿੱਚੋਂ 3 ਪੋਸਟਾਂ ਖਾਲੀ) ਅਤੇ ਅਧਿਆਪਕਾਂ ਦੀ ਕਥਿਤ ਲਾਪਰਵਾਹੀ ਵਰਗੇ ਕਾਰਨਾਂ ਕਰਕੇ ਬੀ ਪੀ ਈ ਓ ਨੂੰ ਮੁਅੱਤਲ ਕਰ ਦਿੱਤਾ ਗਿਆ। ਪਰ 'ਪੜ੍ਹਨਾ ਕਿਉਂ ਨਹੀਂ ਆਉਂਦਾ?'- ਇਸ ਸਵਾਲ ਦੀ ਜੜ੍ਹ ਪ੍ਰਸ਼ਾਸਨਿਕ ਕਾਰਵਾਈਆਂ ਤੋਂ ਕਿਤੇ ਡੂੰਘੀ ਹੈ, ਜੋ ਸਾਡੇ ਸਿੱਖਿਆ ਪ੍ਰਬੰਧ ਦੇ ਨੁਕਸਾਂ ਨਾਲ ਜੁੜੀ ਹੋਈ ਹੈ।

ਪਹਿਲੀ ਜਮਾਤ ਵਿੱਚ ਦਾਖ਼ਲੇ ਦੀ ਅਨਿਸ਼ਚਿਤਤਾ ਅਤੇ ਲਗਾਤਾਰ ਗ਼ੈਰ-ਹਾਜ਼ਰੀ ਦੇ ਬਾਵਜੂਦ ਬੱਚਿਆਂ ਨੂੰ ਅਗਲੀ ਜਮਾਤ ਵਿੱਚ ਚਾੜ੍ਹ ਦਿੱਤਾ ਜਾਂਦਾ ਹੈ। ਅਧਿਆਪਕ ਪਿਛਲੀ ਕਮੀ ਨੂੰ ਪੂਰਾ ਕਰਨ ਦੀ ਬਜਾਏ ਸਿਰਫ਼ ਸਿਲੇਬਸ ਖ਼ਤਮ ਕਰਨ ਨੂੰ ਤਰਜੀਹ ਦਿੰਦੇ ਹਨ। ਪੰਜਵੀਂ ਅਤੇ ਅੱਠਵੀਂ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਆਬਜੈਕਟਿਵ (ਬਹੁ-ਵਿਕਲਪੀ) ਪ੍ਰਸ਼ਨ ਪ੍ਰਣਾਲੀ ਅਤੇ ਗ੍ਰੇਸ ਅੰਕਾਂ ਦੀ ਖੁੱਲ੍ਹ ਨੇ ਲਿਖਣ-ਪੜ੍ਹਨ ਦੀ ਲੋੜ ਨੂੰ ਲਗਪਗ ਖ਼ਤਮ ਕਰ ਦਿੱਤਾ ਹੈ। ਨਤੀਜੇ ਵਜੋਂ, ਬਿਨਾਂ ਬੁਨਿਆਦੀ ਗਿਆਨ ਦੇ ਬੱਚੇ ਅਗਲੀਆਂ ਜਮਾਤਾਂ ਵਿੱਚ ਪਹੁੰਚ ਰਹੇ ਹਨ, ਜੋ ਸਿਸਟਮ ਦੀ ਸਭ ਤੋਂ ਵੱਡੀ ਨਾਕਾਮੀ ਹੈ।

ਸਿੱਖਿਆ ਅਧਿਕਾਰ ਐਕਟ (ਆਰ ਟੀ ਈ) ਦੀਆਂ ਨੀਤੀਆਂ- ਜਿਵੇਂ ਫ਼ੇਲ੍ਹ ਨਾ ਕਰਨ, ਸਜ਼ਾ ਨਾ ਦੇਣ ਅਤੇ ਨਾਮ ਨਾ ਕੱਟਣ- ਨੇ ਅਧਿਆਪਕਾਂ ਦੇ ਅਧਿਕਾਰ ਲਗਪਗ ਖੋਹ ਲਏ ਹਨ। ਇਹ ਵੱਡੀ ਵਿਡੰਬਨਾ ਹੈ ਕਿ ਲਾਪਰਵਾਹ ਵਿਦਿਆਰਥੀ ਨੂੰ ਸਜ਼ਾ ਦੇਣ ਦਾ ਅਧਿਕਾਰ ਅਧਿਆਪਕ ਕੋਲ ਨਹੀਂ, ਪਰ ਬੱਚਿਆਂ ਦੀ ਮਾੜੀ ਕਾਰਗੁਜ਼ਾਰੀ ਲਈ ਅਧਿਆਪਕ ਖ਼ੁਦ ਸਜ਼ਾ ਦਾ ਹੱਕਦਾਰ ਬਣਦਾ ਹੈ। ਅੱਜ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿੱਚ ਰੱਖਣਾ ਵੀ ਮੁਸ਼ਕਲ ਹੋ ਰਿਹਾ ਹੈ। ਦੂਜੇ ਪਾਸੇ, ਅਧਿਆਪਕ ਅਤੇ ਸਕੂਲ ਮੁਖੀ ਗਰਾਂਟਾਂ ਦੇ ਹਿਸਾਬ-ਕਿਤਾਬ, ਦਫ਼ਤਰੀ ਡਾਟਾ ਇਕੱਠਾ ਕਰਨ ਅਤੇ ਗ਼ੈਰ-ਵਿੱਦਿਅਕ ਗਤੀਵਿਧੀਆਂ ਵਿੱਚ ਇਸ ਕਦਰ ਰੁੱਝੇ ਹੋਏ ਹਨ ਕਿ ਉਹ ਜਮਾਤਾਂ ਵਿੱਚ ਜਾ ਕੇ ਵੀ ਪੜ੍ਹਾਉਣ ਤੋਂ ਅਸਮਰੱਥ ਹਨ। 'ਪੜ੍ਹੋ ਪੰਜਾਬ' ਜਾਂ 'ਸਮਰੱਥ' ਵਰਗੇ ਮਿਸ਼ਨ ਅਤੇ ਮੁਖੀਆਂ ਦੇ ਵਿਦੇਸ਼ੀ ਦੌਰੇ ਅਧਿਆਪਕਾਂ ਦੇ ਦਫ਼ਤਰੀ ਦਬਾਅ ਅਤੇ ਸਿਲੇਬਸ ਖ਼ਤਮ ਕਰਨ ਦੀ ਮਜਬੂਰੀ ਅੱਗੇ ਦਮ ਤੋੜ ਰਹੇ ਹਨ।

ਇਸ ਗੰਭੀਰ ਸਮੱਸਿਆ ਦੇ ਹੱਲ ਲਈ ਕੁਝ ਬੁਨਿਆਦੀ ਤਬਦੀਲੀਆਂ ਦੀ ਲੋੜ ਹੈ। ਸਭ ਤੋਂ ਪਹਿਲਾਂ, ਬੱਚਿਆਂ ਦੀ ਸਕੂਲ ਵਿੱਚ ਨਿਯਮਿਤ ਹਾਜ਼ਰੀ ਯਕੀਨੀ ਬਣਾਈ ਜਾਵੇ। ਫ਼ਸਲੀ ਰੁੱਤਾਂ ਜਾਂ ਆਰਥਿਕ ਤੰਗੀ ਕਾਰਨ ਬੱਚੇ ਮਹੀਨਿਆਂ ਬੱਧੀ ਸਕੂਲੋਂ ਗ਼ੈਰ-ਹਾਜ਼ਰ ਰਹਿੰਦੇ ਹਨ, ਜਿਸ ਨਾਲ ਪੜ੍ਹਾਈ ਦਾ ਲਿੰਕ ਟੁੱਟ ਜਾਂਦਾ ਹੈ। ਇਸ ਲਈ, ਵਿਦਿਆਰਥੀਆਂ ਨੂੰ ਮਿਲਣ ਵਾਲੇ ਵਜ਼ੀਫ਼ੇ ਨੂੰ ਉਨ੍ਹਾਂ ਦੀ ਹਾਜ਼ਰੀ ਨਾਲ ਜੋੜਿਆ ਜਾਣਾ ਚਾਹੀਦਾ ਹੈ। ਗ਼ੈਰ-ਹਾਜ਼ਰੀ 'ਤੇ ਜੁਰਮਾਨਾ ਅਤੇ ਵਜ਼ੀਫ਼ੇ ਵਿੱਚ ਕਟੌਤੀ ਦੀ ਵਿਵਸਥਾ ਇੰਨੀ ਪ੍ਰਭਾਵਸ਼ਾਲੀ ਹੋਵੇ ਕਿ ਮਾਪੇ ਬੱਚੇ ਨੂੰ ਸਕੂਲ ਭੇਜਣ ਲਈ ਪਾਬੰਦ ਹੋਣ। ਨਾਲ ਹੀ, ਵਜ਼ੀਫ਼ਾ ਪ੍ਰਕਿਰਿਆ ਨੂੰ ਸਰਲ ਕੀਤਾ ਜਾਵੇ ਤਾਂ ਜੋ ਅਧਿਆਪਕਾਂ ਦਾ ਸਮਾਂ ਬਚ ਸਕੇ ਅਤੇ ਇੱਕ ਨਿਸ਼ਚਿਤ ਹੱਦ ਤੋਂ ਵੱਧ ਗ਼ੈਰ-ਹਾਜ਼ਰੀ 'ਤੇ ਨਾਮ ਕੱਟਣ ਅਤੇ ਅਗਲੀ ਜਮਾਤ ਵਿੱਚ ਨਾ ਚਾੜ੍ਹਨ ਦੀ ਵਿਵਸਥਾ ਮੁੜ ਲਾਗੂ ਕੀਤੀ ਜਾਵੇ।

ਜੇਕਰ ਅਧਿਆਪਕ ਦੇ ਪੱਖ ਤੋਂ ਵਿਚਾਰੀਏ ਤਾਂ ਸਕੂਲਾਂ ਵਿੱਚ ਖਾਲੀ ਪੋਸਟਾਂ ਭਰਨ ਦੇ ਨਾਲ-ਨਾਲ ਉਨ੍ਹਾਂ ਨੂੰ ਹਰੇਕ ਗ਼ੈਰ-ਵਿੱਦਿਅਕ ਗਤੀਵਿਧੀ ਤੋਂ ਮੁਕਤ ਕਰਨਾ ਸਭ ਤੋਂ ਅਹਿਮ ਹੈ। ਸਰਕਾਰਾਂ ਦਾਅਵੇ ਤਾਂ ਬਹੁਤ ਕਰਦੀਆਂ ਹਨ ਪਰ ਅਮਲੀ ਰੂਪ ਵਿੱਚ 'ਪਰਨਾਲਾ ਉੱਥੇ ਦਾ ਉੱਥੇ' ਹੀ ਰਹਿੰਦਾ ਹੈ। ਬੇਰੁਜ਼ਗਾਰ ਨੌਜਵਾਨਾਂ ਨੂੰ ਭਰਤੀ ਕਰਕੇ ਇਹ ਦਫ਼ਤਰੀ ਕੰਮ ਉਨ੍ਹਾਂ ਨੂੰ ਸੌਂਪੇ ਜਾ ਸਕਦੇ ਹਨ। ਇਮਾਰਤਾਂ ਬਣਾਉਣ ਅਤੇ ਸਜਾਉਣ ਵਰਗੇ ਕੰਮਾਂ ਵਿੱਚ ਅਧਿਆਪਕਾਂ ਦਾ ਕੀਮਤੀ ਸਮਾਂ ਨਸ਼ਟ ਹੋ ਰਿਹਾ ਹੈ, ਜੋ ਸਿੱਧਾ ਸਬੰਧਿਤ ਲੋਕ ਨਿਰਮਾਣ ਵਿਭਾਗ ਨੂੰ ਸੌਂਪਿਆ ਜਾਣਾ ਚਾਹੀਦਾ ਹੈ।

ਸਿੱਖਿਆ ਵਿੱਚ ਨਿਰੰਤਰਤਾ ਲਿਆਉਣ ਲਈ ਪ੍ਰਾਇਮਰੀ ਸਕੂਲਾਂ ਵਿੱਚ ਪਹਿਲੀਆਂ ਤਿੰਨ ਜਮਾਤਾਂ ਦੀ ਜ਼ਿੰਮੇਵਾਰੀ ਇੱਕੋ ਅਧਿਆਪਕ ਨੂੰ ਦਿੱਤੀ ਜਾਵੇ, ਜਿਸ ਦੀ ਰਿਹਾਇਸ਼ ਸਕੂਲ ਦੇ ਨੇੜੇ ਹੋਵੇ ਤਾਂ ਜੋ ਬਦਲੀਆਂ ਦਾ ਅਸਰ ਬੱਚਿਆਂ ਦੀ ਪੜ੍ਹਾਈ 'ਤੇ ਨਾ ਪਵੇ। ਬਦਲੀ ਕਰਵਾ ਕੇ ਜਾਣ ਵਾਲੇ ਅਧਿਆਪਕ 'ਤੇ ਇਹ ਸ਼ਰਤ ਲਾਜ਼ਮੀ ਹੋਵੇ ਕਿ ਉਸ ਦੇ ਵਿਦਿਆਰਥੀਆਂ ਨੂੰ ਮੁੱਢਲਾ ਗਿਆਨ ਜ਼ਰੂਰ ਹੋਵੇ। ਇਸ ਤੋਂ ਇਲਾਵਾ, ਪਿੰਡਾਂ ਵਿੱਚ ਅਧਿਆਪਕਾਂ ਦੀ ਦਿਲਚਸਪੀ ਬਣਾਈ ਰੱਖਣ ਲਈ ਬੰਦ ਕੀਤਾ 'ਪੇਂਡੂ ਭੱਤਾ' ਮੁੜ ਬਹਾਲ ਕਰਕੇ ਸ਼ਹਿਰੀ ਭੱਤੇ ਨਾਲੋਂ ਦੁੱਗਣਾ ਕੀਤਾ ਜਾਵੇ। ਅਧਿਆਪਕਾਂ ਦੀ ਵੰਡ ਰਾਜਨੀਤਿਕ ਸੋਚ ਤੋਂ ਉੱਪਰ ਉੱਠ ਕੇ ਸਿਰਫ਼ ਤਰਕਸੰਗਤ ਆਧਾਰ 'ਤੇ ਹੋਣੀ ਚਾਹੀਦੀ ਹੈ।

'ਅਸਰ' (ਏ ਐੱਸ ਈ ਆਰ) ਦੀਆਂ ਸਾਲਾਨਾ ਰਿਪੋਰਟਾਂ ਅੰਕੜਿਆਂ ਸਹਿਤ ਸਪਸ਼ਟ ਕਰਦੀਆਂ ਹਨ ਕਿ ਵੱਡੀਆਂ ਕਲਾਸਾਂ ਦੇ ਬਹੁਤ ਸਾਰੇ ਬੱਚੇ ਅਜੇ ਵੀ ਭਾਸ਼ਾ ਤੇ ਗਣਿਤ ਦੇ ਮੁੱਢਲੇ ਗਿਆਨ ਤੋਂ ਸੱਖਣੇ ਹਨ। ਇਸ ਲਈ ਸਿਰਫ਼ ਅਧਿਆਪਕ ਨੂੰ ਕਸੂਰਵਾਰ ਠਹਿਰਾਉਣਾ ਬੇਇਨਸਾਫ਼ੀ ਹੈ। ਅਸਲ ਜ਼ਿੰਮੇਵਾਰ ਉਹ ਨੀਤੀਘਾੜੇ ਅਤੇ ਉੱਚ ਅਧਿਕਾਰੀ ਹਨ ਜੋ ਜੜ੍ਹ ਦਾ ਇਲਾਜ ਕਰਨ ਦੀ ਬਜਾਏ ਉੱਪਰੋਂ-ਉੱਪਰੋਂ ਮੱਲ੍ਹਮ ਲਗਾ ਕੇ ਬੁੱਤਾ ਸਾਰਦੇ ਆ ਰਹੇ ਹਨ। ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਕਿਸੇ ਗੰਭੀਰ ਮਰੀਜ਼ ਦਾ ਇਲਾਜ ਕਰਨ ਦੀ ਬਜਾਏ ਉਸ ਨੂੰ ਸੁੰਦਰ ਕੱਪੜੇ ਪਹਿਨਾ ਕੇ ਮੌਤ ਵੱਲ ਧੱਕ ਦਿੱਤਾ ਜਾਵੇ।

ਸਿੱਖਿਆ ਵਿੱਚ ਅਸਲ ਕ੍ਰਾਂਤੀ ਲਿਆਉਣ ਲਈ ਇਲਾਹਾਬਾਦ ਹਾਈ ਕੋਰਟ ਦਾ ਉਹ ਇਤਿਹਾਸਕ ਫ਼ੈਸਲਾ ਲਾਗੂ ਕੀਤਾ ਜਾਣਾ ਚਾਹੀਦਾ ਹੈ, ਜਿਸ ਤਹਿਤ ਸਰਕਾਰੀ ਖ਼ਜ਼ਾਨੇ ਵਿੱਚੋਂ ਤਨਖ਼ਾਹ ਲੈਣ ਵਾਲੇ ਹਰ ਅਧਿਕਾਰੀ, ਨੇਤਾ ਅਤੇ ਅਧਿਆਪਕ ਦੇ ਬੱਚੇ ਲਈ ਸਰਕਾਰੀ ਸਕੂਲ ਵਿੱਚ ਪੜ੍ਹਨਾ ਲਾਜ਼ਮੀ ਹੋਵੇ। ਜੇਕਰ ਪੰਜਾਬ ਸਰਕਾਰ ਦਿਖਾਵੇ ਦੀ ਚਮਕ-ਦਮਕ ਦੀ ਬਜਾਏ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਸਮੂਹ ਅਧਿਆਪਕਾਂ ਤੋਂ ਸਲਾਹ-ਮਸ਼ਵਰਾ ਲੈ ਕੇ ਨੀਤੀਆਂ ਤਿਆਰ ਕਰੇ ਅਤੇ ਅਮਲ ਵਿੱਚ ਲਿਆਵੇ, ਤਾਂ ਸਕੂਲ ਸਹੂਲਤਾਂ ਨਾਲ ਲਬਰੇਜ਼ ਹੋਣਗੇ। ਫਿਰ ਕਿਸੇ ਵੀ ਸਰਕਾਰੀ ਸਕੂਲ ਦੇ ਬੱਚੇ ਸਾਹਮਣੇ ਖੜ੍ਹੇ ਹੋ ਕੇ ਸਾਨੂੰ ਕਦੇ ਨਿਰਾਸ਼ਾ ਨਾਲ ਇਹ ਸਵਾਲ ਨਹੀਂ ਪੁੱਛਣਾ ਪਵੇਗਾ ਕਿ ''ਤੁਹਾਨੂੰ ਪੜ੍ਹਨਾ ਕਿਉਂ ਨਹੀਂ ਆਉਂਦਾ?''

---

ਪਿਛਲੇ ਸਫ਼ੇ ਦਾ ਬਾਕੀ

ਤੀਜੀ ਗੱਲ, ਪੰਜਾਬੀ ਮਾਪਿਆਂ 'ਤੇ ਆਉਂਦੀ ਹੈ। ਜੇਕਰ ਬੀ.ਸੀ. ਸੂਬੇ ਦੇ ਹੀ ਗੱਲ ਕਰੀਏ, ਤਾਂ ਇਥੋਂ ਦੇ ਸਾਬਕਾ ਵਿੱਦਿਆ ਮੰਤਰੀ ਮਨਮੋਹਣ ਸਿੰਘ (ਮੋਅ) ਸਹੋਤਾ ਦੇ ਉੱਦਮ ਨਾਲ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲ ਗਿਆ ਸੀ ਤੇ ਪੰਜਾਬੀ ਸਕੂਲਾਂ 'ਚ ਪੜ੍ਹਾਉਣ ਦਾ ਰਾਹ ਪੱਧਰ ਹੋ ਗਿਆ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪੜ੍ਹਾਉਣ ਵਾਲੇ ਸਕੂਲ, ਅਕੈਡਮੀਆਂ ਤੇ ਹੋਰ ਅਦਾਰੇ ਆਪੋ- ਆਪਣੇ ਪੱਧਰ 'ਤੇ ਉਪਰਾਲੇ ਕਰ ਲਹੇ ਹਨ, ਪਰ ਪਬਲਿਕ ਸਕੂਲਾਂ 'ਚ ਪੰਜਾਬੀ ਪੜ੍ਹਾਈ ਜਾਣ ਲਈ ਬੱਚਿਆਂ ਦਾ ਨਾਂ, ਪੰਜਾਬੀ ਲਈ ਖਾਸ ਤੌਰ 'ਤੇ ਦਾਖਿਲ ਕਰਨ ਦੀ ਲੋੜ ਹੁੰਦੀ ਹੈ। ਦੁੱਖ ਇਸ ਗੱਲ ਦਾ ਹੈ ਕਿ ਲਗਾਤਾਰ ਪ੍ਰਚਾਰ ਦੇ ਬਾਵਜੂਦ ਲੋੜੀਂਦੀ ਗਿਣਤੀ ਤੱਕ ਨਾਂ ਰਜਿਸਟਰ ਨਹੀਂ ਹੁੰਦੇ ਤੇ ਪੰਜਾਬੀ ਪੜ੍ਹਾਉਣ ਦਾ ਮੌਕਾ ਹੱਥੋਂ ਖੁੰਝ ਜਾਂਦਾ ਹੈ। ਇਥੇ ਬਹੁਤ ਸਾਰੇ ਪੰਜਾਬੀ ਪਰਿਵਾਰਾਂ ਅੰਦਰ ਉਤਸ਼ਾਹ ਦੀ ਘਾਟ ਵੱਡਾ ਨੁਕਸਾਨ ਕਰਵਾ ਰਹੀ ਹੈ ਤੇ ਪੰਜਾਬੀ ਪੜ੍ਹਾਉਣ ਦੀ ਮਿਲ ਰਹੀ ਸਹੂਲਤ ਤੋਂ ਬੱਚੇ ਵਾਂਝੇ ਰਹਿ ਰਹੇ ਹਨ। ਉਂਵ ਸਰਕਾਰੀ ਪਹੁੰਚ ਦੀ ਵੀ ਇਹ ਖੋਟ ਹੈ ਅਤੇ ਬੱਚਿਆਂ ਦੀ ਗਿਣਤੀ ਦੀ ਸ਼ਰਤ ਲਾ ਕੇ 'ਗੱਡੇ ਨਾਲ ਕੱਟਾ' ਬੰਨਣ ਵਾਲੀ ਨੀਤੀ ਵਰਤੀ ਜਾ ਰਹੀ ਹੈ। ਇਹ ਸ਼ਰਤ ਹਟਾਉਣ ਲਈ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ।

ਕੈਨੇਡਾ 'ਚ ਜੇਕਰ ਸੰਘਣੀ ਪੰਜਾਬੀ ਵਸੋਂ ਵਾਲੇ ਇਲਾਕਿਆਂ ਦੀ ਗੱਲ ਕਰੀਏ , ਤਾਂ ਇਥੇ ਪੰਜਾਬ ਦੇ ਸਿੱਖ, ਹਿੰਦੂ, ਮੁਸਲਮਾਨ ਭਾਵ ਵੱਖ-ਵੱਖ ਧਰਮਾਂ, ਰੰਗਾਂ, ਨਸਲਾਂ ਤੇ ਫਿਰਕਿਆਂ ਦੇ ਪੰਜਾਬੀ ਵਸਦੇ ਹਨ। ਇਥੋਂ ਤੱਕ ਕਿ 'ਭਾਰਤੀ ਪੰਜਾਬੀ' ਤੇ 'ਪਾਕਿਸਤਾਨੀ ਪੰਜਾਬੀ' ਵਾਲਾ ਫਰਕ ਵੀ ਇਥੇ ਨਜ਼ਰ ਨਹੀਂ ਆਉਂਦਾ। ਉਂਵ ਵੀ ਅਸੀਂ ਅਕਸਰ ਆਖਦੇ ਹਾਂ ਕਿ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਸੰਖਿਆ ਭਾਰਤੀ ਪੰਜਾਬ ਨਾਲੋਂ ਕਿਤੇ ਵੱਧ ਹੈ । ਕੈਨੇਡਾ ਵਿੱਚ ਪੰਜਾਬੀ ਆਬਾਦੀ ਵਾਲੇ ਸ਼ਹਿਰਾਂ 'ਚ ਵਸਣ ਵਾਲੇ, ਪਾਕਿਸਤਾਨੀ ਪੰਜਾਬ ਦੇ ਪੰਜਾਬੀ ਜ਼ਿਆਦਾਤਰ ਲਾਹੌਰ ਦੇ ਨੇੜੇ-ਤੇੜੇ ਦੇ ਹੀ ਹਨ। ਉਹਨਾਂ 'ਚੋਂ ਵਧੇਰੇ ਬੋਲਦੇ ਪੰਜਾਬੀ ਹੀ ਹਨ, ਜਿਸ ਕਰਕੇ ਮਰਦਮਸ਼ੁਮਾਰੀ ਦੌਰਾਨ ਲਹਿੰਦੇ ਪੰਜਾਬ ਦੇ ਪੰਜਾਬੀਆਂ ਨੂੰ ਆਪਣੀ ਜ਼ਬਾਨ ਪੰਜਾਬੀ ਲਿਖਵਾਉਣੀ ਚਾਹੀਦੀ ਹੈ। ਭਾਰਤੀ ਪੰਜਾਬ ਦੇ ਕੈਨੇਡਾ ਵਸਦੇ ਭਾਈਚਾਰਿਆਂ ਦੀ ਗੱਲ ਕਰੀਏ, ਤਾਂ ਵੱਡੀ ਗਿਣਤੀ 'ਚ ਪੰਜਾਬੀ ਵਸਦੇ ਹਨ, ਐਪਰ ਜ਼ਬਾਨ ਪੰਜਾਬੀ ਲਿਖਵਾਉਣ ਵੇਲੇ ਖੁੰਝ ਜਾਂਦੇ ਹਨ, ਜੋ ਕਿ ਨੁਕਸਾਨਦੇਹ ਸਾਬਤ ਹੁੰਦਾ ਹੈ। ਇਸ ਕਰਕੇ ਇਹ ਪ੍ਰਣ ਕੀਤਾ ਜਾਏ ਕਿ ਜਨ-ਗਣਨਾ ਸਮੇਂ ਪੰਜਾਬੀ ਲਿਖਵਾਉਣ ਵਿੱਚ ਕਦੇ ਵੀ ਢਿੱਲ ਨਾ ਦਿਖਾਈਏ।

ਭਾਰਤੀ ਸਿਆਸਤ 'ਚ 'ਇਕ ਬੋਲੀ' ਤੇ ਰਾਸ਼ਟਰ' ਦਾ ਨਾਅਰਾ ਕੈਨੇਡਾ 'ਚ ਪੰਜਾਬੀ ਬੋਲੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ 'ਚ ਘਾਤਕ ਬਣ ਰਿਹਾ ਹੈ। ਕੈਨੇਡਾ 'ਚ ਹੀ, ਗਾਇਕ ਗੁਰਦਾਸ ਮਾਨ ਵਲੋਂ ਦਿੱਤਾ ਵਿਵਾਦਗ੍ਰਸਤ ਬਿਆਨ 'ਇਕ ਬੋਲੀ ਇਕ ਦੇਸ਼' ਅਤੇ 'ਮਾਂ-ਮਾਸੀ' ਦਾ ਰੇੜਕਾ ਖੜ੍ਹਾ ਕਰਨ ਦੀ ਗਿਣੀ ਮਿੱਥੀ ਸਾਜ਼ਿਸ਼ ਵੀ, ਪੰਜਾਬੀ ਮਾਂ-ਬੋਲੀ ਦੀ ਪਿੱਠ ਚ ਛੁਰਾ ਮਾਰਨ ਅਤੇ ਪੰਜਾਬੀਆਂ ਅੰਦਰ, ਬੋਲੀ ਦੇ ਆਧਾਰ ਤੇ ਪਾੜਾ ਪਾਉਣ ਵਾਲਾ ਘਾਤਕ ਪ੍ਰਚਾਰ ਹੋ ਨਿਬੜੀ। ਕੈਨੇਡਾ ਵਾਸਦੇ ਪੰਜਾਬੀਆਂ ਨੂੰ ਇਨ੍ਹਾਂ ਵਲਗਣਾਂ ਤੋਂ ਉਪਰ ਉਠ ਕੇ ਸੱਚ 'ਤੇ ਪਹਿਰਾ ਦੇਣ ਦੀ ਲੋੜ ਹੈ। ਮਈ 2026 ਨੂੰ ਮਰਦਮਸ਼ੁਮਾਰੀ ਮੌਕੇ ਕੈਨੇਡਾ ਵਸਦਾ ਹਰ ਪੰਜਾਬੀ ਜੇਕਰ ਆਪਣੇ ਘਰ 'ਚ ਬੋਲੀ ਜਾਣ ਵਾਲੀ ਜ਼ਬਾਨ ਪੰਜਾਬੀ ਲਿਖਾਏ, ਤਾਂ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਕੈਨੇਡੀਅਨ ਪੰਜਾਬੀ ਮੋਹਰੀ ਹੋ ਨਿੱਬੜਨਗੇ। ਅਜਿਹਾ ਕਰਨ ਨਾਲ ਨਾ ਸਿਰਫ ਕੈਨੇਡਾ ਵਿਚ ਹੀ ਪੰਜਾਬੀ ਬੋਲੀ ਦਾ ਮਾਣ ਵਧੇਗਾ, ਸਗੋਂ ਕੈਨੇਡੀਅਨ ਪੰਜਾਬੀ, ਮੂਲ ਪੰਜਾਬ ਅੰਦਰ ਵੀ ਪੰਜਾਬੀ ਬੋਲੀ ਦੇ ਪ੍ਰਸਾਰ ਲਈ ਚਾਨਣ ਮੁਨਾਰਾ ਬਣਨਗੇ। ਕੈਨੇਡਾ ਵਿੱਚ ਪੰਜਾਬੀ ਬੋਲਣ ਵਾਲਿਆਂ ਦੇ ਅੰਕੜੇ ਵਧਣ ਨਾਲ, ਕੈਨੇਡਾ ਸਰਕਾਰ ਕੰਮ-ਕਾਰਾਂ, ਦਫਤਰਾਂ, ਜਨਤਕ ਸੇਵਾਵਾਂ ਦੇ ਸਥਾਨਾਂ ; ਬੈਂਕਾਂ, ਹਵਾਈ ਅੱਡਿਆਂ ਅਤੇ ਹਸਪਤਾਲਾਂ ਆਦਿ ਵਿਚ ਵੀ ਪੰਜਾਬੀ ਬੋਲੀ ਨੂੰ ਹੋਰ ਮਾਣ ਦੇਵੇਗੀ। ਆਓ! ਮਰਦਮਸ਼ੁਮਾਰੀ ਮੌਕੇ ਆਪਣੀ ਮਾਂ ਬੋਲੀ ਪੰਜਾਬੀ ਲਿਖਵਾਈਏ ਅਤੇ ਹੋਰਨਾਂ ਨੂੰ ਵੀ ਪ੍ਰੇਰੀਏ।

''ਹੋਰ ਵਧੇਗਾ ਜੱਗ ਵਿੱਚ, ਪੰਜਾਬੀ ਸਨਮਾਨ।
ਜਨ-ਗਣਨਾ ਵੇਲੇ ਲਿਖੋ, ਸਾਡੀ ਇਹੋ ਜ਼ਬਾਨ।''

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਤਿੰਨ ਸ੍ਰੀ ਅਖੰਡ ਪਾਠ ਸਾਹਿਬ 1) ਨਗਰ ਸੁਸਾਂ ਅਤੇ ਸਿੰਘ ਐਕਸਾਵੇਟਿੰਗ ਕੰਪਨੀ ਵੱਲੋਂ, 2) ਨਗਰ ਲੋਹੀਆਂ ਦੀ ਸੰਗਤ , 3) ਭਾਈ ਕੁਲਵਿੰਦਰ ਸਿੰਘ ਧਾਲੀਵਾਲ ਪ੍ਰਵਾਰ ਵੱਲੋਂ ਅਰੰਭ ਹੋਣਗੇ।
- ਇਹ ਅਖੰਡ ਪਾਠ 15 ਮਈ ਦਿਨ ਸ਼ੁੱਕਰਵਾਰ ਸਵੇਰੇ 09:30 ਵਜੇ ਅਰੰਭ ਹੋਣਗੇ ਜਿਨਾਂ ਦੇ ਭੋਗ 17 ਮਈ ਸਵੇਰੇ 09:30 ਵਜੇ ਪੈਣਗੇ। ਉਪਰੰਤ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।
- ਅੰਤਿਮ ਸਸਕਾਰ ਭਾਈ ਗੁਰਵਿਕਰਮਜੀਤ ਸਿੰਘ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 15 ਮਈ ਦਿਨ ਸ਼ੁੱਕਰਵਾਰ 1:00 ਵਜੇ ਹੋਵੇਗਾ ਉਪਰੰਤ 2:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਅੰਤਿਮ ਸਸਕਾਰ ਬੀਬੀ ਗਿਆਨ ਕੌਰ ਲਿਟ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 16 ਮਈ ਦਿਨ ਸ਼ਨਿੱਚਰਵਾਰ 2:00 ਵਜੇ ਹੋਵੇਗਾ ਉਪਰੰਤ 3:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- 17 ਮਈ ਦਿਨ ਐਤਵਾਰ ਸਵੇਰੇ 09:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਜਗਦੀਸ਼ ਸਿੰਘ ਝੱਜ ਪ੍ਰਵਾਰ ਵੱਲੋਂ ਹੋਵੇਗੀ।
- 17 ਮਈ ਦਿਨ ਐਤਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਸਰਬਜੀਤ ਸਿੰਘ ਰਾਣਾ ਪ੍ਰਵਾਰ ੨) ਭਾਈ ਦਵਿੰਦਰ ਸਿੰਘ ਸਿੱਧੂ ਪ੍ਰਵਾਰ ਵੱਲੋਂ ਹੋਵੇਗੀ।
- 18 ਮਈ ਦਿਨ ਸੋਮਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਸੀਤਲ ਸਿੰਘ ਨਿੱਝਰ ਪ੍ਰਵਾਰ ਵੱਲੋਂ ਹੋਵੇਗੀ।
- 21 ਮਈ ਦਿਨ ਵੀਰਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਗੁਰਮੇਲ ਸਿੰਘ ਪ੍ਰਵਾਰ ਵੱਲੋਂ ਹੋਵੇਗੀ।

- ਨੋਟ: ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹਰ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤਕ ਬਜੁਰਗਾਂ ਵਾਸਤੇ ਟੈਕਸ ਫਾਰਮ , ਬੁਢਾਪਾ ਪੈਨਸ਼ਨ , ਕੰਮ ਦੀ ਪੈਨਸ਼ਨ, ਪੀ ਆਰ ਕਾਰਡ ਫਾਰਮ, ਸਿਟੀਜਨਸ਼ਿਪ ਫਾਰਮ, ਬਸ ਪਾਸ ਫਾਰਮ , ਪਾਸਪੋਰਟ ਫਾਰਮ ਇਤਿਆਦ ਫਾਰਮ ਮੁਫਤ ਵਿਚ (Free Serivce) ਭਰੇ ਜਾਂਦੇ ਹਨ।

**ਰਾਗੀ ਜੱਥਾ : ਭਾਈ ਦਿਲਬਾਗ ਸਿੰਘ**
**ਭਾਈ ਹਰਜੀਤ ਸਿੰਘ**
**ਕਥਾਵਾਚਕ : ਗਿਆਨੀ ਨਿਸ਼ਾਨ ਸਿੰਘ ਜੀ**
**ਢਾਡੀ ਜਥਾ : ਭਾਈ ਜਸਵੰਤ ਸਿੰਘ ਜੋਸ਼**

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

**6878 King Gorge Blvd. Surrey**

# ਇੰਟਰਨੈੱਟ ਦਾ ਪੰਜਾਬੀ ਭਾਸ਼ਾ 'ਤੇ ਪ੍ਰਭਾਵ

**ਲਿਖਤ : ਬਿਕਰਮਜੀਤ ਸਿੰਘ**

ਦੁਨੀਆ ਦੀਆਂ ਤਮਾਮ ਭਾਸ਼ਾਵਾਂ ਨੇ ਹੌਲੀ-ਹੌਲੀ ਵਿਕਾਸ ਕਰ ਕੇ ਵਰਤਮਾਨ ਸਮੇਂ ਤਕ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। ਇਹ ਪ੍ਰਕਿਰਿਆ ਹਜ਼ਾਰਾਂ ਸਾਲਾਂ ਦੀ ਮਨੁੱਖੀ ਦਿਮਾਗ ਦੀ ਭਾਸ਼ਾ ਪ੍ਰਤੀ ਘਾੜਤ ਦਾ ਇਕ ਸ਼ਾਨਦਾਨ ਨਤੀਜਾ ਹੈ ਕਿ ਦੁਨੀਆਂ ਦੇ ਵਿਚ ਅੱਜ ਹਜ਼ਾਰਾਂ ਹੀ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਹੁਣ ਤਕ ਮਿਲਦੇ ਭਾਸ਼ਾਵਾਂ ਦੇ ਇਤਿਹਾਸ ਵਿਚ ਕਈ ਭਾਸ਼ਾਵਾਂ ਬਹੁਤ ਜਿਆਦਾ ਤਰੱਕੀ ਕਰ ਕੇ ਅੱਜ ਸਮੁੱਚੀ ਦੁਨੀਆ 'ਤੇ ਰਾਜ ਕਰ ਰਹੀਆਂ ਹਨ ਤੇ ਕਈ ਭਾਸ਼ਾਵਾਂ ਦਾ ਹੁਣ ਥਹੁ-ਪਤਾ ਵੀ ਨਹੀਂ ਅਤੇ ਕੁਝ ਭਾਸ਼ਾਵਾਂ ਆਪੋ-ਆਪਣੇ ਖੇਤਰਾਂ ਤਕ ਸੀਮਤ ਹੋ ਕੇ ਰਹਿ ਗਈਆਂ ਹਨ। ਪੰਜਾਬੀ ਭਾਸ਼ਾ ਦਾ ਇਤਿਹਾਸ ਵੀ ਕਾਫੀ ਲੰਮੇਰਾ ਹੈ। ਇਸ ਨੇ ਵੀ ਵਿਕਾਸ ਦੀਆਂ ਲੀਹਾਂ 'ਤੇ ਪੈ ਕੇ ਹੌਲੀ-ਹੌਲੀ ਤਰੱਕੀ ਕਰਦੇ ਹੋਏ ਅਜੋਕੀ ਵਰਤਮਾਨਕ ਸਥਿਤੀ ਬਣਾਈ ਹੈ। ਪੰਜਾਬੀ ਭਾਸ਼ਾ ਇਕ ਅਜਿਹੀ ਭਾਸ਼ਾ ਹੈ ਜਿਸ ਵਿਚ ਦੂਜੀਆਂ ਭਾਸ਼ਾਵਾਂ ਦੇ ਵੀ ਕਈ ਸ਼ਬਦ ਤਦਭਵ ਜਾਂ ਤਤਸਮ ਰੂਪ ਵਿਚ ਮੌਜੂਦ ਹਨ। ਇਹ ਵਰਤਾਰਾ ਪੰਜਾਬੀ ਭਾਸ਼ਾ ਦੇ ਵਿਦਵਾਨਾਂ/ਵਿਚਾਰਕਾਂ ਅਤੇ ਭਾਸ਼ਾ ਵਿਗਿਆਨੀਆਂ ਵੱਲੋਂ ਸਮੇਂ-ਸਮੇਂ 'ਤੇ ਪੰਜਾਬੀ ਭਾਸ਼ਾ ਨੂੰ ਵਧੇਰੇ ਸਮਰੱਥ ਬਣਾਉਣ ਲਈ ਵਰਤਿਆ ਗਿਆ ਜੋਕਿ ਪੰਜਾਬੀ ਭਾਸ਼ਾ ਦੇ ਇਤਿਹਾਸ ਵਿਚਲੀਆਂ ਵਿਕਾਸ ਦੀਆਂ ਪਰਤਾਂ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ। ਇਕ ਗੱਲ ਜੋ ਕਿ ਅੱਜ ਦੇ ਯੁੱਗ ਵਿਚ ਤਕਨੀਕੀ ਵਿਕਾਸ ਕਰਕੇ ਕਰਨੀ ਬਣਦੀ ਹੈ, ਉਹ ਇਹ ਹੈ ਕਿ ਆਧੁਨਿਕ ਤਕਨਾਲੋਜੀ (ਵਿਸ਼ੇਸ਼ ਕਰਕੇ ਇੰਟਰਨੈੱਟ) ਨੇ ਵੱਖ-ਵੱਖ ਭਾਸ਼ਾਵਾਂ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ। ਜਿਸ ਤਹਿਤ ਭਾਸ਼ਾ ਦੇ ਪੱਖ ਤੋਂ ਇੰਟਰਨੈੱਟ ਰਾਹੀਂ ਜਿੱਥੇ ਕਿਸੇ ਭਾਸ਼ਾ ਨੂੰ ਵਰਤਣ ਭਾਵ ਕਪਿਊਟਰ 'ਤੇ ਲਿਖਣ ਜਾਂ ਪੜ੍ਹਨ ਸਮੇਂ ਕਈ ਵਿਆਕਰਣਕ ਪੱਖਾਂ ਤੋਂ ਭਾਸ਼ਾ ਦੀ ਆਨਲਾਈਨ ਸੋਧ-ਸੁਧਾਈ ਕੀਤੀ ਜਾ ਸਕਦੀ ਹੈ ਤਾਂਕਿ ਆਨਲਾਈਨ ਕਪਿਊਟਰ 'ਤੇ ਲਿਖੀ (ਟਾਈਪ) ਜਾਣ ਵਾਲੀ ਭਾਸ਼ਾ ਪੂਰਨ ਰੂਪ ਵਿਚ ਤਰੁੱਟੀ-ਰਹਿਤ ਹੋਵੇ, ਉੱਥੇ ਨਾਲ ਕਈ ਅਜਿਹੀਆਂ ਸਮੱਸਿਆਵਾਂ ਵੀ ਦਰਪੇਸ਼ ਚੁਣੌਤੀ ਬਣਦੀਆਂ ਹਨ ਜਦੋਂ ਭਾਸ਼ਾਈ ਪੱਖ ਤੋਂ ਕੁਝ ਤਰੁੱਟੀਆਂ ਰਹਿ ਵੀ ਜਾਂਦੀਆਂ ਹਨ। ਇਹ ਵਰਤਾਰਾ ਕਪਿਊਟਰ ਜਾਂ ਮੋਬਾਇਲ 'ਤੇ ਇੰਟਰਨੈੱਟ ਦੀ ਵਰਤੋਂ ਕਰਦੇ ਸਮੇਂ ਡਿਜੀਟਲ ਪੱਧਰ 'ਤੇ ਭਾਸ਼ਾ ਨੂੰ ਵਰਤਣ ਵੇਲੇ ਅਚੇਤ ਜਾਂ ਸੁਚੇਤ ਰੂਪ ਵਿਚ ਵਿਆਪਕ ਰੂਪ ਵਿਚ ਵਰਤ ਰਿਹਾ ਹੈ। ਇੱਥੇ ਇਹ ਗੱਲ ਵੀ ਦੱਸਣੀ ਬਣਦੀ ਹੈ ਕਿ ਪੰਜਾਬੀ ਭਾਸ਼ਾ ਅਤੇ ਇੰਟਰਨੈੱਟ ਰਾਹੀਂ ਡਿਜੀਟਲ ਤਕਨੀਕ ਦਾ ਆਪਸੀ ਤਾਲਮੇਲ ਹੋਰ ਸੁਚਾਰੂ ਰੂਪ ਵਿਚ ਸਥਾਪਿਤ ਕਰਨ ਲਈ ਪੰਜਾਬੀ ਭਾਸ਼ਾ ਅਤੇ ਕਪਿਊਟਰ ਦੇ ਕਈ ਮਾਹਿਰ ਤੇ ਵਿਦਵਾਨ ਇਸ ਖੇਤਰ ਵਿਚ ਕਾਰਜਸ਼ੀਲ ਵੀ ਹਨ।




ਹੁਣ ਇਸ ਤੋਂ ਇਲਾਵਾ ਜੇਕਰ ਪੰਜਾਬੀ ਭਾਸ਼ਾ ਦੀਆਂ ਉਪ ਬੋਲੀਆਂ ਦੇ ਪ੍ਰਸੰਗ ਵਿਚ ਗੱਲ ਕਰੀਏ ਤਾਂ ਪੰਜਾਬੀ ਭਾਸ਼ਾ ਦੀਆਂ ਅਨੇਕਾਂ ਹੀ ਉਪ ਬੋਲੀਆਂ ਹਨ। ਮੋਟੇ ਤੌਰ 'ਤੇ ਜੇਕਰ ਵੇਖਿਆ ਜਾਵੇ ਤਾਂ ਪੰਜਾਬੀ ਦੀ ਟਕਸਾਲੀ ਬੋਲੀ ਅਜੋਕੇ ਪੰਜਾਬ ਦੇ ਮਾਝੇ ਦੇ ਖੇਤਰ ਵਿਚ ਬੋਲੀ ਜਾਂਦੀ ਹੈ ਜਦਕਿ ਦੁਆਬੀ ਬਿਆਸ ਅਤੇ ਸਤਲੁਜ ਦੇ ਵਿਚਕਾਰਲੇ ਖੇਤਰ ਅਤੇ ਮਲਵਈ ਬੋਲੀ ਜਲੰਧਰ ਤੋਂ ਬਾਰਸਤਾ ਜਾਂਦੇ ਹੋਏ ਸਤਲੁਜ ਤੋਂ ਪਾਰ ਬੋਲੀ ਜਾਂਦੀ ਹੈ। ਉਚਾਰਨ ਦੇ ਪੱਖ ਤੋਂ ਇਨ੍ਹਾਂ ਤਿੰਨਾਂ-ਮਾਝੀ (ਟਕਸਾਲੀ), ਦੁਆਬੀ ਅਤੇ ਮਲਵਈ ਬੋਲੀ ਵਿਚ ਆਪਸੀ ਅੰਤਰ ਹੈ। ਜਿਸ ਤੋਂ ਇਹ ਸਹਿਜੇ ਹੀ ਅੰਦਾਜ਼ਾ ਲਗਾ ਲਿਆ ਜਾਂਦਾ ਹੈ ਕਿ ਉਸ ਬੋਲੀ ਨੂੰ ਬੋਲਣ ਵਾਲਾ ਵਿਅਕਤੀ ਪੰਜਾਬ ਦੇ ਕਿਸ ਖੇਤਰ ਨਾਲ ਸੰਬੰਧ ਰੱਖਦਾ ਹੈ। ਪਰੰਤੂ ਤਕਨੀਕੀ ਵਿਕਾਸ ਨੇ ਹੁਣ ਬੋਲੀ ਅਤੇ ਉਪ ਬੋਲੀ ਦੇ ਪ੍ਰਸੰਗ ਵਿਚ ਜਿਸ ਹੱਦ ਤਕ ਆਪਣਾ ਪ੍ਰਭਾਵ ਪਾਇਆ ਹੈ ਉਹ ਵੀ ਇਕ ਵਿਚਾਰਨਯੋਗ ਪਹਿਲੂ ਹੈ। ਅੱਜ ਕਪਿਊਟਰ, ਲੈਪਟਾਪ, ਟੈਬ, ਮੋਬਾਇਲ, ਆਈਪੈਡ ਆਦਿ ਵਰਗੇ ਡਿਜੀਟਲ ਉਪਕਰਨਾਂ ਨੇ ਪੰਜਾਬੀ ਭਾਸ਼ਾ ਨੂੰ ਜਿੱਥੇ ਆਧੁਨਿਕ ਤਕਨੀਕ ਦੇ ਸਮਰੱਥ ਕੀਤਾ ਹੈ, ਉੱਥੇ ਭਾਸ਼ਾ ਦੀਆਂ ਉਨ੍ਹਾਂ ਕਈ ਧਾਰਨਾਵਾਂ ਨੂੰ ਵੀ ਤੋੜਿਆ ਹੈ ਜਿਸ ਤਹਿਤ ਇਹ ਆਮ ਕਹਾਵਤ ਹੈ ਕਿ-- 'ਬਾਰ੍ਹਾਂ ਕੋਹਾਂ 'ਤੇ ਬੋਲੀ ਵੀ ਬਦਲ ਜਾਂਦੀ ਹੈ', ਕਿਉਂਕਿ ਤਕਨੀਕੀ ਸੰਚਾਰ ਦੇ ਖੇਤਰ ਵਿਸ਼ੇਸ਼ ਕਰ ਇੰਟਰਨੈੱਟ ਰਾਹੀਂ ਜੋ ਅਸੀਂ ਵੱਖ-ਵੱਖ ਤਰ੍ਹਾਂ ਦੇ ਸਾਫਟਵੇਅਰ (ਐਪਲੀਕੇਸ਼ਨ ਦੇ ਰੂਪ ਵਿਚ) ਜਿਵੇਂ ਵਟਸ ਐਪ, ਫੇਸਬੁਕ ਆਦਿ ਨੂੰ ਸੁਨੇਹਾ ਭੇਜਣ ਲਈ ਵਰਤਦੇ ਹਾਂ, ਦੇ ਰਾਹੀਂ ਅੱਜ ਪੰਜਾਬੀ ਭਾਸ਼ਾ ਦੀ ਜੋ ਵਰਤੋਂ ਹੋ ਰਹੀ ਹੈ, ਉਸ ਵਿਚ ਕਈ ਤਰ੍ਹਾਂ ਦੇ ਨਵੀਨ ਰੁਝਾਨ ਦੀ ਸਾਡੇ ਸਾਹਮਣੇ ਆ ਰਹੇ ਹਨ। ਜਿਸ ਤਹਿਤ ਬੋਲੀ ਅਤੇ ਉਪ ਬੋਲੀ ਦੀ ਆਪਸੀ ਦੂਰੀ ਘਟ ਰਹੀ ਮਹਿਸੂਸ ਹੋ ਰਹੀ ਹੈ ਅਤੇ ਇਨ੍ਹਾਂ ਨਵੀਆਂ ਤਕਨੀਕਾਂ ਰਾਹੀਂ ਅੱਜ ਪੰਜਾਬੀ ਦੀਆਂ ਉਪ ਬੋਲੀਆਂ ਆਪਸ ਵਿਚ 'ਤੇ ਰਲਗੱਡ ਹੋ ਰਹੀਆਂ ਹਨ। ਬੇਸ਼ੱਕ ਇਸ ਨਾਲ ਕੇਂਦਰੀ ਪੰਜਾਬੀ ਭਾਸ਼ਾ ਨੂੰ ਕੋਈ ਫਰਕ ਨਹੀਂ, ਪਰੰਤ ਮਾਝੀ, ਦੁਆਬੀ ਅਤੇ ਮਲਵਈ ਬੋਲੀ ਦੇ ਇੰਟਰਨੈੱਟ ਵਿਸ਼ੇਸ਼ ਕਰ ਵਟਸ ਐਪ, ਫੇਸਬੁੱਕ ਆਦਿ ਸੁਨੇਹਾ ਪ੍ਰਣਾਲੀਆਂ ਦੇ ਜੋ ਵਰਤੋਂਕਾਰ ਹਨ ਉਨ੍ਹਾਂ ਦੇ ਆਪਸੀ ਸੁਨੇਹੇ ਜਿਹੜੇ ਕਿ ਪੰਜਾਬੀ ਭਾਸ਼ਾ ਵਿਚ ਲਿਖੇ ਹੋਣ ਦੇ ਬਾਵਜੂਦ ਕਈ ਵਾਰ ਆਪੋ-ਆਪਣੇ ਖੇਤਰ ਦੀਆਂ ਸਥਾਨਕ ਉਪ ਬੋਲੀਆਂ ਦਾ ਪ੍ਰਭਾਵ ਜ਼ਰੂਰ ਦੇਂਦੇ ਹਨ। ਜੇਕਰ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇ ਤਾਂ ਇਸ ਰੁਝਾਨ ਦਾ ਅਸਰ ਬੇਸ਼ੱਕ ਪੰਜਾਬੀ ਭਾਸ਼ਾ ਨੂੰ ਜਾਣਨ-ਪਹਿਚਾਨਣ ਵਾਲਿਆਂ ਵਿਅਕਤੀਆਂ ਨੂੰ ਭਾਵੇਂ ਨਾ ਪਵੇ ਪਰੰਤੂ ਪੰਜਾਬੀ ਭਾਸ਼ਾ ਦੇ ਸਿਖਾਂਦਰੂਆਂ, ਵਿਸ਼ੇਸ਼ ਕਰਕੇ ਵਿਦਿਆਰਥੀ ਵਰਗ ਉੱਤੇ ਇਸ ਗੱਲ ਦਾ ਅਸਰ ਯਕੀਨਨ ਪਵੇਗਾ ਅਤੇ ਪੈ ਵੀ ਰਿਹਾ ਹੈ ਜਿਸ ਤਹਿਤ ਉਨ੍ਹਾਂ ਨੂੰ ਬੋਲੀ ਅਤੇ ਉਪ ਬੋਲੀ ਦੇ ਫਰਕ ਦੀ ਬੋਲਣ ਅਤੇ ਲਿਖਣ ਦੇ ਪੱਧਰ 'ਤੇ ਪਹਿਚਾਣ ਕਰਨੀ ਕੁਝ ਔਖੀ ਹੋ ਰਹੀ ਹੈ। ਸੋ ਪੰਜਾਬੀ ਭਾਸ਼ਾ ਦੇ ਬੁੱਧੀਜੀਵੀਆਂ ਨੂੰ ਇਸ ਨਵੇਂ ਰੁਝਾਨ ਵਿੱਚੋਂ ਪੈਦਾ ਹੋ ਰਹੀਆਂ ਨਵੀਆਂ ਸੰਭਾਵਨਾਵਾਂ ਤੇ ਚੁਣੌਤੀਆਂ ਨੂੰ ਵੀ ਆਪਣੇ ਅਧਿਐਨ ਦਾ ਖੇਤਰ ਬਣਾਉਣਾ ਚਾਹੀਦਾ ਹੈ। ਇੱਥੇ ਸਾਡਾ ਮਕਸਦ ਇਹ ਕਹਿਣ ਦਾ ਹਰਗਿਜ਼ ਨਹੀਂ ਕਿ ਕੇਂਦਰੀ ਪੰਜਾਬੀ ਤੋਂ ਇਲਾਵਾ ਪੰਜਾਬੀ ਭਾਸ਼ਾ ਦੀਆਂ ਦੂਜੀਆਂ ਉਪ ਬੋਲੀਆਂ ਦੇ ਫੈਲਣ ਦਾ ਰੁਝਾਨ ਗਲਤ ਹੈ, ਸਗੋਂ ਇਸ ਨਾਲ ਪੰਜਾਬੀ ਭਾਸ਼ਾ ਅਤੇ ਇਸ ਦੀਆਂ ਉਪ ਬੋਲੀਆਂ ਦਾ ਹੋਰ ਵਿਸਥਾਰ ਹੋਵੇਗਾ। ਪਰੰਤੂ ਜਿੱਥੇ ਪੰਜਾਬੀ ਦੇ ਸ਼ੁੱਧ (ਕੇਂਦਰੀ ਸਰੂਪ/ਸਾਹਿਤਕ ਰੂਪ) ਨੂੰ ਲਿਖਣ ਦਾ ਸਵਾਲ ਹੈ ਉਸ ਵਿਚ ਕਿਤੇ ਨਾ ਕਿਤੇ ਪੰਜਾਬੀ ਭਾਸ਼ਾ ਦੇ ਸ਼ੁੱਧ ਸਰੂਪ ਉੱਪਰ ਫਰਕ ਜ਼ਰੂਰ ਪਵੇਗਾ। ਸੋ ਅਜਿਹੀ ਸਥਿਤੀ ਵਿਚ ਜਿੱਥੇ ਭਾਸ਼ਾ ਦੇ ਮਾਹਿਰਾਂ ਨੂੰ ਸੁਚੇਤਤਾ ਦੀ ਲੋੜ ਹੈ, ਉੱਥੇ ਪੰਜਾਬੀ ਭਾਸ਼ਾ ਨੂੰ ਲਿਖਣ, ਪੜ੍ਹਨ ਅਤੇ ਬੋਲਣ ਵਾਲਿਆਂ ਵਿਸ਼ੇਸ਼ ਕਰਕੇ ਇੰਟਰਨੈੱਟ 'ਤੇ ਪੰਜਾਬੀ ਭਾਸ਼ਾ ਨੂੰ ਵਰਤਣ ਵਾਲਿਆਂ ਨੂੰ ਵੀ ਪੰਜਾਬੀ ਦੇ ਸ਼ੁੱਧ ਅਤੇ ਕੇਂਦਰੀ ਸਰੂਪ ਦੀ ਪਹਿਚਾਣ ਰੱਖਣੀ ਚਾਹੀਦੀ ਹੈ ਤਾਂ ਜੋ ਭਾਸ਼ਾ ਦੇ ਪੱਧਰ ਸਾਡਾ ਪੰਜਾਬੀ ਭਾਸ਼ਾ ਦਾ ਉਚਾਰਨ ਅਤੇ ਲਿਖਤੀ ਰੂਪ ਵਿਚ ਪੰਜਾਬੀ ਭਾਸ਼ਾ ਦਾ ਮੁਹਾਂਦਰਾ ਸਪਸ਼ਟ ਅਤੇ ਤਰੁੱਟੀ-ਰਹਿਤ ਹੋਵੇ।

# ਪੁੱਤ ਦੀ ਉਡੀਕ

**ਲਿਖਤ : ਬਰਜਿੰਦਰ ਕੌਰ ਬਿਸਰਾਓ, ਸੰਪਰਕ 99889-01324**

ਬਖਸ਼ੀ ਤੇ ਰਾਮ ਸਰੂਪ ਆਪਣੇ ਇੱਕ ਧੀ ਅਤੇ ਪੁੱਤਰ ਨਾਲ਼ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਸਨ। ਰਾਮ ਸਰੂਪ ਚਾਹੇ ਛੋਟੀ ਜਿਹੀ ਨੌਕਰੀ ਕਰਦਾ ਸੀ ਪਰ ਉਸ ਦੇ ਟੱਬਰ ਦੇ ਪਾਲਣ ਪੋਸ਼ਣ ਲਈ ਕਾਫੀ ਸੀ। ਇੱਕ ਮਿਹਨਤੀ ਇਨਸਾਨ ਅਤੇ ਉਸ ਦੇ ਪਰਿਵਾਰ ਦੀਆਂ ਖਵਾਹਿਸ਼ਾਂ ਬਹੁਤੀਆਂ ਵੱਡੀਆਂ ਵੱਡੀਆਂ ਨਾ ਹੋਣ ਕਰਕੇ ਉਹ ਲੋਕ ਤਿੰਨ ਵਕਤ ਦੀ ਰੋਟੀ ਤੇ ਸਿਰ ਤੇ ਆਪਣੀ ਛੱਤ ਹੋਣ ਨਾਲ ਹੀ ਦੁਨੀਆਂ ਵਿੱਚ ਆਪਣੇ ਆਪ ਨੂੰ ਖੁਸ਼ਨਸੀਬ ਸਮਝਦੇ ਹਨ।ਪਰ, ਜਿਵੇਂ ਜਿਵੇਂ ਬੱਚੇ ਵੱਡੇ ਹੋਣ ਲੱਗਦੇ ਹਨ ਉਹ ਵੀ ਪਿੰਜਰੇ ਦੇ ਪੰਛੀ ਵਾਂਗ ਆਪਣੇ ਖੰਭ ਖਿਲਾਰਨੇ ਸ਼ੁਰੂ ਕਰ ਦਿੰਦੇ ਹਨ। ਇਸੇ ਤਰ੍ਹਾਂ ਬਖਸ਼ੀ ਦਾ ਮੁੰਡਾ ਪੰਦਰਾਂ ਸੋਲਾਂ ਸਾਲ ਦੀ ਉਮਰ ਵਿੱਚ ਬੁਰੇ ਮੁੰਡਿਆਂ ਦੇ ਸੰਗ ਵਿੱਚ ਪੈ ਗਿਆ। ਉਸ ਦੇ ਖਰਚੇ ਅਤੇ ਲੋੜਾਂ ਵਧਣ ਲੱਗੀਆਂ। ਉਹ ਸਾਰਾ ਸਾਰਾ ਦਿਨ ਬਿਗੜੈਲ ਮੁੰਡਿਆਂ ਨਾਲ ਸੜਕਾਂ ਤੇ ਘੁੰਮਦਾ ਰਹਿੰਦਾ। ਪਿੰਡ ਵਿੱਚੋਂ ਉਸ ਬਾਰੇ ਕਿਸੇ ਨੇ ਕੁਝ ਤੇ ਕਿਸੇ ਨੇ ਕੁਝ ਦੱਸਣਾ। ਬਖਸ਼ੀ ਨੇ ਕਈ ਗੱਲਾਂ ਦੇ ਪਰਦੇ ਰਾਮ ਸਰੂਪ ਤੋਂ ਚੋਰੀ ਚੋਰੀ ਕੱਜਣੇ, ਆਦਮੀ ਤੋਂ ਚੋਰੀ ਮੁੰਡੇ ਨੂੰ ਸਮਝਾਉਣਾ ਪਰ ਉਹ ਉਮਰ ਈ ਏਹੋ ਜਿਹੀ ਹੁੰਦੀ ਹੈ ਕਿ ਸਮਝਾਉਣ ਵਾਲ਼ੇ ਈ ਗ਼ਲਤ ਲੱਗਦੇ ਨੇ। ਇੱਕ ਦਿਨ ਰਾਮ ਸਰੂਪ ਨੂੰ ਪਿੰਡ ਵਿੱਚੋਂ ਈ ਉਸ ਦੀਆਂ ਭੈੜੀਆਂ ਆਦਤਾਂ ਬਾਰੇ ਪਤਾ ਲੱਗ ਗਿਆ ਤਾਂ ਉਸ ਨੇ ਮੁੰਡੇ ਨੂੰ ਸੋਟੀਆਂ ਨਾਲ਼ ਕੁੱਟਿਆ। ਸਵੇਰੇ ਰਾਮ ਸਰੂਪ ਤਾਂ ਕੰਮ ਤੇ ਚਲਿਆ ਗਿਆ । ਬਖਸ਼ੀ ਨੂੰ ਮਨ ਵਿੱਚ ਡਰ ਜਿਹਾ ਆਇਆ ਕਿ ਅੱਗੇ ਤਾਂ ਮੁੰਡਾ ਜਲਦੀ ਉੱਠ ਕੇ ਚਾਹ ਪਾਣੀ ਪੀ ਲੈਂਦਾ ਸੀ ਪਰ ਅੱਜ ਦਸ ਵੱਜ ਗਏ ਸਨ, ਮੁੰਡਾ ਸਵੇਰੇ ਹੀ ਇੱਕ ਵਾਰੀ ਉੱਠ ਕੇ ਬਾਥਰੂਮ ਜਾ ਕੇ ਫਿਰ ਪੈ ਗਿਆ ਸੀ, ਜਿਵੇਂ ਦੇਖ ਕੇ ਗਿਆ ਹੋਵੇ ਕਿ ਪਿਓ ਘਰ ਈ ਹੈ ਕਿ ਚਲਿਆ ਗਿਆ। ਬਖਸ਼ੀ ਦੇ ਮਨ ਵਿੱਚ ਮਾਂ ਹੋਣ ਕਰਕੇ ਬੁਰੇ ਬੁਰੇ ਖ਼ਿਆਲ ਆ ਰਹੇ ਸਨ,ਉਹ ਇੱਕਦਮ ਜਾ ਕੇ ਕਮਰੇ ਦਾ ਦਰਵਾਜ਼ਾ ਖੜਕਾਉਣ ਲੱਗੀ ਤਾਂ ਸੱਚ ਮੁੱਚ ਹੀ ਅੰਦਰੋਂ ਕੋਈ ਅਵਾਜ਼ ਨਾ ਆਈ ਤਾਂ ਬਖਸ਼ੀ ਤੇ ਉਸ ਦੀ ਧੀ ਨੇ ਦਰਵਾਜ਼ੇ ਨੂੰ ਜ਼ੋਰ ਦੀ ਧੱਕੇ ਮਾਰੇ ਤਾਂ ਮੁੰਡੇ ਨੇ ਹਜੇ ਹੁਣੇ ਹੀ ਫਾਹਾ ਲਿਆ ਸੀ । ਮਾਵਾਂ ਧੀਆਂ ਦੀਆਂ ਚੀਕਾਂ ਸੁਣ ਕੇ ਗੁਆਂਢੀ ਵੀ ਆ ਗਏ।ਮੁੰਡੇ ਨੂੰ ਲਾਹ ਕੇ ਪੰਜਾਂ ਸੱਤਾਂ ਮਿੰਟਾਂ ਵਿੱਚ ਹੀ ਹਸਪਤਾਲ ਲੈ ਗਏ। ਕਹਿੰਦੇ ਨੇ ਵਧੀ ਦੇ ਸੌ ਹੀਲੇ ਹੁੰਦੇ ਨੇ। ਮੁੰਡੇ ਦੀ ਜਾਨ ਬਚ ਗਈ। ਦੋ ਦਿਨ ਬਾਅਦ ਉਸ ਨੂੰ ਹਸਪਤਾਲੋਂ ਛੁੱਟੀ ਮਿਲ ਗਈ ਤੇ ਬਖਸ਼ੀ ਤੇ ਰਾਮ ਸਰੂਪ ਨੇ ਰੱਬ ਦੇ ਸੌ ਸੌ ਸ਼ੁਕਰਾਨੇ ਕੀਤੇ।

ਉਸ ਤੋਂ ਬਾਅਦ ਮੁੰਡੇ ਵਿੱਚ ਵੀ ਸੁਧਾਰ ਹੋ ਗਿਆ ਸੀ । ਹੁਣ ਉਸ ਨੇ ਬੁਰੇ ਸਾਥੀਆਂ ਦਾ ਸੰਗ ਛੱਡ ਦਿੱਤਾ ਸੀ। ਉਹ ਜ਼ਿਆਦਾਤਰ ਘਰ ਈ ਰਹਿੰਦਾ। ਇੱਕ ਦਿਨ ਉਹਨਾਂ ਦਾ ਸਾਰਾ ਪਰਿਵਾਰ ਰਿਸ਼ਤੇਦਾਰੀ ਵਿੱਚ ਵਿਆਹ ਤੇ ਗਏ। ਉੱਥੇ ਮੁੰਡਾ ਆਪਣੇ ਪਰਿਵਾਰ ਨਾਲ ਇੱਕ ਪਾਸੇ ਕਨਾਤਾਂ ਹੇਠ ਹੀ ਬੈਠਾ ਸੀ, ਉੱਥੇ ਹੋਰ ਰਿਸ਼ਤੇਦਾਰ ਵੀ ਬਹੁਤ ਸਨ। ਮੁੰਡੇ ਨੂੰ ਇੰਝ ਲੱਗਦਾ ਸੀ ਕਿ ਹਰ ਕੋਈ ਉਸ ਨੂੰ ਈ ਘੂਰ ਘੂਰ ਕੇ ਦੇਖ ਰਿਹਾ ਹੋਵੇ ਤੇ ਉਸ ਦੀਆਂ ਹੀ ਗੱਲਾਂ ਕਰ ਰਿਹਾ ਹੋਵੇ। ਉਹੀ ਗੱਲ ਹੋਈ, ਇੱਕ ਬੁੱਢੀ ਬਖਸ਼ੀ ਕੋਲ ਆ ਕੇ ਆਖਣ ਲੱਗੀ," ਹੋਰ ਬਖਸ਼ੀਏ! ਕੀ ਹਾਲ ਐ?"

"ਤਾਈ ਜੀ ਪੈਰੀਂ ਪੈਨੀ ਆਂ....ਸਾਡਾ ਹਾਲ ਵਧੀਆ ਤਾਈ ਜੀ, ਤੁਸੀਂ ਸੁਣਾਓ...?" ਬਖਸ਼ੀ ਬੋਲੀ।

"ਮੈਂ ਵੀ ਵਧੀਆ ਭਾਈ.... ਹੋਰ ਨਿਆਣੇ ਨਿੱਕੇ ਤਕੜੇ ਆ...? ਆਹ ਭਲਾ ਤੇਰਾ ਉਹੀ ਮੁੰਡਾ ..... ਜੀਹਨੇ...... ਫਾਹਾ ਲੈ ਲਿਆ ਸੀ....? ਸਾਰੀਆਂ ਜਾਣੀਆਂ ਗੱਲਾਂ ਕਰਦੀਆਂ ਸੀ.... ਮੈਂ ਖਿਆ.... ਮੈਂ ਪੁੱਛ ਕੇ ਆਉਨੀ ਆਂ.....!"

ਬਖਸ਼ੀ ਨੂੰ ਇੱਕ ਚੜ੍ਹ ਰਹੀ ਸੀ ਤੇ ਇੱਕ ਉੱਤਰ ਰਹੀ ਸੀ , ਬਖਸ਼ੀ ਗੁੱਸੇ ਵਿੱਚ ਬੋਲੀ ," ਤਾਈ ਜੀ, ਤੁਸੀਂ ਬਹੁਤ ਬਹਾਦਰੀ ਦਾ ਕੰਮ ਕੀਤਾ,ਜਾਓ ਉਹਨਾਂ ਤੋਂ ਜਾ ਕੇ ਮੈਡਲ ਪਵਾ ਲਓ....!"

ਬੁੜੀ ਬੁੱਲਾਂ ਤੇ ਜੀਭ ਫੇਰਦੀ ਤੁਰ ਗਈ ।

ਮੁੰਡਾ ਨੀਵੀਂ ਪਾਈ ਬੈਠਾ ਇੰਝ ਲੱਗ ਰਿਹਾ ਸੀ ਜਿਵੇਂ ਅੰਦਰੋਂ ਅੰਦਰ ਨਿੱਘਰ ਰਿਹਾ ਹੋਏ....। ਬਖਸ਼ੀ ਆਪਣੇ ਪੁੱਤ ਦੀ ਹਾਲਤ ਦੇਖ ਕੇ ਵਿਆਹ ਵਿੱਚੇ ਛੱਡ ਕੇ ਬੱਚਿਆਂ ਨੂੰ ਘਰ ਲੈ ਆਈ। ਉਸ ਨੇ ਮੁੰਡੇ ਨੂੰ ਸਮਝਾਇਆ," ਪੁੱਤ, ਲੋਕਾਂ ਦੀਆਂ ਗੱਲਾਂ ਦੀ ਪ੍ਰਵਾਹ ਨੀ ਕਰੀਦੀ.... ਦੁਨੀਆ ਤਾਂ ਇਹੋ ਜਿਹੀ ਹੀ ਹੁੰਦੀ ਆ .... ਜਦ ਤੂੰ ਮਾੜਾ ਸੀ ਉਦੋਂ ਵੀ ਗੱਲਾਂ ਬਣਾਉਂਦੇ ਸੀ ਹੁਣ ਤੂੰ ਸੁਧਰ ਗਿਆ ਹੁਣ ਵੀ ਬਣਾਉਂਦੇ ਆ.... ਦਾਤੀ ਨੂੰ ਤਾਂ ਇੱਕ ਪਾਸੇ ਦੰਦੇ ਹੁੰਦੇ ਨੇ ਦੁਨੀਆ ਨੂੰ ਤਾਂ ਦੋਹੀਂ ਪਾਸੇ ਹੁੰਦੇ ਨੇ....!" ਮੁੰਡਾ ਬੋਲਿਆ ਤਾਂ ਕੁਝ ਨੀ ਪਰ ਹਾਂ ਵਿੱਚ ਸਿਰ ਹਿਲਾ ਦਿੱਤਾ।

ਹਜੇ ਕੁਝ ਦਿਨ ਈ ਲੰਘੇ ਸਨ ਕਿ ਪਿੰਡ ਦੇ ਗੁਰਦੁਆਰੇ ਵਿੱਚ ਕੋਈ ਧਾਰਮਿਕ ਸਮਾਗਮ ਸੀ। ਬਖਸ਼ੀ ਨੇ ਮੁੰਡੇ ਨੂੰ ਲੰਗਰ ਵਿੱਚ ਪਾਉਣ ਲਈ ਰਾਸ਼ਨ ਲਿਆ ਕੇ ਦਿੱਤਾ ਤੇ ਕਿਹਾ ਕਿ ਗੁਰਦੁਆਰੇ ਦੇ ਆਏ। ਜੇ ਹੋ ਸਕਿਆ ਤਾਂ ਥੋੜ੍ਹਾ ਜਿਹਾ ਚਿਰ ਸੇਵਾ ਵੀ ਕਰ ਆਏ। ਬਖਸ਼ੀ ਨੂੰ ਲੱਗਿਆ ਕਿ ਸੇਵਾ ਕਰਕੇ ਉਸ ਦਾ ਮਨ ਹੋਰ ਹੋ ਜਾਵੇਗਾ। ਉਹ ਪਿੰਡ ਵਿੱਚੋਂ ਤੁਰਿਆ ਜਾ ਰਿਹਾ ਸੀ ਤਾਂ ਮੱਲਾਂ ਕਾ ਛੜਾ ਜੋ ਆਪਣੇ ਵਰਗੇ ਅੱਠ ਦਸ ਵਿਹਲੜਾਂ ਨਾਲ ਚੌਤਰੇ ਤੇ ਬੈਠਾ ਤਾਸ਼ ਖੇਡ ਰਿਹਾ ਸੀ,ਉੱਚੀ ਦੇਣੇ ਬੋਲਿਆ," ਓਏ ਸਰੂਪੇ ਦੇ ਮੁੰਡਿਆ ! ਕਿਵੇਂ ਆ ਬਈ.... ਡਮਾਕ ਟਿਕਾਣੇ ਰੱਖੀਦਾ..... ਫੇਰ ਨਾ ਕਿਤੇ ਚੰਦ ਚਾੜ੍ਹਦੀਂ ਕੋਈ....!" ਬਾਕੀ ਸਾਰੇ ਜਣੇ ਹੱਸ ਪਏ।



ਮੁੰਡਾ ਬਿਨਾਂ ਜਵਾਬ ਦਿੱਤੇ ਕੋਲ਼ ਦੀ ਲੰਘ ਗਿਆ। ਉਹ ਸੋਚੀਂ ਪਿਆ ਗੁੰਮ ਸੁੰਮ ਇਹ ਸੋਚਦਾ ਜਾ ਰਿਹਾ ਸੀ ਕਿ ਹੁਣ ਪਿੰਡ ਵਿੱਚ ਕੋਈ ਚੰਗੇ ਤੋਂ ਚੰਗਾ ਮੁੰਡਾ ਵੀ ਉਸ ਦੀ ਰੀਸ ਨਹੀਂ ਕਰ ਸਕਦਾ , ਬੁਰੇ ਤਾਂ ਇਹਨਾਂ ਦੀਆਂ ਅੱਖਾਂ ਵਿੱਚ ਰੜਕਦੇ ਈ ਨੇ, ਚੰਗੇ ਬਣੇ ਵੀ ਬਰਦਾਸ਼ਤ ਨਹੀਂ ਹੋ ਰਹੇ।

ਉਹ ਗੁਰਦੁਆਰੇ ਪਹੁੰਚ ਕੇ ਸੇਵਾ ਕਰਨ ਲੱਗਿਆ। ਉਸ ਨੂੰ ਲੱਗ ਰਿਹਾ ਸੀ ਕਿ ਸਾਰੇ ਉਸ ਵੱਲ ਨੂੰ ਈ ਦੇਖ ਕੇ ਹੱਸ ਰਹੇ ਹੋਣ ।ਕੁਛ ਸਮੇਂ ਬਾਅਦ ਬਖਸ਼ੀ ਵੀ ਚਲੀ ਗਈ। ਮੁੰਡੇ ਦਾ ਜੀਅ ਕਾਹਲਾ ਪੈ ਰਿਹਾ ਸੀ। ਬਖਸ਼ੀ ਮੱਥਾ ਟੇਕ ਕੇ ਈ ਮੁੰਡੇ ਨੂੰ ਨਾਲ਼ ਲੈ ਕੇ ਵਾਪਸ ਆ ਗਈ। ਰਾਹ ਵਿੱਚ ਛੱਜੂ ਦੀ ਵੱਡੀ ਕੁੜੀ ਮਿਲ ਗਈ ਜੋ ਸਹੁਰਿਆਂ ਤੋਂ ਕੱਲ੍ਹ ਈ ਆਈ ਸੀ। ਬਖਸ਼ੀ ਨੇ ਕੁੜੀ ਦੀ ਸਤਿ ਸ੍ਰੀ ਆਕਾਲ ਦਾ ਜਵਾਬ ਦੇ ਕੇ ਉਸ ਦਾ ਹਾਲ ਚਾਲ ਪੁੱਛਿਆ ਤਾਂ ਕੁੜੀ ਬੋਲੀ," ਭਾਬੀ.... ਆਹ ਤੇਰੇ ਮੁੰਡੇ ਨੇ ਕੀ ਚੰਦ ਚਾੜ੍ਹਤਾ ਸੀ.....? ਮੈਨੂੰ ਤਾਂ ਬੀਬੀ ਹੋਣਾਂ ਨੇ ਫੂਨ ਤੇ ਦੱਸਿਆ ਸੀ....?"

ਬਖਸ਼ੀ ਨੇ ਮੁੰਡੇ ਦੇ ਸਾਹਮਣੇਂ ਈ ਕੁੜੀ ਨੂੰ ਚੰਗੀ ਝਾੜ ਪਾਉਂਦਿਆਂ ਆਖਿਆ," ਕੀ ਚੰਦ ਚਾੜ੍ਹਤਾ ਨੀ ਮੇਰੇ ਪੁੱਤ ਨੇ... ਕਿਸੇ ਦੀ ਕੁੜੀ ਤਾਂ ਨੀ ਕੱਢ ਲਿਆਇਆ..... ਕਿਤੇ ਡਾਕਾ ਤਾਂ ਨੀ ਮਾਰ ਕੇ ਆਇਆ..... ਨਾ ਸਮਝੀ 'ਚ ,ਜੇ ਜਵਾਕ.....(ਕਹਿੰਦੀ ਕਹਿੰਦੀ ਰੁਕ ਗਈ ਤੇ ਮੁੰਡੇ ਨੂੰ ਲੈ ਕੇ ਘਰ ਵੱਲ ਨੂੰ ਤੁਰ ਪਈ ) ....।

ਉਹ ਕੁੜੀ ਬੋਲੀ," ਇੱਕ ਤਾਂ ਹਾਲ ਚਾਲ ਪੁੱਛੋ.... ਦੂਜਾ ਗਲ਼ੇ ਪੈਂਦੀ ਆ....।" (ਬੁੜ ਬੁੜ ਕਰਦੀ ਅੰਦਰ ਨੂੰ ਚਲੀ ਗਈ)

ਅਗਲੀ ਸਵੇਰ ਗਿਆਰਾਂ ਕੁ ਵਜੇ ਬਖਸ਼ੀ ਆਪਣੀ ਧੀ ਨਾਲ ਬਜ਼ਾਰੋਂ ਉਸ ਦੀ ਵਰਦੀ ਖ਼ਰੀਦਣ ਚਲੀ ਗਈ ਤੇ ਮੁੰਡੇ ਨੂੰ ਘਰ ਦਾ ਖਿਆਲ ਰੱਖਣ ਲਈ ਆਖ ਗਈ।

ਦੋ ਘੰਟੇ ਬਾਅਦ ਜਦ ਮਾਵਾਂ ਧੀਆਂ ਵਾਪਸ ਆਈਆਂ ਤਾਂ ਮੁੰਡਾ ਘਰ ਨਹੀਂ ਸੀ। ਬਖਸ਼ੀ ਨੇ ਸੋਚਿਆ ਕਿ ਕਿਸੇ ਦੋਸਤ ਕੋਲ ਗਿਆ ਹੋਵੇਗਾ।ਉਂਝ ਤਾਂ ਹੁਣ ਜਾਂਦਾ ਨਹੀਂ ਪਰ ਕਦੇ ਤਾਂ ਜੀਅ ਕਰ ਹੀ ਆਉਂਦਾ ਹੈ।ਪਰ ਕਿੱਥੇ....

ਸ਼ਾਮ ਹੋ ਗਈ...... ਰਾਤ ਹੋ ਗਈ..... ਗੁਰਦੁਆਰੇ ਬੁਲਵਾਇਆ..... ਪੁਲਿਸ ਸ਼ਿਕਾਇਤ ਦਰਜ ਕਰਵਾਈ.... ਬਹੁਤ ਲੱਭਿਆ...... ਦਿਨ.... ਹਫ਼ਤੇ.... ਮਹੀਨੇ..... ਸਾਲ ਬੀਤ ਗਏ..... ਉਹ ਨੌਜਵਾਨ ਜੋ ਇੱਕ ਗ਼ਲਤੀ ਸੁਧਾਰ ਕੇ ਮੁੜ ਚੰਗੀ ਜ਼ਿੰਦਗੀ ਜਿਉਣਾ ਚਾਹੁੰਦਾ ਸੀ ਪਰ ਦੁਨੀਆ ਉਸ ਨੂੰ ਮੁੜ ਚੰਗੇ ਰਾਹਾਂ ਤੇ ਪਰਤਣ ਨਹੀਂ ਦਿੰਦੀ ਤੇ ਲੋਕਾਂ ਦੇ ਤਾਹਨਿਆਂ ਦੀ ਭੇਂਟ ਚੜ੍ਹ ਗਿਆ.... ਪਰ..... ਬਖਸ਼ੀ ਤੇ ਰਾਮ ਸਰੂਪ ਹਰ ਵੇਲੇ ਬੂਹੇ ਵੱਲ ਤੱਕਦੇ ਰਹਿੰਦੇ..... ਉਹਨਾਂ ਦੀ ਉਡੀਕ ਖਤਮ ਨਹੀਂ ਹੋਈ ।

ਸਫ਼ਾ 1 ਦਾ ਬਾਕੀ

## ਰਿਕਾਰਡ ਕਾਰਪੋਰੇਟ ਮੁਨਾਫ਼ਿਆਂ ਦੇ

ਕੈਨੇਡਾ ਦੁਆਰਾ ਜਾਰੀ ਲੇਬਰ ਫੋਰਸ ਸਰਵੇਖਣ ਮੁਤਾਬਕ ਅਪ੍ਰੈਲ 2026 ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਵਧ ਕੇ 6.9 ਫੀਸਦੀ ਹੋ ਗਈ ਹੈ, ਜੋ ਕਿ ਪਿਛਲੇ ਛੇ ਮਹੀਨਿਆਂ ਵਿੱਚ ਸਭ ਤੋਂ ਉੱਚੀ ਦਰ ਹੈ। ਸਿਰਫ਼ ਇੱਕ ਮਹੀਨੇ ਵਿੱਚ ਹੀ 51,200 ਹੋਰ ਲੋਕ ਬੇਰੁਜ਼ਗਾਰ ਹੋ ਗਏ ਹਨ, ਜਿਸ ਨਾਲ ਕੁੱਲ ਬੇਰੁਜ਼ਗਾਰਾਂ ਦੀ ਗਿਣਤੀ ਲਗਭਗ 15 ਲੱਖ 66 ਹਜ਼ਾਰ ਤੱਕ ਪਹੁੰਚ ਗਈ ਹੈ। ਰੁਜ਼ਗਾਰ ਦੀ ਸਥਿਤੀ ਖਾਸ ਤੌਰ ਉੱਤੇ ਨੌਜਵਾਨਾਂ ਲਈ ਗੰਭੀਰ ਹੈ, ਜਦੋਂ ਕਿ 15 ਤੋਂ 24 ਸਾਲ ਦੀ ਉਮਰ ਦੇ ਵਰਗ ਵਿੱਚ ਬੇਰੁਜ਼ਗਾਰੀ ਦੀ ਦਰ ਹੋਰ ਵੀ ਉੱਚੀ ਹੈ। ਲੰਬੇ ਸਮੇਂ ਤੱਕ ਬੇਰੁਜ਼ਗਾਰ ਰਹਿਣ ਵਾਲਿਆਂ ਦੀ ਸੰਖਿਆ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਔਂਟਾਰੀਓ ਸੂਬੇ ਵਿੱਚ ਇਹ ਸਮੱਸਿਆ ਵਿਸ਼ੇਸ਼ ਤੌਰ ਉੱਤੇ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ।

ਬੇਰੁਜ਼ਗਾਰੀ ਦੇ ਨਾਲ ਨਾਲ ਮਹਿੰਗਾਈ ਵੀ ਆਮ ਪਰਿਵਾਰਾਂ ਦੀ ਕਮਰ ਤੋੜ ਰਹੀ ਹੈ। ਸਟੈਟਿਸਟਿਕਸ ਕੈਨੇਡਾ ਦੇ ਉਪਭੋਗਤਾ ਮੁੱਲ ਸੂਚਕਾਂਕ ਅਨੁਸਾਰ ਮਾਰਚ 2026 ਵਿੱਚ ਉਪਭੋਗਤਾ ਕੀਮਤਾਂ ਵਿੱਚ 2.4 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂਕਿ ਇਹ ਅੰਕੜਾ ਮਾਮੂਲੀ ਜਾਪਦਾ ਹੈ, ਪਰ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵਿੱਚ 4.4 ਫੀਸਦੀ ਦਾ ਤੇਜ਼ ਉਛਾਲ ਆਇਆ ਹੈ। ਬਿਜਲੀ ਅਤੇ ਤੇਲ ਦੀਆਂ ਕੀਮਤਾਂ ਵਿੱਚ ਵੀ ਲਗਾਤਾਰ ਵਾਧਾ ਜਾਰੀ ਹੈ। ਪਿਛਲੇ ਕਈ ਸਾਲਾਂ ਦੌਰਾਨ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ ਅਤੇ ਘਰ ਦੇ ਕਿਰਾਏ ਵਿੱਚ ਭਾਰੀ ਵਾਧਾ ਹੋਇਆ ਹੈ, ਜਿਸ ਕਾਰਨ ਆਮ ਲੋਕਾਂ ਦੀ ਖਰੀਦ ਸਮਰੱਥਾ ਵਿੱਚ ਗੰਭੀਰ ਕਮੀ ਆਈ ਹੈ।

ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਉਲਟ, ਵੱਡੀਆਂ ਕੰਪਨੀਆਂ ਦੀ ਸਥਿਤੀ ਬੇਹੱਦ ਮਜ਼ਬੂਤ ਹੈ। ਸਟੈਟਿਸਟਿਕਸ ਕੈਨੇਡਾ ਦੇ ਕਾਰਪੋਰੇਟ ਲਾਭ ਡਾਟਾ ਮੁਤਾਬਕ ਸਾਲ 2025 ਵਿੱਚ ਕੈਨੇਡਾ ਦੀਆਂ ਕੰਪਨੀਆਂ ਨੇ ਰਿਕਾਰਡ 677 ਬਿਲੀਅਨ ਡਾਲਰ ਦਾ ਸ਼ੁੱਧ ਮੁਨਾਫਾ ਕਮਾਇਆ ਹੈ। ਇਸ ਵਿੱਚੋਂ ਇੱਕਲੇ ਬੈਂਕਿੰਗ ਅਤੇ ਵਿੱਤੀ ਖੇਤਰ ਨੇ 200 ਬਿਲੀਅਨ ਡਾਲਰ ਤੋਂ ਵੱਧ ਦਾ ਮੁਨਾਫਾ ਕਮਾਇਆ ਹੈ। ਮੁਨਾਫੇ ਦੀ ਇਹ ਦਰ ਪਿਛਲੇ 30 ਸਾਲਾਂ ਦੇ ਇਤਿਹਾਸ ਵਿੱਚ ਤੀਜੀ ਸਭ ਤੋਂ ਉੱਚੀ ਦਰ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਕਾਰਪੋਰੇਟ ਖੇਤਰ ਮੌਜੂਦਾ ਆਰਥਿਕ ਹਾਲਾਤ ਵਿੱਚ ਵੀ ਮਜ਼ਬੂਤੀ ਨਾਲ ਵਧ ਰਿਹਾ ਹੈ।

ਆਮ ਪਰਿਵਾਰਾਂ ਦੀ ਸਥਿਤੀ ਬੇਹੱਦ ਚਿੰਤਾਜਨਕ ਹੈ। ਯੂਨੀਵਰਸਿਟੀ ਆਫ ਟੋਰਾਂਟੋ ਦੁਆਰਾ ਜਾਰੀ ਫੂਡ ਇਨਸੈਕਿਊਰਿਟੀ ਰਿਪੋਰਟ ਮੁਤਾਬਕ ਸਾਲ 2025 ਵਿੱਚ 98 ਲੱਖ ਕੈਨੇਡੀਅਨ ਨਾਗਰਿਕ, ਜੋ ਕਿ ਕੁੱਲ ਆਬਾਦੀ ਦਾ ਹਰ ਚੌਥਾ ਵਿਅਕਤੀ ਹੈ, ਖੁਰਾਕੀ ਅਸੁਰੱਖਿਆ ਦਾ ਸਾਹਮਣਾ ਕਰ ਰਹੇ ਸਨ। ਇਸ ਵਿੱਚ 24 ਲੱਖ ਬੱਚੇ ਸ਼ਾਮਲ ਹਨ, ਜੋ ਇੱਕ ਬੇਹੱਦ ਗੰਭੀਰ ਅਤੇ ਚਿੰਤਾਜਨਕ ਸਥਿਤੀ ਹੈ। ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ ਭਾਰਤੀ ਮੂਲ ਦੇ ਅਤੇ ਕਾਲੇ ਸਮੁਦਾਇਆਂ ਵਿੱਚ ਖੁਰਾਕੀ ਅਸੁਰੱਖਿਆ ਦੀ ਸਮੱਸਿਆ ਹੋਰ ਵੀ ਵਿਆਪਕ ਹੈ, ਜੋ ਆਰਥਿਕ ਅਸਮਾਨਤਾ ਦੇ ਨਸਲੀ ਪਹਿਲੂ ਨੂੰ ਉਜਾਗਰ ਕਰਦੀ ਹੈ।

ਰਿਹਾਇਸ਼ੀ ਸੰਕਟ ਨੇ ਆਮ ਪਰਿਵਾਰਾਂ ਨੂੰ ਹੋਰ ਵੀ ਮੁਸੀਬਤ ਵਿੱਚ ਪਾ ਦਿੱਤਾ ਹੈ। ਟੋਰਾਂਟੋ ਅਤੇ ਵੈਨਕੂਵਰ ਵਰਗੇ ਵੱਡੇ ਸ਼ਹਿਰਾਂ ਵਿੱਚ ਬਹੁਤੇ ਪਰਿਵਾਰ ਆਪਣੀ ਕੁੱਲ ਆਮਦਨੀ ਦਾ 50 ਫੀਸਦੀ ਤੋਂ ਵੱਧ ਹਿੱਸਾ ਘਰ ਦੇ ਕਿਰਾਏ ਜਾਂ ਕਿਸ਼ਤਾਂ ਵਿੱਚ ਖਰਚ ਕਰਦੇ ਹਨ। ਘਰ ਖਰੀਦਣਾ ਮੱਧ ਵਰਗੀ ਆਮਦਨੀ ਵਾਲੇ ਪਰਿਵਾਰਾਂ ਲਈ ਲਗਭਗ ਅਸੰਭਵ ਹੋ ਗਿਆ ਹੈ। ਅਧਿਕਾਰਤ ਡਾਟਾ ਅਨੁਸਾਰ ਬਹੁਤੇ ਲੋਕ ਆਪਣਾ ਖਾਣਾ ਘਟਾ ਰਹੇ ਹਨ, ਜ਼ਰੂਰੀ ਦਵਾਈਆਂ ਦੀ ਖਰੀਦ ਨੂੰ ਟਾਲ ਰਹੇ ਹਨ ਅਤੇ ਘਰ ਦਾ ਬੁਨਿਆਦੀ ਖਰਚਾ ਚਲਾਉਣ ਲਈ ਗੰਭੀਰ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ।

ਇੱਕ ਮਜ਼ਦੂਰ ਵਿਸ਼ਲੇਸ਼ਕ ਨੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਆਮ ਲੋਕ ਪਹਿਲਾਂ ਨਾਲੋਂ ਵੱਧ ਮਿਹਨਤ ਕਰ ਰਹੇ ਹਨ ਪਰ ਫਿਰ ਵੀ ਆਰਥਿਕ ਤੌਰ ਉੱਤੇ ਪਿੱਛੇ ਰਹਿ ਜਾ ਰਹੇ ਹਨ। ਕੰਪਨੀਆਂ ਦੀਆਂ ਵਿੱਤੀ ਤਾਕਤਾਂ ਲਗਾਤਾਰ ਮਜ਼ਬੂਤ ਹੋ ਰਹੀਆਂ ਹਨ, ਜਦੋਂ ਕਿ ਘਰਾਂ ਦੀਆਂ ਆਰਥਿਕ ਹਾਲਤਾਂ ਰੋਜ਼ ਤੰਗ ਹੁੰਦੀਆਂ ਜਾ ਰਹੀਆਂ ਹਨ। ਇਹ ਵਿਸ਼ਲੇਸ਼ਣ ਆਰਥਿਕ ਵੰਡ ਵਿੱਚ ਵਧਦੀ ਖਾਈ ਨੂੰ ਦਰਸਾਉਂਦਾ ਹੈ।

ਸਰਕਾਰ ਅਤੇ ਬੈਂਕ ਆਫ ਕੈਨੇਡਾ ਲਈ ਇਹ ਸਮਾਂ ਬੇਹੱਦ ਚੁਣੌਤੀਪੂਰਨ ਹੈ। ਉਨ੍ਹਾਂ ਨੂੰ ਮਹਿੰਗਾਈ ਨੂੰ ਕਾਬੂ ਵਿੱਚ ਕਰਨਾ, ਰੁਜ਼ਗਾਰ ਦੇ ਮੌਕੇ ਵਧਾਉਣੇ ਅਤੇ ਆਮ ਲੋਕਾਂ ਲਈ ਰਿਹਾਇਸ਼ ਅਤੇ ਖੁਰਾਕ ਨੂੰ ਕਿਫਾਇਤੀ ਬਣਾਉਣਾ ਹੋਵੇਗਾ। ਮੌਜੂਦਾ ਨੀਤੀਆਂ ਦੀ ਪ੍ਰਭਾਵਸ਼ੀਲਤਾ ਉੱਤੇ ਸਵਾਲ ਉੱਠ ਰਹੇ ਹਨ ਅਤੇ ਆਰਥਿਕ ਵਿਗਿਆਨੀ ਨਵੀਂ ਦਿਸ਼ਾ ਦੀ ਮੰਗ ਕਰ ਰਹੇ ਹਨ।

ਮੌਜੂਦਾ ਅਧਿਕਾਰਤ ਡਾਟਾ ਇੱਕ ਗੱਲ ਸਪੱਸ਼ਟ ਤੌਰ ਉੱਤੇ ਸਾਬਤ ਕਰਦਾ ਹੈ। ਆਰਥਿਕ ਖੁਸ਼ਹਾਲੀ ਦੇ ਲਾਭ ਮੁੱਖ ਤੌਰ ਉੱਤੇ ਕਾਰਪੋਰੇਟ ਖੇਤਰ ਤੱਕ ਸੀਮਤ ਰਹੇ ਹਨ, ਜਦੋਂ ਕਿ ਆਮ ਪਰਿਵਾਰਾਂ ਦੇ ਜੀਵਨ ਵਿੱਚ ਰੋਜ਼ਾਨਾ ਦੀ ਆਰਥਿਕ ਤੰਗੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਹ ਵਿਰੋਧਾਭਾਸ ਕੈਨੇਡਾ ਦੀ ਆਰਥਿਕ ਤਸਵੀਰ ਦਾ ਇੱਕ ਚਿੰਤਾਜਨਕ ਪਹਿਲੂ ਹੈ ਜੋ ਗੰਭੀਰ ਨੀਤੀਗਤ ਹਸਤਖੇਪ ਦੀ ਮੰਗ ਕਰਦਾ ਹੈ।

ਸਰੋਤ: ਇਹ ਰਿਪੋਰਟ ਸਟੈਟਿਸਟਿਕਸ ਕੈਨੇਡਾ ਦੇ ਲੇਬਰ ਫੋਰਸ ਸਰਵੇਖਣ, ਉਪਭੋਗਤਾ ਮੁੱਲ ਸੂਚਕਾਂਕ, ਕਾਰਪੋਰੇਟ ਮੁਨਾਫਾ ਡਾਟਾ, ਯੂਨੀਵਰਸਿਟੀ ਆਫ ਟੋਰਾਂਟੋ ਦੀ ਫੂਡ ਇਨਸੈਕਿਊਰਿਟੀ ਰਿਪੋਰਟ ਅਤੇ ਹੋਰ ਅਧਿਕਾਰਤ ਸਰਕਾਰੀ ਅੰਕੜਿਆਂ ਦੇ ਆਧਾਰ ਉੱਤੇ ਤਿਆਰ ਕੀਤੀ ਗਈ ਹੈ।

ਕੈਨੇਡਾ ਵਿੱਚ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀਆਂ ਵਧਦੀਆਂ ਕੀਮਤਾਂ ਅਤੇ ਬੇਰੁਜ਼ਗਾਰੀ ਕਾਰਨ ਦੇਸ਼ ਭਰ ਦੇ ਫੂਡ ਬੈਂਕਾਂ ਉੱਤੇ ਨਿਰਭਰਤਾ ਬੇਤਹਾਸ਼ਾ ਵਧ ਗਈ ਹੈ। ਤਾਜ਼ਾ ਅੰਕੜਿਆਂ ਅਨੁਸਾਰ ਦੇਸ਼ ਵਿੱਚ ਭੋਜਨ ਦੀ ਅਸੁਰੱਖਿਆ ਇੰਨੀ ਗੰਭੀਰ ਹੋ ਚੁੱਕੀ ਹੈ ਕਿ ਹੁਣ ਸਿਰਫ਼ ਬੇਰੁਜ਼ਗਾਰ ਹੀ ਨਹੀਂ ਸਗੋਂ ਪੂਰਾ ਸਮਾਂ ਕੰਮ ਕਰਨ ਵਾਲੇ ਨੌਕਰੀ ਪੇਸ਼ਾ ਲੋਕ ਵੀ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਫੂਡ ਬੈਂਕਾਂ ਦੇ ਦਰਾਂ ਤੇ ਪਹੁੰਚ ਰਹੇ ਹਨ। ਇਹ ਸਥਿਤੀ ਦੇਸ਼ ਦੀ ਆਰਥਿਕਤਾ ਦੇ ਗੰਭੀਰ ਚਿਹਰੇ ਨੂੰ ਬਿਆਨ ਕਰਦੀ ਹੈ।

ਸਟੈਟਿਸਟਿਕਸ ਕੈਨੇਡਾ ਅਤੇ ਫੂਡ ਬੈਂਕਸ ਕੈਨੇਡਾ ਦੀਆਂ ਰਿਪੋਰਟਾਂ ਮੁਤਾਬਕ ਇੱਕ ਮਹੀਨੇ ਦੇ ਅੰਦਰ ਹੀ 20 ਲੱਖ ਤੋਂ ਵੱਧ ਲੋਕਾਂ ਨੇ ਫੂਡ ਬੈਂਕਾਂ ਦੀ ਵਰਤੋਂ ਕੀਤੀ ਹੈ। ਇਹ ਅੰਕੜਾ ਪਿਛਲੇ ਸਾਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਫੂਡ ਬੈਂਕਾਂ ਵਿੱਚ ਜਾਣ ਵਾਲੇ ਲੋਕਾਂ ਵਿੱਚੋਂ ਇੱਕ ਤਿਹਾਈ ਗਿਣਤੀ ਬੱਚਿਆਂ ਦੀ ਹੈ। ਯੂਨੀਵਰਸਿਟੀ ਆਫ ਟੋਰਾਂਟੋ ਦੀ ਪਰੂਫ ਰਿਪੋਰਟ ਦੇ ਤੱਥ ਦੱਸਦੇ ਹਨ ਕਿ ਸਾਲ 2025 ਵਿੱਚ 98 ਲੱਖ ਕੈਨੇਡੀਅਨ ਨਾਗਰਿਕ ਖਾਣ ਪੀਣ ਦੀਆਂ ਵਸਤੂਆਂ ਲਈ ਜੂਝ ਰਹੇ ਸਨ ਅਤੇ 2026 ਦੇ ਮੌਜੂਦਾ ਹਾਲਾਤ ਇਸ ਸੰਕਟ ਨੂੰ ਹੋਰ ਡੂੰਘਾ ਕਰ ਰਹੇ ਹਨ।

ਮਾਹਰਾਂ ਦਾ ਮੰਨਣਾ ਹੈ ਕਿ ਖਾਣ ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਹੋਇਆ 4.4 ਫੀਸਦੀ ਦਾ ਵਾਧਾ ਅਤੇ ਮਕਾਨਾਂ ਦੇ ਵਧਦੇ ਕਿਰਾਏ ਇਸ ਮੁਸ਼ਕਲ ਦਾ ਮੁੱਖ ਕਾਰਨ ਹਨ। ਟੋਰਾਂਟੋ ਅਤੇ ਵੈਨਕੂਵਰ ਵਰਗੇ ਸ਼ਹਿਰਾਂ ਵਿੱਚ ਲੋਕ ਆਪਣੀ ਆਮਦਨ ਦਾ 50 ਫੀਸਦੀ ਤੋਂ ਵੱਧ ਹਿੱਸਾ ਸਿਰਫ਼ ਰਹਿਣ ਲਈ ਖਰਚ ਕਰ ਰਹੇ ਹਨ ਜਿਸ ਕਾਰਨ ਉਹਨਾਂ ਕੋਲ ਪੌਸ਼ਟਿਕ ਖਾਣਾ ਖਰੀਦਣ ਲਈ ਪੈਸੇ ਨਹੀਂ ਬਚਦੇ। ਇਸ ਕਾਰਨ ਫੂਡ ਬੈਂਕਾਂ ਵਿੱਚ ਪਹਿਲੀ ਵਾਰ ਮਦਦ ਲੈਣ ਆਉਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ।

ਦੂਜੇ ਪਾਸੇ ਫੂਡ ਬੈਂਕ ਚਲਾਉਣ ਵਾਲੀਆਂ ਸੰਸਥਾਵਾਂ ਵੀ ਭਾਰੀ ਦਬਾਅ ਹੇਠ ਹਨ। ਮੰਗ ਵਧਣ ਕਾਰਨ ਭੰਡਾਰ ਤੇਜ਼ੀ ਨਾਲ ਖ਼ਤਮ ਹੋ ਰਹੇ ਹਨ ਅਤੇ ਦਾਨ ਵਿੱਚ ਮਿਲਣ ਵਾਲੀ ਸਮੱਗਰੀ ਲੋੜਵੰਦਾਂ ਦੀ ਵਧਦੀ ਗਿਣਤੀ ਦੇ ਮੁਕਾਬਲੇ ਘੱਟ ਪੈ ਰਹੀ ਹੈ। ਫੂਡ ਬੈਂਕਾਂ ਦੇ ਪ੍ਰਬੰਧਕਾਂ ਅਨੁਸਾਰ ਇਹ ਸਿਰਫ਼ ਇੱਕ ਚੈਰਿਟੀ ਦਾ ਮੁੱਦਾ ਨਹੀਂ ਰਿਹਾ ਸਗੋਂ ਇਹ ਇੱਕ ਵੱਡਾ ਪ੍ਰਣਾਲੀਗਤ ਸੰਕਟ ਬਣ ਗਿਆ ਹੈ ਜਿਸ ਨੂੰ ਹੱਲ ਕਰਨ ਲਈ ਨੀਤੀਗਤ ਬਦਲਾਅ ਦੀ ਲੋੜ ਹੈ।

ਫੈਡਰਲ ਸਰਕਾਰ ਲਈ ਇਹ ਸਥਿਤੀ ਇੱਕ ਚੁਣੌਤੀ ਬਣੀ ਹੋਈ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਰਿਹਾਇਸ਼ੀ ਲਾਗਤਾਂ ਨੂੰ ਕਾਬੂ ਨਹੀਂ ਕੀਤਾ ਜਾਂਦਾ ਅਤੇ ਆਮ ਲੋਕਾਂ ਦੀ ਖਰੀਦ ਸ਼ਕਤੀ ਨੂੰ ਮਜ਼ਬੂਤ ਨਹੀਂ ਕੀਤਾ ਜਾਂਦਾ ਉਦੋਂ ਤੱਕ ਫੂਡ ਬੈਂਕਾਂ ਉੱਤੇ ਇਹ ਭੀੜ ਘੱਟ ਨਹੀਂ ਹੋਵੇਗੀ। ਕੈਨੇਡਾ ਵਰਗੇ ਅਮੀਰ ਦੇਸ਼ ਵਿੱਚ ਇੰਨੀ ਜ਼ਿਆਦਾ ਗਿਣਤੀ ਵਿੱਚ ਲੋਕਾਂ ਦਾ ਭੋਜਨ ਲਈ ਮਦਦ ਮੰਗਣਾ ਸਮਾਜਿਕ ਅਤੇ ਆਰਥਿਕ ਨੀਤੀਆਂ ਉੱਤੇ ਸੁਆਲੀਆ ਚਿੰਨ੍ਹ ਲਗਾ ਰਿਹਾ ਹੈ।

## 'ਬੈਸਟ ਬਿਫੋਰ' ਲੇਬਲ ਦੀ

ਖੁਸ਼ਹਾਲੀ ਦੀ ਅਸਮਾਨ ਵੰਡ ਨੂੰ ਦਰਸਾਉਂਦੀ ਹੈ। ਸਟੈਟਿਸਟਿਕਸ ਕੈਨੇਡਾ ਦੁਆਰਾ ਜਾਰੀ ਲੇਬਰ ਫੋਰਸ ਸਰਵੇਖਣ ਮੁਤਾਬਕ ਅਪ੍ਰੈਲ 2026 ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਵਧ ਕੇ 6.9 ਫੀਸਦੀ ਹੋ ਗਈ ਹੈ, ਜੋ ਕਿ ਪਿਛਲੇ ਛੇ ਮਹੀਨਿਆਂ ਵਿੱਚ ਸਭ ਤੋਂ ਉੱਚੀ ਦਰ ਹੈ। ਸਿਰਫ਼ ਇੱਕ ਮਹੀਨੇ ਵਿੱਚ ਹੀ 51,200 ਹੋਰ ਲੋਕ ਬੇਰੁਜ਼ਗਾਰ ਹੋ ਗਏ ਹਨ, ਜਿਸ ਨਾਲ ਕੁੱਲ ਬੇਰੁਜ਼ਗਾਰਾਂ ਦੀ ਗਿਣਤੀ ਲਗਭਗ 15 ਲੱਖ 66 ਹਜ਼ਾਰ ਤੱਕ ਪਹੁੰਚ ਗਈ ਹੈ। ਰੁਜ਼ਗਾਰ ਦੀ ਸਥਿਤੀ ਖਾਸ ਤੌਰ ਉੱਤੇ ਨੌਜਵਾਨਾਂ ਲਈ ਗੰਭੀਰ ਹੈ, ਜਦੋਂ ਕਿ 15 ਤੋਂ 24 ਸਾਲ ਦੀ ਉਮਰ ਦੇ ਵਰਗ ਵਿੱਚ ਬੇਰੁਜ਼ਗਾਰੀ ਦੀ ਦਰ ਹੋਰ ਵੀ ਉੱਚੀ ਹੈ। ਲੰਬੇ ਸਮੇਂ ਤੱਕ ਬੇਰੁਜ਼ਗਾਰ ਰਹਿਣ ਵਾਲਿਆਂ ਦੀ ਸੰਖਿਆ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਔਂਟਾਰੀਓ ਸੂਬੇ ਵਿੱਚ ਇਹ ਸਮੱਸਿਆ ਵਿਸ਼ੇਸ਼ ਤੌਰ ਉੱਤੇ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ। ਬੇਰੁਜ਼ਗਾਰੀ ਦੇ ਨਾਲ ਨਾਲ ਮਹਿੰਗਾਈ ਵੀ ਆਮ ਪਰਿਵਾਰਾਂ ਦੀ ਕਮਰ ਤੋੜ ਰਹੀ ਹੈ। ਸਟੈਟਿਸਟਿਕਸ ਕੈਨੇਡਾ ਦੇ ਉਪਭੋਗਤਾ ਮੁੱਲ ਸੂਚਕਾਂਕ ਅਨੁਸਾਰ ਮਾਰਚ 2026 ਵਿੱਚ ਉਪਭੋਗਤਾ ਕੀਮਤਾਂ ਵਿੱਚ 2.4 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਸੰਸਥਾ ਦਾ ਕਹਿਣਾ ਹੈ ਕਿ ਜ਼ਿਆਦਾਤਰ ਉਲਝਣ ਖਪਤਕਾਰਾਂ ਵੱਲੋਂ 'ਬੈਸਟ ਬਿਫੋਰ' ਅਤੇ ਅਸਲ 'ਐਕਸਪਾਇਰੀ ਡੇਟ' ਵਿਚਕਾਰ ਫਰਕ ਨੂੰ ਨਾ ਸਮਝਣ ਕਾਰਨ ਪੈਦਾ ਹੁੰਦੀ ਹੈ। ਇਸ ਗਲਤਫਹਿਮੀ ਕਾਰਨ ਅੰਦਾਜ਼ਨ 1.6 ਮਿਲੀਅਨ ਮੀਟ੍ਰਿਕ ਟਨ ਭੋਜਨ ਬਰਬਾਦ ਹੁੰਦਾ ਹੈ ਜਿਸ ਨੂੰ ਬਚਾਇਆ ਜਾ ਸਕਦਾ ਹੈ। ਮੌਜੂਦਾ ਫੈਡਰਲ ਨਿਯਮਾਂ ਦੇ ਤਹਿਤ 90 ਦਿਨਾਂ ਜਾਂ ਇਸ ਤੋਂ ਘੱਟ ਸ਼ੈਲਫ ਲਾਈਫ ਵਾਲੇ ਪੈਕ ਕੀਤੇ ਭੋਜਨ ਉੱਤੇ ਹੈਲਥ ਕੈਨੇਡਾ ਵੱਲੋਂ ਬਣਾਏ ਗਏ ਨਿਯਮਾਂ ਅਨੁਸਾਰ 'ਬੈਸਟ ਬਿਫੋਰ' ਤਰੀਕ ਲਿਖਣਾ ਲਾਜ਼ਮੀ ਹੈ ਜਿਸ ਨੂੰ ਕੈਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ ਲਾਗੂ ਕਰਦੀ ਹੈ। ਲੰਬੇ ਸਮੇਂ ਤੱਕ ਚੱਲਣ ਵਾਲੇ ਉਤਪਾਦਾਂ ਉੱਤੇ ਇਹ ਲੇਬਲ ਲਗਾਉਣੇ ਜ਼ਰੂਰੀ ਨਹੀਂ ਹਨ ਪਰ ਫਿਰ ਵੀ ਕਈ ਕੰਪਨੀਆਂ ਆਪਣੀ ਮਰਜ਼ੀ ਨਾਲ ਇਨ੍ਹਾਂ ਨੂੰ ਸ਼ਾਮਲ ਕਰਦੀਆਂ ਹਨ। ਨਿਕੇਲ ਅਨੁਸਾਰ ਕੈਨੇਡਾ ਵਿੱਚ ਸਿਰਫ਼ 5 ਕਿਸਮਾਂ ਦਾ ਭੋਜਨ ਹੀ ਅਸਲ ਵਿੱਚ ਐਕਸਪਾਇਰ ਹੁੰਦਾ ਹੈ ਜਿਸ ਵਿੱਚ ਬੱਚਿਆਂ ਦਾ ਫਾਰਮੂਲਾ, ਮੀਲ ਰਿਪਲੇਸਮੈਂਟ, ਪ੍ਰੋਟੀਨ ਬਾਰ ਅਤੇ 2 ਨੁਸਖੇ ਵਾਲੇ ਭੋਜਨ ਸ਼ਾਮਲ ਹਨ। ਸੈਕਿੰਡ ਹਾਰਵੈਸਟ ਦਾ ਕਹਿਣਾ ਹੈ ਕਿ ਬਹੁਤ ਸਾਰੇ ਕੈਨੇਡੀਅਨ ਗਲਤੀ ਨਾਲ 'ਬੈਸਟ ਬਿਫੋਰ' ਲੇਬਲ ਨੂੰ ਭੋਜਨ ਦੀ ਸੁਰੱਖਿਆ ਦਾ ਸੂਚਕ ਮੰਨਦੇ ਹਨ ਜਦਕਿ ਇਹ ਭੋਜਨ ਦੀ ਗੁਣਵੱਤਾ ਬਾਰੇ ਹੁੰਦਾ ਹੈ। ਹੈਲਥ ਕੈਨੇਡਾ ਅਨੁਸਾਰ 'ਬੈਸਟ ਬਿਫੋਰ' ਤਰੀਕ ਦਾ ਮਤਲਬ ਹੈ ਕਿ ਉਤਪਾਦ ਕਦੋਂ ਆਪਣੀ ਤਾਜ਼ਗੀ, ਸੁਆਦ ਜਾਂ ਪੌਸ਼ਟਿਕ ਮੁੱਲ ਗੁਆਉਣਾ ਸ਼ੁਰੂ ਕਰ ਸਕਦਾ ਹੈ ਜਦਕਿ ਐਕਸਪਾਇਰੀ ਡੇਟ ਦੱਸਦੀ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਕੁਝ ਭੋਜਨ ਦਾ ਸੇਵਨ ਕਦੋਂ ਨਹੀਂ ਕਰਨਾ ਚਾਹੀਦਾ ਹੈ। ਰਿਪੋਰਟ ਵਿੱਚ ਪਾਇਆ ਗਿਆ ਹੈ ਕਿ ਕੈਨੇਡਾ ਕੈਲੀਫੋਰਨੀਆ, ਆਸਟ੍ਰੇਲੀਆ, ਬ੍ਰਿਟੇਨ, ਜਾਪਾਨ ਅਤੇ ਦੱਖਣੀ ਕੋਰੀਆ ਵਰਗੇ ਦੇਸ਼ਾਂ ਤੋਂ ਪਿੱਛੇ ਰਹਿ ਰਿਹਾ ਹੈ ਜਿਹਨਾਂ ਨੇ ਲੇਬਲਿੰਗ ਨੀਤੀਆਂ ਆਧੁਨਿਕ ਕਰਨ ਲਈ ਕਦਮ ਚੁੱਕੇ ਹਨ ਅਤੇ ਕੈਲੀਫੋਰਨੀਆ 2026 ਤੋਂ ਨਵੇਂ ਨਿਯਮ ਲਾਗੂ ਕਰ ਰਿਹਾ ਹੈ। ਟੋਰਾਂਟੋ ਦੇ ਅਹਿਮ ਫੂਡ ਬੈਂਕ ਡੇਲੀ ਬ੍ਰੈੱਡ ਫੂਡ ਬੈਂਕ ਦੇ ਸੀਈਓ ਨੀਲ ਹੈਥਰਿੰਗਟਨ ਨੇ ਕਿਹਾ ਕਿ ਕੈਨੇਡਾ ਦੁਨੀਆ ਵਿੱਚ ਭੋਜਨ ਬਰਬਾਦ ਕਰਨ ਵਾਲਾ ਸਭ ਤੋਂ ਮੋਹਰੀ ਦੇਸ਼ ਹੈ। ਉਹਨਾਂ ਦੀ ਸੰਸਥਾ ਹੁਣ ਲੋੜਵੰਦ 10 ਟੋਰਾਂਟੋ ਵਾਸੀਆਂ ਵਿੱਚੋਂ 1 ਦੀ ਮਦਦ ਕਰ ਰਹੀ ਹੈ। ਮਹਾਂਮਾਰੀ ਤੋਂ ਪਹਿਲਾਂ ਉਹ ਪ੍ਰਤੀ ਮਹੀਨਾ ਲਗਭਗ 60000 ਗਾਹਕਾਂ ਦੀ ਸੇਵਾ ਕਰ ਰਹੇ ਸਨ ਅਤੇ ਪਿਛਲੇ ਮਹੀਨੇ ਇਹ ਗਿਣਤੀ 330000 ਸੀ। ਹੈਥਰਿੰਗਟਨ ਨੇ ਕਿਹਾ ਕਿ ਫੂਡ ਲੇਬਲ ਦੇ ਆਲੇ ਦੁਆਲੇ ਉਲਝਣ ਬੇਲੋੜੀ ਬਰਬਾਦੀ ਅਤੇ ਦਾਨ ਦੇ ਨੁਕਸਾਨ ਵਿੱਚ ਯੋਗਦਾਨ ਪਾਉਂਦੀ ਹੈ ਜਦਕਿ ਇੱਕ ਸ਼ੈਲਫ ਸਥਿਰ ਉਤਪਾਦ 'ਬੈਸਟ ਬਿਫੋਰ' ਤਰੀਕ ਤੋਂ 1 ਸਾਲ ਤੋਂ ਵੱਧ ਸਮੇਂ ਤੱਕ ਬਚ ਸਕਦਾ ਹੈ। ਓਨਟਾਰੀਓ ਦੇ ਹੈਮਿਲਟਨ ਵਿੱਚ ਫੂਡ ਫਾਰ ਲਾਈਫ ਸੰਸਥਾ ਦੀ ਅਧਿਕਾਰੀ ਮੇਘਨ ਰਿਚਰਡਸਨ ਨੇ ਕਿਹਾ ਕਿ ਕਈ ਘੱਟ ਆਮਦਨੀ ਵਾਲੇ ਪਰਿਵਾਰ ਲੇਬਲਾਂ ਬਾਰੇ ਗਲਤਫਹਿਮੀਆਂ ਕਾਰਨ ਉਹ ਭੋਜਨ ਸੁੱਟ ਰਹੇ ਹਨ ਜੋ ਉਹ ਅਜੇ ਵੀ ਸੁਰੱਖਿਅਤ ਢੰਗ ਨਾਲ ਖਾ ਸਕਦੇ ਹਨ।

# ਆਮਦਨ ਅਤੇ ਧਨ ਦੀ ਪੁਨਰਵੰਡ ਦਾ ਮਸਲਾ

**ਲਿਖਤ : ਓਪੀ ਵਰਮਾ (ਪ੍ਰੋ.)**
**ਸੰਪਰਕ:** 94170-50510



ਦੇਸ਼ ਵਿਚ ਆਮਦਨ ਤੇ ਧਨ ਦੀ ਅਸਮਾਨਤਾ ਬਹੁਤ ਜ਼ਿਆਦਾ ਹੈ। ਇਹ ਪੁਨਰਵੰਡ ਦੁਆਰਾ ਕਿਵੇਂ ਹੋਣੀ ਚਾਹੀਦੀ ਹੈ? ਇਸ ਦੇ ਹੱਲ ਬਾਰੇ ਵਿਦਿਅਕ, ਸਮਾਜਿਕ, ਕੁਝ ਰਾਜਸੀ ਅਤੇ ਖੋਜ ਸੰਸਥਾਵਾਂ ਦੇ ਮੰਚਾਂ 'ਤੇ ਲੰਮੇ ਸਮੇਂ ਤੋਂ ਚਰਚਾ, ਗੋਸ਼ਟੀਆਂ, ਵਿਉਂਤਬੰਦੀਆਂ ਆਦਿ ਚੱਲ ਰਹੀਆਂ ਹਨ। 25 ਸਾਲਾਂ ਤੋਂ ਪ੍ਰਸਿੱਧ ਅਰਥ ਸ਼ਾਸਤਰੀ ਥੌਮਸ ਪਿਕਟੀ ਅਤੇ ਸਾਥੀਆਂ ਨੇ 'ਸੰਸਾਰ ਅਸਮਾਨਤਾ ਲੈਬ' ਵਿਚ ਰਿਪੋਰਟ ਤਿਆਰ ਕੀਤੀ ਜਿਸ ਨੂੰ ਅਭਿਜੀਤ ਬੈਨਰਜੀ ਅਤੇ ਈਸਥਰ ਡਫਲੋ ਨੇ 'ਸੰਸਾਰ ਅਸਮਾਨਤਾ ਰਿਪੋਰਟ-2022' ਦੇ ਨਾਂ ਹੇਠ ਜਾਰੀ ਕੀਤਾ। ਇਸ ਰਿਪੋਰਟ ਨੇ ਸੰਸਾਰ ਅੱਗੇ ਅਸਮਾਨਤਾ ਦੀ ਅਸਲ ਤਸਵੀਰ ਪੇਸ਼ ਕਰ ਦਿੱਤੀ।

ਸੰਸਾਰ ਵਿਚ ਉਤਪਾਦਕਤਾ ਵੀ ਵਧੀ ਹੈ, ਖੁਸ਼ਹਾਲੀ ਵੀ ਅਤੇ ਅਸਮਾਨਤਾ ਵੀ। ਹਰ ਦੇਸ਼ ਵਿਚ ਹਰ ਸਾਲ ਵਿਕਾਸ ਅੰਕੜੇ ਛਪਦੇ ਹਨ ਪਰ ਇਸ ਦੀ ਕੁੱਲ ਵਸੋਂ ਵਿਚ ਕਿਵੇਂ ਵੰਡ ਹੁੰਦੀ ਹੈ, ਇਹ ਨਹੀਂ ਦੱਸਿਆ ਜਾਂਦਾ। ਲੋਕਤੰਤਰ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਆਰਥਿਕ ਨੀਤੀ ਦੇ ਫਲਸਰੂਪ ਕਿਨ੍ਹਾਂ ਨੂੰ ਲਾਭ ਹੋਇਆ। ਸੰਸਾਰ ਦੇ ਸਭ ਤੋਂ ਅਮੀਰਾਂ ਕੋਲ 52% ਆਮਦਨ ਹੈ; 50% ਗਰੀਬ ਇਸ ਦਾ 8.5% ਕਮਾਉਂਦੇ ਹਨ। ਇਸ ਦੇ ਕੁਝ ਅਹਿਮ ਕਥਨ ਇਹ ਹਨ: ਇਨਕਲਾਬ ਆਉਣ ਤੱਕ ਅਸਮਾਨਤਾ ਦੂਰ ਕਰਨ ਲਈ ਕੁਝ ਨਾ ਕਰਨਾ, ਬੈਠੇ ਰਹਿਣਾ, ਇੰਤਜ਼ਾਰ ਕਰਨਾ ਦਰੁਸਤ ਨਹੀਂ। ਆਮਦਨ ਅਤੇ ਧਨ ਦੀ ਅਸਮਾਨਤਾ ਬਹੁਤ ਜ਼ਿਆਦਾ ਹੈ। ਮੱਧ ਪੂਰਬੀ ਤੇ ਉੱਤਰੀ ਅਫਰੀਕਾ 'ਚ ਜ਼ਿਆਦਾ ਹੈ, ਯੂਰੋਪ 'ਚ ਘੱਟ। ਅਸਮਾਨਤਾ ਰਾਜਸੀ ਮਨਸ਼ਾ ਹੈ, ਇਹ ਲਾਜ਼ਮੀ ਵਾਪਰਨ ਵਾਲੀ ਘਟਨਾ ਨਹੀਂ। ਦੇਸ਼ ਪਹਿਲਾਂ ਨਾਲੋਂ ਅਮੀਰ ਹੋਏ ਹਨ, ਸਰਕਾਰਾਂ ਗਰੀਬ ਹੋਈਆਂ ਹਨ। ਸੰਸਾਰ 'ਚ ਵੀ 1990 ਤੋਂ ਬਾਅਦ ਬਹੁਤ ਉੱਚੇ ਵਰਗਾਂ ਦੇ ਕੋਲ ਵਿਕਾਸ ਰਾਹੀਂ ਧਨ ਵਿਚ ਵਾਧੇ ਦਾ 38% ਚਲਾ ਗਿਆ ਹੈ; ਹੇਠਲੇ 50% ਕੋਲ 2% ਰਹਿ ਗਿਆ ਹੈ। ਔਰਤਾਂ ਨੂੰ ਮਜ਼ਦੂਰੀ ਦਾ 35% ਤੋਂ ਵੀ ਘੱਟ ਹਿੱਸਾ ਪ੍ਰਾਪਤ ਹੁੰਦਾ ਹੈ।

ਆਮਦਨ ਅਤੇ ਧਨ ਦੀ ਵੰਡ ਅਤੇ ਪੁਨਰਵੰਡ ਵਿਚ ਅੰਤਰ ਹੈ। ਵੰਡ ਦਾ ਅਰਥ ਹੈ- ਉਜਰਤਾਂ, ਲਗਾਨ ਅਤੇ ਲਾਭ ਦੇ ਰੂਪ ਵਿਚ ਇਵਜ਼ਾਨੇ ਦੇਣਾ। ਜੇ ਇਨ੍ਹਾਂ ਵਿਚ ਜ਼ਿਆਦਾ ਅਸਮਾਨਤਾ ਆ ਜਾਂਦੀ ਹੈ ਤਾਂ ਫਿਰ ਇਸ ਦੀ ਪੁਨਰਵੰਡ ਕਰਨਾ। ਇਸ ਦਾ ਅਰਥ ਹੈ, ਧਨ ਦਾ ਇਕ ਸ਼ਖ਼ਸ ਤੋਂ ਦੂਜੇ ਨੂੰ ਸਮਾਜਿਕ ਢੰਗਾਂ ਜਿਵੇਂ ਟੈਕਸ, ਦਾਨ ਜਾਂ ਸਰਕਾਰੀ ਸੇਵਾਵਾਂ ਰਾਹੀਂ ਤਬਦੀਲ ਕਰਨਾ। ਇਸ ਦਾ ਉਦੇਸ਼ ਹੈ, ਸਮਾਜ ਦੇ ਮੈਂਬਰਾਂ ਵਿਚ ਜੋ ਅੰਤਰ ਹੈ, ਉਸ ਉਪਰ ਬਰਾਬਰੀ ਲਿਆਉਣ ਲਈ ਪੁਲ ਉਸਾਰਿਆ ਜਾਵੇ। ਇਸ ਦਾ ਮੁੱਖ ਉਦੇਸ਼ ਬਰਾਬਰੀ ਲਿਆਉਣ, ਸਮਾਜਿਕ ਬੀਮਾ ਅਤੇ ਸੰਪਰਕ ਮਹੱਤਵਪੂਰਨ ਹਨ ਪਰ ਸੰਜੀਦਗੀ ਨਾਲ। ਇਸ ਦਾ ਮੰਤਵ ਆਰਥਿਕ ਸਥਿਰਤਾ ਵਧਾਉਣਾ ਅਤੇ ਸਮਾਜ ਦੇ ਘੱਟ ਅਮੀਰ ਮੈਂਬਰਾਂ ਨੂੰ ਮੌਕੇ ਮੁਹੱਈਆ ਕਰਨਾ ਹੈ। ਡਾਲਟਨ ਦਾ ਸਿਧਾਂਤ ਹੈ: ਧਨ ਅਮੀਰਾਂ ਤੋਂ ਗਰੀਬਾਂ ਵੱਲ ਜਾਣ ਨਾਲ ਸਮਾਜ ਪਹਿਲਾਂ ਨਾਲੋਂ ਚੰਗਾ ਬਣ ਜਾਵੇਗਾ। ਪੁਨਰਵੰਡ ਦੀਆਂ ਦੋ ਕਿਸਮਾਂ ਹਨ: ਸਿਖਰ ਵੱਲ ਅਮੀਰ ਤੇ ਗਰੀਬ ਲੋਕਾਂ ਵਿਚ; ਦੂਜੀ ਸਮਾਂਨਤਰ ਲੋਕਾਂ ਦੇ ਇਕ ਕਿਸਮ ਦੇ ਸਮੂਹ ਤੋਂ ਦੂਜੀ ਕਿਸਮ ਦੇ ਸਮੂਹ ਵੱਲ।

ਇਸ ਸਮੁੱਚੇ ਪ੍ਰਸੰਗ ਦੀ ਵਿਆਖਿਆ ਇਉਂ ਕੀਤੀ ਗਈ ਹੈ: ਆਮਦਨ ਤੇ ਧਨ ਦੀ ਪੁਨਰਵੰਡ (ਸਮੇਤ ਭੌਤਿਕ ਸੰਪਤੀ) ਕੁਝ ਵਿਅਕਤੀਆਂ ਦੇ ਸਮੂਹ ਤੋਂ ਸਮਾਜਿਕ ਪ੍ਰਕਿਰਿਆ ਜਿਵੇਂ ਟੈਕਸ, ਭਲਾਈ ਸਕੀਮਾਂ, ਸਰਕਾਰੀ ਸੇਵਾਵਾਂ, ਭੂਮੀ ਸੁਧਾਰ, ਮੁਦਰਿਕ ਨੀਤੀਆਂ, ਜਾਇਦਾਦ ਜ਼ਬਤ ਕਰ ਲੈਣਾ ਅਤੇ ਹੋਰ ਕਾਨੂੰਨਾਂ ਦੀ ਸਹਾਇਤਾ ਨਾਲ ਕਾਰਵਾਈ ਕਰਨਾ। ਇਹ ਕੁਝ ਚੋਣਵੇਂ ਵਿਅਕਤੀਆਂ ਦੀ ਥਾਂ ਸਮੁੱਚੇ ਅਰਥਚਾਰੇ 'ਤੇ ਲਾਗੂ ਕੀਤੇ ਜਾਂਦੇ ਹਨ। ਇਹ ਵੀ ਹੈ ਕਿ ਇਨ੍ਹਾਂ ਦੇ ਅਰਥਾਂ ਵਿਚ ਵਿਅਕਤੀਆਂ ਦੇ ਆਪਣੇ ਸੁਭਾਅ, ਰਾਜਨੀਤਕ ਵਿਚਾਰਧਾਰਾਵਾਂ ਅਤੇ ਅੰਕੜਿਆਂ ਅਨੁਸਾਰ ਰਾਜਨੀਤਕ ਗਲਿਆਰਿਆਂ ਵਿਚ ਵਾਪਰਨ ਵਾਲਾ ਵਰਤਾਰਾ ਹੈ। ਕਦੇ-ਕਦੇ ਹੀ ਸਹੀ ਪਰ ਸੰਭਵ ਤਾਂ ਹੈ ਕਿ ਇਸ ਦਾ ਰੁਖ਼ ਉਲਟੇ ਪਾਸੇ ਕਰ ਲਿਆ ਜਾਂਦਾ ਹੈ; ਭਾਵ, ਧਨ ਦਾ ਵਹਾਅ ਗਰੀਬਾਂ ਵੱਲੋਂ ਅਮੀਰਾਂ ਵੱਲ ਕਰ ਦਿੱਤਾ ਜਾਵੇ। ਅਜਿਹਾ ਕਈ ਵਾਰ ਜਮਾਤੀ ਭਲਾਈ ਲਈ ਵੀ ਕੀਤਾ ਜਾਂਦਾ ਹੈ ਜਦ ਅਮੀਰ ਵਰਗ ਵੱਲੋਂ ਗਰੀਬ ਵਰਗ ਉੱਪਰ ਕੀਤੇ ਜਾ ਰਹੇ ਨਾਜਾਇਜ਼ ਅਤੇ ਪੱਖਪਾਤੀ ਵਰਤਾਰੇ ਨੂੰ ਭਾਂਜ ਦੇਣੀ ਹੋਵੇ।

ਟੈਕਸ ਨੀਤੀ ਕੇਵਲ ਆਮਦਨ ਦੀ ਵੰਡ ਤੋਂ ਪਹਿਲਾਂ ਦੀ ਪ੍ਰਕਿਰਿਆ ਤੱਕ ਹੀ ਸੀਮਤ ਨਹੀਂ ਰੱਖਣੀ ਚਾਹੀਦੀ। ਪੁਨਰਵੰਡ ਦਾ ਵਿਚਾਰ ਕਹਿੰਦਾ ਹੈ ਕਿ ਰਾਜ/ਸਰਕਾਰ ਨੂੰ ਕੇਵਲ ਅਸਮਾਨਤਾ ਪੈਦਾ ਹੋਣ ਪਿੱਛੋਂ ਸਮਾਪਤ ਕਰਨ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਸਗੋਂ ਇਸ ਨੂੰ ਪੈਦਾ ਹੋਣ ਤੋਂ ਪਹਿਲਾਂ ਵੀ ਪਹਿਲ ਕਦਮੀ ਕਰ ਕੇ ਰੋਕਣਾ ਚਾਹੀਦਾ ਹੈ। 'ਬਫਟ ਰੂਲ' ਵਿਚ ਸੁਝਾਅ ਦਿੱਤਾ ਗਿਆ ਹੈ: ਵੱਧ ਆਮਦਨ ਕਮਾਉਣ ਵਾਲਾ ਕਦੇ ਘੱਟ ਟੈਕਸ ਨਾ ਦੇਵੇ।

ਪੁਨਰਵੰਡ ਦੇ ਪ੍ਰਭਾਵਾਂ ਦੀ ਨੈਤਿਕ ਅਤੇ ਆਰਥਿਕ ਪੈਮਾਨਿਆਂ ਦੀ ਪੱਧਰ 'ਤੇ ਵੀ ਚਰਚਾ ਕੀਤੀ ਗਈ ਹੈ। ਇਸ ਦੀਆਂ ਆਧੁਨਿਕ ਵੰਨਗੀਆਂ ਦੇ ਵਿਸ਼ੇ ਵਿਚ ਉਨਤ ਦੇਸ਼ਾਂ ਅੰਦਰ ਅਮਲੀ ਤੌਰ 'ਤੇ ਲਗਾਤਾਰ ਆਰਥਿਕ ਵਿਕਾਸ, ਸਮਾਜਿਕ ਸੁਧਾਰ, ਰਾਜਨੀਤਕ ਅਤੇ ਸਾਹਿਤ ਵਿਚ ਤਬਦੀਲੀਆਂ ਆ ਜਾਣਾ ਵੀ ਅਜਿਹਾ ਭਾਰੂ ਮੁੱਦਾ ਹੈ ਜਿਸ ਨੇ ਇਸ ਬਾਰੇ ਹੋ ਰਹੀ ਚਰਚਾ ਨੂੰ ਕਈ ਸਾਲਾਂ ਤੋਂ ਪ੍ਰਭਾਵਿਤ ਕੀਤਾ ਹੋਇਆ ਹੈ। ਅੱਜ ਆਮਦਨ ਦੀ ਪੁਨਰਵੰਡ ਦਾ ਵਿਚਾਰ ਲੋਕਤੰਤਰੀ ਵਿਵਸਥਾ ਵਾਲੇ ਦੇਸ਼ਾਂ ਵਿਚ ਉਨ੍ਹਾਂ ਦੀਆਂ ਆਰਥਿਕ ਨੀਤੀਆਂ ਦੁਆਰਾ ਸੰਭਵ ਬਣਾਉਣ ਦਾ ਰੁਝਾਨ ਪੈਦਾ ਹੋ ਗਿਆ ਹੈ। ਪੁਨਰਵੰਡ ਨੀਤੀਆਂ ਤਾਂ ਆਮਦਨ ਅਤੇ ਧਨ ਵੱਡੇ ਮਾਲਕਾਂ ਤੋਂ 'ਧਨ ਵਹੀਣ' ਲੋਕਾਂ ਤੱਕ ਪਹੁੰਚਾਉਣਾ ਹੀ ਹੈ ਪਰ ਇਸ ਨੂੰ ਪਰਿਪੱਕਤਾ ਨਾਲ ਬਣਾਉਣਾ ਅਤੇ ਲਾਗੂ ਕਰਨਾ ਵਿਸ਼ੇਸ਼ ਕਾਰਜ ਹੈ ਜਿਸ ਵਿਚ ਸਾਵਧਾਨ ਰਹਿਣਾ ਜ਼ਰੂਰੀ ਹੈ।

ਹਾਂ, ਇਹ ਤਾਂ ਸੰਭਵ ਨਹੀਂ ਸੀ ਕਿ ਇਕੋ ਸਮੇਂ ਗਰੀਬੀ ਵੀ ਘਟ ਜਾਵੇ ਅਤੇ ਬਰਾਬਰੀ ਵੀ ਵਧ ਜਾਵੇ, ਇਸ ਲਈ ਵਿਚਾਰਧਾਰਾ ਵਿਚ ਤਬਦੀਲੀ ਕਰ ਲਈ ਗਈ ਕਿ ਵਿਕਾਸ ਦੀ ਕੋਸ਼ਿਸ਼ ਦੇ ਨਾਲ-ਨਾਲ ਅਸਮਾਨਤਾ ਨੂੰ ਹੱਲ ਕਰਨ ਵੱਲ ਧਿਆਨ ਰੱਖਿਆ ਜਾਵੇ। ਇਸ ਬਾਬਤ ਆਮ ਲੋਕ ਸੋਚ ਵਿਚਾਰ ਕਰ ਰਹੇ ਹੋਣਗੇ ਕਿ ਕਿਹੜਾ ਵਰਗ ਫਾਇਦੇ ਵਿਚ ਰਹੇਗਾ ਅਤੇ ਕਿਹੜਾ ਘਾਟੇ ਵਿਚ। ਹਰ ਸਮਾਜ ਵਿਚ ਆਮ ਤੌਰ 'ਤੇ ਤਿੰਨ ਵਰਗ ਹੁੰਦੇ ਹਨ: ਅਮੀਰ, ਮੱਧ ਅਤੇ ਗਰੀਬ ਵਰਗ। ਪੁਨਰਵੰਡ ਨਾਲ ਗਰੀਬ ਵਰਗ ਬਾਰੇ ਤਾਂ ਸਥਿਤੀ ਸਪਸ਼ਟ ਹੈ ਕਿ ਇਸ ਨੂੰ ਫਾਇਦਾ ਹੀ ਹੋਵੇਗਾ। ਇਸ ਨੂੰ ਜੀਵਨ ਸਹੂਲਤਾਂ ਪਹਿਲਾਂ ਨਾਲੋਂ ਵਧੀਆ ਮਿਲਣ ਦੀ ਆਸ ਰੱਖਣੀ ਚਾਹੀਦੀ ਹੈ। ਅਮੀਰ ਵਰਗ ਜਿਸ ਕੋਲ ਬੇਥਾਹ ਦੌਲਤ ਭੰਡਾਰ ਹਨ, ਉਨ੍ਹਾਂ ਵਿਚ ਕੁਝ ਸੋਚਦੇ ਹੋਣਗੇ ਕਿ ਇਸ ਨਾਲ ਉਨ੍ਹਾਂ ਦਾ ਨੁਕਸਾਨ ਹੀ ਹੋਵੇਗਾ ਪਰ ਉਨ੍ਹਾਂ ਨੂੰ ਵੀ ਯਕੀਨਨ ਫਾਇਦਾ ਹੀ ਹੋਵੇਗਾ ਕਿਉਂਕਿ ਇਸ ਸਮੇਂ ਦੇਸ਼ ਵਿਚ ਅਤਿ ਦਰਜੇ ਦੀ ਅਸਮਾਨਤਾ ਹੈ ਜਿਸ ਕਰ ਕੇ 'ਕੁੱਲ ਸਮੂਹਿਕ ਮੰਗ' ਇਤਨੀ ਨਹੀਂ ਜਿਸ ਨਾਲ ਉਨ੍ਹਾਂ ਦੇ ਕਾਰੋਬਾਰ ਬਿਨਾਂ ਉਤਾਰ-ਚੜਾਅ ਦੇ ਠੀਕ-ਠਾਕ ਚਲਦੇ ਜਾਣ। ਜਦ ਇਹ ਮੰਗ ਘਟ ਜਾਂਦੀ ਹੈ ਤਾਂ ਕਾਰੋਬਾਰ ਹੇਠਾਂ ਵੱਲ ਚਲੇ ਜਾਂਦੇ ਹਨ ਜਿਸ ਨਾਲ ਕਾਰੋਬਾਰੀਆਂ ਨੂੰ ਆਪਣੀਆਂ ਯੋਜਨਾਵਾਂ ਦੀ ਮੁੜ ਵਿਉਂਤਬੰਦੀ ਕਰਨੀ ਪੈਂਦੀ ਹੈ। ਨਿਵੇਸ਼, ਮਸ਼ੀਨਰੀ, ਮਜ਼ਦੂਰਾਂ ਅਤੇ ਹੋਰ ਸਾਧਨਾਂ ਦੀ ਵਰਤੋਂ ਘੱਟ ਕਰਨੀ ਪੈਂਦੀ ਹੈ। ਅਪਨਿਵੇਸ਼ ਨਾਲ 'ਪੁੱਠਾ ਗੁਣਕ ਪ੍ਰਭਾਵ' ਆਰੰਭ ਹੋ ਜਾਂਦਾ ਹੈ ਅਤੇ ਕਾਰੋਬਾਰ ਦਾ ਪੱਧਰ ਹੋਰ ਘਟਦਾ ਜਾਂਦਾ ਹੈ। ਪੁਨਰਵੰਡ ਦੀ ਵਿਵਸਥਾ ਨਾਲ ਕੁੱਲ ਸਮੂਹਿਕ ਮੰਗ ਵਧ ਜਾਂਦੀ ਹੈ। ਮੱਧ ਵਰਗ ਦੁਬਿਧਾ ਵਿਚ ਹੈ। ਇਸ ਦੀ ਪ੍ਰਕਿਰਤੀ ਹੀ ਅਜਿਹੀ ਹੈ ਕਿ ਹਰ ਸਥਿਤੀ ਵਿਚ ਜਦੋਂ ਕੋਈ ਤਬਦੀਲੀ ਆਉਂਦੀ ਮਹਿਸੂਸ ਕਰਦਾ ਹੈ ਤਾਂ ਫ਼ਿਕਰਮੰਦ ਹੋ ਜਾਂਦਾ ਹੈ। ਅਸਪਸ਼ਟਤਾ ਦੂਰ ਹੋਣ ਨੂੰ ਕੁਝ ਸਮਾਂ ਲਗਦਾ ਹੈ। ਇਹ ਕਦੇ ਆਪਣੇ ਆਪ ਨੂੰ ਅਮੀਰ ਅਤੇ ਕਦੇ ਗਰੀਬ ਸਮਝਣ ਲੱਗ ਜਾਂਦਾ ਹੈ। ਇਸ ਪੁਨਰਵੰਡ ਨਾਲ ਇਸ ਨੂੰ ਭੁਲੇਖਾ ਹੈ ਕਿ ਇਹ ਘਾਟੇ ਵਿਚ ਰਹੇਗਾ ਪਰ ਹਕੀਕਤ ਇਹ ਨਹੀਂ। ਜਦ ਪੁਨਰਵੰਡ ਦੀ ਪ੍ਰਕਿਰਿਆ ਕਦਮ-ਬ-ਕਦਮ ਆਰੰਭ ਹੋ ਗਈ ਤਾਂ ਇਸ ਵਰਗ ਦੀਆਂ ਸੁੱਖ-ਸਹੂਲਤਾਂ ਵਿਚ ਵੀ ਵਾਧਾ ਹੋਵੇਗਾ। ਇਸ ਵਰਗ ਦੇ ਹੀ ਬਹੁਤੇ ਬੱਚੇ ਵਿਦੇਸ਼ਾਂ ਵਿਚ ਵਧ ਸੁੱਖ-ਸਹੂਲਤਾਂ ਪ੍ਰਾਪਤ ਕਰਨ ਲਈ ਮਾਪਿਆਂ ਅਤੇ ਸੰਯੁਕਤ ਪਰਿਵਾਰ ਦੇ ਲਾਭਾਂ ਤੋਂ ਵਿਰਵੇ ਹੋਏ ਬੈਠੇ ਹਨ, ਉਹ ਨਵੇਂ ਦ੍ਰਿਸ਼ ਵਿਚ ਇਧਰ ਵਾਪਸ ਆਉਣ ਬਾਰੇ ਸੋਚਣਾ ਸ਼ੁਰੂ ਕਰ ਸਕਦੇ ਹਨ।

ਪੂਰੇ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਪ੍ਰਕਿਰਿਆ ਨਾਲ ਵਿਕਾਸ ਦੀ ਗਤੀ ਤੇਜ਼ ਹੋਵੇਗੀ ਅਤੇ ਪਹਿਲਾਂ ਨਾਲੋਂ ਵੱਧ ਸੰਤੁਲਨ ਆਉਣ ਨਾਲ 'ਸਮੂਹਿਕ ਖੁਸ਼ੀ' ਦਾ ਸੂਚਕ ਅੰਕ ਉੱਪਰ ਵੱਲ ਜਾਣ ਦਾ ਰੁਖ਼ ਅਪਣਾਏਗਾ।

# ਦੋ ਮਿੰਟ ਦੀ ਗੋਸ਼ਟੀ

**ਲੇਖਕ : ਨਿਰੰਜਣ ਬੋਹਾ, ਸੰਪਰਕ:** 89682-82700

ਇਸ ਲਿਖਤ ਨੂੰ ਬਾਲ ਕਹਾਣੀ ਸਮਝੋ ਜਾਂ ਵਾਰਤਕ ਦੀ ਸ਼੍ਰੇਣੀ ਵਿਚ ਰੱਖੋ ਪਰ ਮੇਰੇ ਲਈ ਇਹ ਤਿੰਨ ਮਿੰਟ ਦੀ ਅਜਿਹੀ ਗੋਸ਼ਟੀ ਹੈ ਜਿਸ ਵਿਚਲਾ ਸੰਵਾਦ ਮੈਨੂੰ ਹੁਣ ਤੱਕ ਆਪਣੀ ਸ਼ਮੂਲੀਅਤ ਵਾਲੀਆਂ ਸਾਰੀਆਂ ਗੋਸ਼ਟੀਆਂ ਤੋਂ ਵੱਧ ਸੁਹਜ ਅਤੇ ਸਲੀਕੇ ਭਰਪੂਰ ਲੱਗਿਆ ਹੈ। ਗੋਸ਼ਟੀਆਂ ਵਿੱਚ ਕਿਸੇ ਵੀ ਵਿਸ਼ੇ 'ਤੇ ਬੋਲਣਾ ਜਾਂ ਸੁਣਨਾ ਮੇਰੇ ਲਈ ਆਮ ਕੰਮ ਹੈ ਪਰ ਇਸ ਗੋਸ਼ਟੀ ਵਿਚ ਦੋ ਤਿੰਨ ਮਿੰਟ ਦੇ ਸੰਵਾਦ ਨੇ ਰੂਹ ਨੂੰ ਰੱਜਵੀਂ ਖੁਰਾਕ ਦਿੱਤੀ।

ਸੰਵਾਦ ਦੀ ਸ਼ੁਰੂਆਤ ਉਸ ਵੇਲੇ ਹੋਈ ਜਦੋਂ ਹਰਿਆਣਾ ਦੇ ਪੰਜਾਬੀ ਕਵੀ ਬਲਵੰਤ ਸਿੰਘ ਮਾਨ ਦੀ ਕਾਵਿ ਪੁਸਤਕ 'ਚਿੱਟਾ ਲਹੂ' ਬਾਰੇ ਟੋਹਾਣਾ (ਫਤਿਆਬਾਦ) ਵਿਖੇ ਹੋਣ ਵਾਲੇ ਸਮਾਗਮ ਵਿੱਚ ਬੋਲਣ ਦੀ ਤਿਆਰੀ ਵਜੋਂ ਇਹ ਪੁਸਤਕ ਪੜ੍ਹ ਰਿਹਾ ਸਾਂ। ਪੁਸਤਕ ਪੜ੍ਹਨ ਤੋਂ ਬਾਅਦ ਨੇੜਲੇ ਮੇਜ਼ 'ਤੇ ਰੱਖ ਦਿੱਤੀ ਤੇ ਕੋਲ ਹੀ ਸਕੂਲ ਦਾ ਕੰਮ ਕਰ ਰਹੀ ਛੋਟੀ ਪੋਤੀ ਰਾਵੀ ਨੇ ਇਹ ਚੁੱਕ ਲਈ। ਪੁਸਤਕ ਦੇ ਟਾਈਟਲ ਦੇ ਦੋਵੇਂ ਪਾਸੀ ਨਜ਼ਰ ਮਾਰ ਕੇ ਮੈਥੋਂ ਪੁੱਛਿਆ, "ਦਾਦੂ, ਖੂਨ ਦਾ ਰੰਗ ਤਾਂ ਲਾਲ ਹੁੰਦੈ, ਇਸ ਅੰਕਲ ਨੇ ਚਿੱਟਾ ਕਿਉਂ ਲਿਖਿਆ?" ਸਵਾਲ ਛੋਟੀ ਬੱਚੀ ਨੇ ਪੁੱਛਿਆ ਸੀ, ਇਸ ਲਈ ਜ਼ਰੂਰੀ ਸੀ, ਜਵਾਬ ਸਰਲ ਤੋਂ ਸਰਲ ਭਾਸ਼ਾ ਵਿਚ ਦੇਵਾਂ। ਉਸ ਨੂੰ ਸਮਝਾਇਆ, "ਪੁੱਤ ਖੂਨ ਚਿੱਟਾ ਹੋਣਾ ਮੁਹਾਵਰਾ ਹੈ ਜੋ ਉਨ੍ਹਾਂ ਖੁਦਗਰਜ਼ ਬੰਦਿਆਂ ਲਈ ਵਰਤਿਆ ਜਾਂਦਾ ਜੋ ਦੂਜਿਆਂ ਦਾ ਹੱਕ ਮਾਰਦੇ ਤੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਦੇ।" ਮੇਰੀ ਇਹ ਗੱਲ ਪੋਤੀ ਦੇ ਮਨ ਦੀ ਸਾਫ ਸਲੇਟ 'ਤੇ ਲਿਖੀ ਗਈ, ਇਸ ਦਾ ਪਤਾ ਮੈਨੂੰ ਅਗਲੇ ਦਿਨ ਲੱਗਿਆ। ਅਗਲੀ ਸਵੇਰ ਉਸ ਦਾ ਦੋ ਸਾਲ ਵੱਡੀ ਭੈਣ ਗੁੱਡੂ ਨਾਲ ਖਿਡਾਉਣੇ ਪਿੱਛੇ ਝਗੜਾ ਹੋ ਗਿਆ। ਵੱਡੀ ਦਾ ਤਰਕ ਸੀ ਕਿ ਇਹ ਖਿਡੌਣਾ ਉਹਨੇ ਆਪਣੇ ਪੈਸਿਆਂ ਨਾਲ ਖਰੀਦਿਆ, ਇਸ ਲਈ ਉਹੀ ਇਸ ਨਾਲ ਖੇਡੇਗੀ। ਛੋਟੀ ਖਿਡਾਉਣਾ ਲੈਣ ਦੀ ਜ਼ਿੱਦ ਕਰ ਰਹੀ ਸੀ। ਜਦੋਂ ਉਹਨੂੰ ਖਿਡਾਉਣਾ ਨਾ ਮਿਲਿਆ ਤਾਂ ਉਸ ਰੋਂਦਿਆਂ ਮੇਰੇ ਕੋਲ ਸ਼ਿਕਾਇਤ ਲਾ ਦਿੱਤੀ, "ਦਾਦੂ, ਦੀਦੀ ਦਾ ਖੂਨ ਚਿੱਟਾ ਹੋ ਗਿਐ।"

ਇਹ ਸੁਣ ਕੇ ਮੈਂ ਅਵਾਕ ਰਹਿ ਗਿਆ। ਹੁਣ ਮੇਰੇ ਲਈ ਜ਼ਰੂਰੀ ਹੋ ਗਿਆ ਕਿ ਮੈਂ ਉਹਦੇ ਮਨ ਦੀ ਸਲੇਟ 'ਤੇ ਲਿਖੀ ਗੱਲ ਨੂੰ ਨਵੀਂ ਦਿਸ਼ਾ ਦੇ ਕੇ ਦੋਵਾਂ ਭੈਣਾਂ ਵਿਚਕਾਰ ਪੈਦਾ ਹੋਈ ਦੂਰੀ ਦੂਰ ਕਰਾਂ। ਸੋਚ ਦੀ ਚੱਕਰੀ ਘੁੰਮੀ ਕਿ ਖਿਡਾਉਣੇ 'ਤੇ ਨਿੱਜੀ ਮਾਲਕੀ ਦਾ ਅਹਿਸਾਸ ਹੀ ਦੋਵਾਂ ਦੀ ਲੜਾਈ ਦਾ ਕਾਰਨ ਬਣਿਆ ਹੈ। ਸਾਡੇ ਪਰਿਵਾਰ, ਸਮਾਜ, ਦੇਸ਼ ਵਿਚ ਹੋਣ ਵਾਲੇ ਸਾਰੇ ਝਗੜੇ ਇਸੇ ਅਹਿਸਾਸ ਵਿਚੋਂ ਹੀ ਜਨਮ ਲੈਂਦੇ ਅਤੇ ਬਲਵੰਤ ਮਾਨ ਵੀ ਮਨੁੱਖੀ ਸਮਾਜ ਦੀ ਬਹੁ ਗਿਣਤੀ ਦਾ ਖੂਨ ਚਿੱਟਾ ਹੋਣ ਕਾਰਨ ਹੀ ਚਿੰਤਤ ਹੈ। ਮੈਂ ਦੋਵਾਂ ਦੀ ਲੜਾਈ ਵਿਚ ਦਖ਼ਲ ਦਿੰਦਿਆਂ ਵੱਡੀ ਨੂੰ ਪੁੱਛਿਆ, "ਪੁੱਤ ਤੈਨੂੰ ਖਿਡਾਉਣਾ ਲੈਣ ਲਈ ਪੈਸੇ ਕਿਸ ਨੇ ਦਿੱਤੇ?"

"ਦਾਦੂ ਪੈਸੇ ਤਾਂ ਪਾਪਾ ਨੇ ਦਿੱਤੇ।" ਉਸ ਦਾ ਜਵਾਬ ਸੀ।

"ਫਿਰ ਪੁੱਤ ਪਾਪਾ ਤਾਂ ਤੁਹਾਡੇ ਦੋਵਾਂ ਦੇ ਨੇ ਤੇ ਉਹ ਤੁਹਾਨੂੰ ਇੱਕੋ ਜਿਹਾ ਪਿਆਰ ਕਰਦੇ ਨੇ... ਇਸ ਲਈ ਪਾਪਾ ਦੇ ਪੈਸਿਆਂ ਨਾਲ ਖਰੀਦਿਆ ਖਿਡਾਉਣਾ ਵੀ ਤੁਹਾਡਾ ਦੋਵਾਂ ਦਾ ਹੋ ਗਿਆ ਨਾ। ਰਲ ਮਿਲ ਕੇ ਖੇਡੋ ਪੁੱਤ।" ਮੈਂ ਦਾਦੇ ਪੋਤੀਆਂ ਵਿਚ ਹੋਣ ਵਾਲੇ ਸੰਵਾਦ ਨੂੰ ਆਪਣੇ ਵੱਲੋਂ ਨਵੀਂ ਦਿਸ਼ਾ ਦੇ ਦਿੱਤੀ।

ਪੋਤੀਆਂ ਨੂੰ ਗੱਲ ਝੱਟ ਸਮਝ ਆ ਗਈ ਤੇ ਉਹ ਮਿਲ ਕੇ ਖੇਡਣ ਲੱਗ ਪਈਆਂ।

ਪੁਸਤਕ ਵਾਲੇ ਸਮਾਗਮ ਸਮੇਂ ਮੁੱਖ ਬੁਲਾਰੇ ਵਜੋਂ ਬੋਲਣ ਲਈ ਨੋਟਿੰਗ ਲੈਣ ਲੱਗਿਆ ਤਾਂ ਇਹ ਸੰਵਾਦ ਦਿਲ ਦਿਮਾਗ 'ਤੇ ਛਾਇਆ ਹੋਇਆ ਸੀ। ਪੁਸਤਕ ਵਿਚਲੀਆਂ ਕਵਿਤਾਵਾਂ 'ਤੇ ਦੁਬਾਰਾ ਪੰਛੀ ਝਾਤ ਮਾਰੀ ਤਾਂ ਲੱਗਿਆ ਕਿ ਕਵੀ ਨੇ ਮਨੁੱਖ, ਸਮਾਜ, ਦੇਸ਼ ਤੇ ਦੁਨੀਆ ਨੂੰ ਦਰਪੇਸ਼ ਜਿਹੜੀਆਂ ਵੀ ਸਮੱਸਿਆਵਾਂ ਜਾਂ ਚੁਣੌਤੀਆਂ ਦਾ ਜ਼ਿਕਰ ਕੀਤਾ ਹੈ, ਉਸ ਦਾ ਕਾਰਨ ਉਹੀ ਹੈ ਜੋ ਪੋਤੀਆਂ ਨੂੰ ਸਮਝਾਇਆ ਸੀ। ਕੌਮੀ ਤੇ ਕੌਮਾਂਤਰੀ ਪੱਧਰ 'ਤੇ ਹੋਣ ਵਾਲੇ ਸਾਰੇ ਝਗੜਿਆਂ ਦਾ ਕਾਰਨ ਵੀ ਮਨੁੱਖ ਦਾ ਲਾਲ ਤੋਂ ਚਿੱਟਾ ਹੋਇਆ ਖੂਨ ਹੀ ਹੈ। ਫੈਸਲਾ ਕੀਤਾ ਕਿ ਸਮਾਗਮ 'ਤੇ ਬੋਲਣ ਵੇਲੇ ਲੇਖਕਾਂ ਪਾਠਕਾਂ ਨਾਲ ਦੋ ਮਿੰਟ ਦੇ ਇਸ ਸੰਵਾਦ ਦਾ ਜ਼ਿਕਰ ਜ਼ਰੂਰ ਕਰਾਗਾਂ ਤੇ ਅਜਿਹਾ ਕੀਤਾ ਵੀ। ਮੈਂ ਪੁਸਤਕ ਵਿਚਲੀਆਂ ਕਵਿਤਾਵਾਂ ਦਾ ਵਿਸ਼ਲੇਸ਼ਣ ਵੀ ਇਸੇ ਸੰਵਾਦ ਦੇ ਹਵਾਲੇ ਨਾਲ ਹੀ ਕੀਤਾ ਤੇ ਇਹ ਗੱਲਾਂ ਸਾਂਝੀਆਂ ਕੀਤੀਆਂ ਕਿ ਖੂਨ ਲਾਲ ਤੋਂ ਚਿੱਟਾ ਕਿਵੇਂ ਹੁੰਦਾ ਅਤੇ ਸਮਾਜ ਵਿਚ ਲਾਲ ਤੇ ਚਿੱਟੇ ਖੂਨ ਵਾਲੀਆਂ ਧਿਰਾਂ ਕਿਹੜੀਆਂ ਹਨ? ਇਹ ਵੀ ਕਿਹਾ ਕਿ ਬਾਬੇ ਨਾਨਕ ਦੇ ਕਿਰਤ ਕਰਨ ਅਤੇ ਵੰਡ ਛਕਣ ਦਾ ਸੁਨੇਹਾ ਅੱਗੇ ਤੋਰ ਕੇ ਚਿੱਟੇ ਖੂਨ ਦੀ ਰੰਗਤ ਵਿੱਚ ਫਿਰ ਤੋਂ ਲਾਲੀ ਲਿਆਂਦੀ ਜਾ ਸਕਦੀ ਹੈ।

ਹਿੰਦੀ ਭਾਸ਼ੀ ਖੇਤਰ ਵਿਚ ਸਮਾਗਮ ਹੋਣ ਕਾਰਨ ਉੱਥੇ ਸੁਭਾਵਿਕ ਹੀ ਪੰਜਾਬੀ ਨਾਲੋਂ ਹਿੰਦੀ ਲੇਖਕ ਵੱਧ ਸਨ ਪਰ ਉਨ੍ਹਾਂ ਵੀ ਮੇਰੇ ਅੱਧੇ ਪੌਣੇ ਘੰਟੇ ਦੇ ਭਾਸ਼ਣ ਨੂੰ ਧਿਆਨ ਨਾਲ ਸੁਣਿਆ। ਵਾਪਸੀ ਵੇਲੇ ਇਕ ਨੌਜਵਾਨ ਹਿੰਦੀ ਕਵੀ ਨੇ ਮੇਰੇ ਨਾਲ ਫੋਟੋ ਖਿਚਵਾਉਂਦਿਆਂ ਕਿਹਾ, "ਆਪਕੇ ਬੋਲਣੇ ਸੇ ਪਹਿਲੇ ਹਮਾਰੇ ਮਨ ਮੇਂ ਡਰ ਥਾ ਕਿ ਪਤਾ ਨਹੀਂ ਪੰਜਾਬ ਸੇ ਆਏ ਆਲੋਚਕ ਕੈਸੀ ਕਠਿਨ ਭਾਸ਼ਾ ਮੇਂ ਬਾਤ ਕਰੇਂਗੇ ਔਰ ਉਨ ਕੀ ਬਾਤੇਂ ਹਮਾਰੀ ਸਮਝ ਮੇਂ ਆਏਂਗੀ ਭੀ ਜਾਂ ਨਹੀਂ... ਮੈਨੇ ਪਹਿਲੀ ਬਾਰ ਜਾਨਾ ਕਿ ਸਾਹਿਤਯ ਕੀ ਸਮੀਕਸ਼ਾ ਕਹਾਣੀਓਂ ਕੀ ਭਾਸ਼ਾ ਮੇਂ ਭੀ ਹੋ ਸਕਤੀ ਹੈ।" ਇਸ ਕਵੀ ਨੇ ਗੋਸ਼ਟੀਆਂ 'ਚ ਘਟ ਰਹੀ ਹਾਜ਼ਰੀ ਦਾ ਭੇਤ ਵੀ ਖੋਲ੍ਹ ਦਿੱਤਾ ਸੀ ਤੇ ਮੇਰੇ ਲਈ ਜ਼ਰੂਰੀ ਬਣਾ ਦਿੱਤਾ ਕਿ ਮੈਂ ਲੱਗਦੀ ਵਾਹ ਗੋਸ਼ਟੀ 'ਚ ਬੋਲਣ ਵੇਲੇ ਉਹੋ ਜਿਹੀ ਭਾਸ਼ਾ ਵਰਤਾਂ ਜਿਹੋ ਜਿਹੀ ਭਾਸ਼ਾ ਨਾਲ ਪੋਤੀਆਂ ਨੂੰ ਆਪਣੇ ਨਾਲ ਸਹਿਮਤ ਕੀਤਾ ਸੀ। ਹੁਣ ਇਹ ਸਵਾਲ ਤੁਹਾਡੇ ਲਈ ਹੈ: ਕੀ ਗੋਸ਼ਟੀਆਂ ਦੀ ਭਾਸ਼ਾ ਸਰਲ ਬਣਾ ਕੇ ਇਨ੍ਹਾਂ ਦਾ ਪੁਰਾਣਾ ਜਲੌਅ ਵਾਪਸ ਲਿਆਂਦਾ ਜਾ ਸਕਦਾ ਹੈ?

# ਕਾਰਲ ਮਾਰਕਸ
## ਵਿਚਾਰਾਂ ਅਤੇ ਪ੍ਰਸੰਗਿਕਤਾ



ਬੂਟਾ ਸਿੰਘ ਮਹਿਮੂਦਪੁਰ

ਕਮਿਊਨਿਸਟ ਮੈਨੀਫੈਸਟੋ (1848) ਨੂੰ ਛਪਿਆਂ ਪੌਣੇ ਦੋ ਸਦੀਆਂ ਅਤੇ 'ਸਰਮਾਇਆ' ਨੂੰ ਛਪਿਆਂ ਲਗਭਗ ਡੇਢ ਸੌ ਸਾਲ ਹੋ ਚੁੱਕੇ ਹਨ। ਇਸ ਤੋਂ ਬਾਅਦ ਰੂਸ, ਚੀਨ ਅਤੇ ਹੋਰ ਮੁਲਕਾਂ ਵਿਚ ਮਾਰਕਸਵਾਦੀ ਵਿਚਾਰਧਾਰਾ ਦੇ ਆਧਾਰ 'ਤੇ ਸਮਾਜਵਾਦੀ ਰਾਜ ਸਥਾਪਤ ਕਰਨ ਦੇ ਤਜਰਬੇ ਹੋਏ ਅਤੇ ਆਖ਼ਿਰਕਾਰ ਸੰਸਾਰ ਸਮਾਜਵਾਦੀ ਕੈਂਪ ਖ਼ਤਮ ਹੋ ਗਿਆ।

ਸੋਵੀਅਤ ਯੂਨੀਅਨ ਦੇ ਟੁੱਟਣ ਸਮੇਂ ਸੰਸਾਰ ਸਰਮਾਏਦਾਰੀ ਦੇ ਬੁੱਧੀਜੀਵੀਆਂ ਨੇ ਜ਼ੋਰ-ਸ਼ੋਰ ਨਾਲ ਇਹ ਦਾਅਵਾ ਕੀਤਾ ਕਿ ਕਮਿਊਨਿਜ਼ਮ ਦਾ ਕੋਈ ਭਵਿੱਖ ਨਹੀਂ ਹੈ। ਸਮਾਜਵਾਦ ਫੇਲ੍ਹ ਹੋ ਚੁੱਕਾ ਹੈ, ਇਹ ਦੁਬਾਰਾ ਨਹੀਂ ਆ ਸਕਦਾ। ਇਹ ਵੀ ਕਿ ਸਰਮਾਏਦਾਰੀ ਨੂੰ ਮਨਫ਼ੀ ਕਰਕੇ ਸਮਾਜ ਬਣਾਉਣ ਦੀ ਸੋਚ, ਕੇਂਦਰੀ ਯੋਜਨਾਬੰਦੀ ਦੇ ਤਹਿਤ ਪੈਦਾਵਾਰੀ ਸਾਧਨਾਂ ਦੇ ਸਮਾਜੀਕਰਨ ਦੀ ਹਰ ਦਲੀਲ 'ਗ਼ੈਰਹਕੀਕੀ' ਅਤੇ 'ਖ਼ਿਆਲੀ ਕਲਪਨਾ' ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਦੁਨੀਆ ਦੀ ਸਮਾਜੀ-ਆਰਥਕ ਕਾਇਆਪਲਟੀ ਦੇ ਅਮਲ ਵਿਚ ਸਰਮਾਏਦਾਰੀ ਆਖ਼ਰੀ ਜੇਤੂ ਹੈ। ਉਨ੍ਹਾਂ ਨੇ 'ਇਤਿਹਾਸ ਦਾ ਅੰਤ', 'ਵਿਚਾਰਧਾਰਾਵਾਂ ਦਾ ਅੰਤ' ਦਾ ਐਲਾਨ ਕਰਦਿਆਂ ਕਿਹਾ ਕਿ ਸਰਮਾਏਦਾਰੀ ਦਾ ਕੋਈ ਬਦਲ ਨਹੀਂ ਹੈ ਅਤੇ ਪੂਰੀ ਮਨੁੱਖਤਾ ਲਈ ਸਥਾਈ ਹੰਢਣਸਾਰ ਵਿਕਾਸ ਮਾਡਲ ਸਿਰਫ਼ ਤੇ ਸਿਰਫ਼ ਸਰਮਾਏਦਾਰੀ ਹੈ। ਲਿਹਾਜ਼ਾ ਸਵਾਲ ਇਹ ਹੈ: ਕੀ ਮਾਰਕਸ ਦੇ ਵਿਚਾਰ ਹੁਣ ਅਪ੍ਰਸੰਗਿਕ ਹੋ ਗਏ ਹਨ, ਜਾਂ ਜਿਵੇਂ ਮਾਰਕਸਵਾਦ ਨੂੰ ਸਹੀ ਮੰਨਣ ਵਾਲੇ ਦਾਅਵਾ ਕਰਦੇ ਹਨ, ਉਸਦੀ ਵਿਚਾਰਧਾਰਾ ਅੱਜ ਵੀ ਦੁਨੀਆ ਨੂੰ ਸਮਝਣ ਅਤੇ ਬਦਲਣ ਦਾ ਸਭ ਤੋਂ ਭਰੋਸੇਯੋਗ ਵਿਗਿਆਨਕ ਸੰਦ ਹੈ?

ਇਸਦਾ ਜਵਾਬ ਮਾਰਕਸ ਦੇ ਵਿਚਾਰਾਂ ਨੂੰ ਅਜੋਕੇ ਹਾਲਾਤਾਂ ਦੇ ਵਿਸ਼ਲੇਸ਼ਣ ਅਤੇ ਵਾਸਤਵਿਕਤਾ ਦੀ ਕਸੌਟੀ 'ਤੇ ਪਰਖਣ ਵਿਚ ਹੈ।

ਮਾਰਕਸ ਦਾ ਪਹਿਲਾ ਨਿਰਣਾਇਕ ਯੋਗਦਾਨ ਦਰਸ਼ਨ ਦੇ ਖੇਤਰ ਵਿਚ ਸੀ। ਉਨ੍ਹਾਂ ਨੇ ਕਲਾਸੀਕਲ ਜਰਮਨ ਫ਼ਿਲਾਸਫ਼ੀ ਦੀਆਂ ਦੋ ਮੁੱਖ ਧਾਰਾਵਾਂ – ਹੀਗਲ ਦਾ ਦਵੰਦਵਾਦ ਅਤੇ ਫਿਊਰਬਾਖ਼ ਦਾ ਪਦਾਰਥਵਾਦ – ਦੀ ਪੜਚੋਲੀਆ ਪਰਖ-ਪੜਤਾਲ ਕਰਕੇ ਫ਼ਿਲਾਸਫ਼ੀ ਦੀ ਇਨਕਲਾਬੀ ਫ਼ਿਲਾਸਫ਼ੀ ਦੇ ਰੂਪ ਵਿਚ ਕਾਇਆਪਲਟੀ ਕੀਤੀ। ਯਥਾਸਥਿਤੀ ਦੇ ਸੰਸਾਰ ਨਜ਼ਰੀਏ ਤੋਂ ਬਦਲ ਕੇ ਮਾਰਕਸ ਨੇ ਫ਼ਿਲਾਸਫ਼ੀ ਨੂੰ ਦੁਨੀਆ ਨੂੰ ਬਦਲਣ ਦਾ ਕਾਰਜ ਦਿੱਤਾ। ਉਨ੍ਹਾਂ ਕਿਹਾ ਕਿ ਪਦਾਰਥਕ ਦੁਨੀਆ/ਕੁਦਰਤ ਕਿਸੇ ਬਾਹਰੀ ਸੱਤਾ (ਸਿਰਜਣਹਾਰੇ) ਦੀ ਰਚਨਾ ਨਹੀਂ, ਸਗੋਂ ਪਦਾਰਥ ਤੋਂ ਬਣੀ ਹੈ। ਇਹ ਸਮੇਂ ਤੇ ਸਥਾਨ ਵਿਚ ਅਨੰਤ ਹੈ ਅਤੇ ਰੂਹਾਨੀ ਖੇਤਰ ਤੋਂ ਬਾਹਰ ਤੇ ਸੁਤੰਤਰ ਰੂਪ 'ਚ ਮੌਜੂਦ ਹੈ। ਦੁਨੀਆ ਦੀ ਹਰ ਚੀਜ਼ ਦੇ ਮੂਲ ਵਿਚ ਪਦਾਰਥ ਹੈ ਜੋ ਵੱਖ-ਵੱਖ ਰੂਪਾਂ 'ਚ ਹੈ। ਜਦੋਂ ਮਾਰਕਸ 'ਪਦਾਰਥਵਾਦ' ਦੀ ਗੱਲ ਕਰਦੇ ਹਨ ਤਾਂ ਇਸ ਤੋਂ ਭਾਵ ਭੌਤਿਕ ਰੂਪ ਵਿਚ ਕੁਦਰਤ ਦੀ ਬਾਹਰਮੁਖੀ ਹੋਂਦ ਤੋਂ ਹੈ। ਇਸਦਾ ਮਤਲਬ ਭੋਗਵਾਦ ਨਹੀਂ ਹੈ ਜਿਵੇਂ ਕਿ ਗ਼ਲਤ ਸਮਝਿਆ ਜਾਂ ਗ਼ਲਤ ਪੇਸ਼ ਕੀਤਾ ਜਾਂਦਾ ਹੈ, ਸਗੋਂ ਇਹ ਪਦਾਰਥ ਦੀ ਧਾਰਨਾ ਦੇ ਰੂਪ 'ਚ ਕੁਦਰਤ ਦੀ ਹਕੀਕਤ ਨੂੰ ਠੋਸ ਆਧਾਰ 'ਤੇ ਸਮਝਣਾ ਹੈ।

ਉਨ੍ਹਾਂ ਕਿਹਾ ਕਿ ਪਦਾਰਥ ਸਥਿਰ ਜਾਂ ਖੜੋਤ ਦੀ ਅਵਸਥਾ 'ਚ ਨਹੀਂ ਹੈ; ਪਦਾਰਥ ਗਤੀਸ਼ੀਲ ਹੈ। ਕੋਈ ਵੀ ਚੀਜ਼ ਸਥਿਰ ਨਹੀਂ ਹੈ; ਹਰ ਚੀਜ਼ ਆਪਣੇ ਅੰਤਰ-ਵਿਰੋਧਾਂ ਕਾਰਨ ਬਦਲਦੀ ਹੈ। ਪਦਾਰਥ ਦੀ ਗਤੀ ਦੇ ਨਿਸ਼ਚਿਤ ਨਿਯਮ ਹਨ, ਇਨ੍ਹਾਂ ਨਿਯਮਾਂ ਦੇ ਆਧਾਰ 'ਤੇ ਪਦਾਰਥ ਆਪਣੇ ਰੂਪ ਬਦਲਦਾ ਰਹਿੰਦਾ ਹੈ। ਇਨ੍ਹਾਂ ਨਿਯਮਾਂ ਨੂੰ ਮਾਰਕਸ ਨੇ ਦਵੰਦਵਾਦ ਜਾਂ ਵਿਰੋਧ-ਵਿਕਾਸ ਕਿਹਾ। ਮਾਰਕਸ ਤੋਂ ਬਾਅਦ ਦੀਆਂ ਸਾਰੀਆਂ ਖੋਜਾਂ, ਚਾਹੇ ਉਹ ਭੌਤਿਕ ਵਿਗਿਆਨ ਦੇ ਖੇਤਰ ਵਿਚ ਹੋਈਆਂ ਜਾਂ ਰਸਾਇਣ ਵਿਗਿਆਨ ਦੇ ਖੇਤਰ ਵਿਚ—ਇਸੇ ਲਗਾਤਾਰ ਬਦਲਦੀ, ਗਤੀਸ਼ੀਲ ਦੁਨੀਆ ਦੀ ਮਾਰਕਸਵਾਦੀ ਵਿਆਖਿਆ ਦੀ ਪੁਸ਼ਟੀ ਕਰਦੀਆਂ ਹਨ।

ਮਾਰਕਸ ਦਾ ਦੂਜਾ ਵੱਡਾ ਯੋਗਦਾਨ ਇਤਿਹਾਸ ਦੀ ਸਮਝ ਵਿਚ ਹੈ। ਮਾਰਕਸ ਨੇ ਦਵੰਦਵਾਦੀ ਪਦਾਰਥਵਾਦ ਦੇ ਜੋ ਨਿਯਮ ਖੋਜੇ ਉਨ੍ਹਾਂ ਨੂੰ ਸਮਾਜ ਦੇ ਵਿਕਾਸ ਨੂੰ ਸਮਝਣ ਉੱਪਰ ਲਾਗੂ ਕੀਤਾ। ਮਾਰਕਸ ਨੇ ਇਹ ਵਿਗਿਆਨਕ ਵਿਆਖਿਆ ਕੀਤੀ ਕਿ ਸਮਾਜ ਕਿਵੇਂ ਬਣਿਆ, ਆਦਿਕਾਲੀਨ ਸਮੇਂ ਤੋਂ ਲੈ ਕੇ ਸਮਾਜ ਵਿਕਾਸ ਕਿਵੇਂ ਕਰ ਰਿਹਾ ਹੈ ਅਤੇ ਵਿਕਾਸ ਦੇ ਨਿਯਮ ਕੀ ਹਨ। ਮਾਰਕਸ ਨੇ ਮਿੱਥਾਂ ਨੂੰ ਹਟਾਇਆ ਅਤੇ ਸਮਾਜ ਨੂੰ ਪਦਾਰਥਕ ਹਾਲਾਤਾਂ ਦੁਆਰਾ ਆਕਾਰ ਦਿੱਤੀ ਗਈ ਪ੍ਰਕਿਰਿਆ ਵਜੋਂ ਦਿਖਾਇਆ। ਉਸਨੇ ਦਰਸਾਇਆ ਕਿ ਸਮਾਜਿਕ ਬਣਤਰਾਂ ਪਦਾਰਥਕ ਹਾਲਾਤ ਅਤੇ ਆਰਥਕ ਸਰਗਰਮੀਆਂ ਤੋਂ ਸੁਤੰਤਰ ਰੂਪ 'ਚ ਨਹੀਂ ਉਭਰਦੀਆਂ। ਸਮਾਜ ਕੋਈ ਹਮੇਸ਼ਾ ਲਈ ਸਥਿਰ ਬਣਤਰ ਨਹੀਂ ਹੈ, ਸਗੋਂ ਪਦਾਰਥਕ ਹਾਲਾਤਾਂ ਨਾਲ ਸ਼ਕਲ ਅਖ਼ਤਿਆਰ ਕਰਨ ਵਾਲੀ ਪ੍ਰਕਿਰਿਆ ਹੈ। ਇਸਦਾ ਸਰਮਾਏਦਾਰੀ ਤੋਂ ਅੱਗੇ ਵਿਕਸਤ ਹੋਣਾ ਤੈਅ ਹੈ। ਸਮਾਜਿਕ ਵਿਕਾਸ ਸੰਬੰਧੀ ਉਨ੍ਹਾਂ ਨੇ ਇਹ ਮੁੱਖ ਨੁਕਤੇ ਪੇਸ਼ ਕੀਤੇ: 1) ਸਮਾਜ ਜਮਾਤਾਂ ਵਿਚ ਵੰਡਿਆ ਹੋਇਆ ਹੈ; ਰਾਜ ਜਮਾਤੀ ਹੈ ਅਤੇ ਇਹ ਜਮਾਤਾਂ ਤੋਂ ਉੱਪਰ ਨਹੀਂ ਹੁੰਦਾ। ਇਹ ਸਾਰੇ ਲੋਕਾਂ ਦਾ ਰਾਜ ਨਹੀਂ ਹੁੰਦਾ ਅਤੇ ਇਹ ਪੈਦਾਵਾਰੀ ਸਾਧਨਾਂ ਦੀਆਂ ਮਾਲਕ ਜਮਾਤਾਂ ਦੇ ਹਿਤ ਲਈ ਕੰਮ ਕਰਦਾ ਹੈ। ਵਿਕਾਸ ਦਾ ਆਧਾਰ ਪੈਦਾਵਾਰੀ ਪ੍ਰਣਾਲੀ ਹੈ ਅਤੇ ਇਸਦੀ ਭੂਮਿਕਾ ਫ਼ੈਸਲਾਕੁਨ ਹੈ। ਪੈਦਾਵਾਰ ਦੀ ਵਿਧੀ ਬਦਲਦੇ ਹੀ ਸਮਾਜਿਕ ਸੰਬੰਧ ਬਦਲਦੇ ਹਨ; 2) ਅਤੇ ਵਿਚਾਰ — ਦਾਰਸ਼ਨਿਕ ਵਿਚਾਰ, ਧਾਰਮਿਕ, ਰਾਜਨੀਤੀ, ਸਾਹਿਤ, ਸੱਭਿਆਚਾਰ, ਕਾਨੂੰਨੀ ਢਾਂਚਾ ਵਗੈਰਾ—ਇਸੇ ਬੁਨਿਆਦੀ ਢਾਂਚੇ ਤੋਂ ਜਨਮ ਲੈਂਦੇ ਹਨ ਅਤੇ ਉਸ ਨਾਲ ਅੰਤਰ-ਕਿਰਿਆ ਵੀ ਕਰਦੇ ਹਨ। ਉਨ੍ਹਾਂ ਨੇ ਸਮਝਾਇਆ ਕਿ ਸਮਾਜਿਕ ਵਿਕਾਸ ਦੀ ਚਾਲਕ ਸ਼ਕਤੀ ਜਮਾਤੀ ਸੰਘਰਸ਼ ਹੈ। ਮਾਰਕਸ ਦੀ ਬੁਨਿਆਦੀ ਦਲੀਲ ਇਹ ਹੈ ਕਿ ਮਜ਼ਦੂਰ ਜਮਾਤ ਅਤੇ ਬੁਰਜੂਆ ਜਮਾਤ ਦਰਮਿਆਨ ਜਮਾਤੀ ਸੰਘਰਸ਼ ਇਤਿਹਾਸਕ ਤਬਦੀਲੀ ਦਾ ਇੰਜਣ ਹੈ, ਜੋ ਆਖ਼ਿਰਕਾਰ ਸਰਮਾਏਦਾਰੀ ਦੇ ਖ਼ਾਤਮੇ ਅਤੇ ਜਮਾਤ-ਰਹਿਤ ਕਮਿਊਨਿਸਟ ਸਮਾਜ ਦੀ ਸਥਾਪਨਾ ਵੱਲ ਲੈ ਜਾਵੇਗਾ।

ਮਾਰਕਸ ਦਾ ਤੀਜਾ ਵੱਡਾ ਯੋਗਦਾਨ ਰਾਜਨੀਤਕ ਆਰਥਿਕਤਾ ਦੀ ਆਲੋਚਨਾ ਦੇ ਖੇਤਰ ਵਿਚ ਹੈ। ਉਨ੍ਹਾਂ ਨੇ ਪੂੰਜੀਵਾਦੀ ਪੈਦਾਵਾਰੀ ਢਾਂਚੇ ਦਾ ਵਿਸ਼ਲੇਸ਼ਣ ਕਰਕੇ 'ਵਾਫ਼ਰ ਕਦਰ ਦੇ ਸਿਧਾਂਤ' ਦੁਆਰਾ ਸਪਸ਼ਟ ਕੀਤਾ ਕਿ ਸਰਮਾਏਦਾਰੀ ਦੇ ਮੁਨਾਫ਼ੇ ਦਾ ਸਰੋਤ ਕਿਵੇਂ ਮਜ਼ਦੂਰ ਦੀ ਲੁੱਟ ਹੈ। ਕਿਵੇਂ ਸਰਮਾਏ ਦੇ ਕੇਂਦਰੀਕਰਨ ਨਾਲ ਛੋਟੇ ਉਤਪਾਦਕ ਖ਼ਤਮ ਹੁੰਦੇ ਜਾਂਦੇ ਹਨ, ਅਜਾਰੇਦਾਰ ਸਰਮਾਇਆ ਸਥਾਪਤ ਹੁੰਦਾ ਹੈ ਅਤੇ ਇਹ ਕਿਵੇਂ ਸਮਾਜ ਵਿਚ ਨਬਰਾਬਰੀ ਅਤੇ ਵਾਂਝੇਪਣ ਨੂੰ ਵਧਾਉਂਦਾ ਹੈ।

ਮਾਰਕਸ ਨੇ ਵਿਆਖਿਆ ਕੀਤੀ ਕਿ ਜਮਾਤੀ ਸੰਘਰਸ਼ ਸਿਰਫ਼ ਆਰਥਕ ਨਹੀਂ ਹੁੰਦਾ; ਇਹ ਰਾਜਨੀਤੀ, ਸੱਭਿਆਚਾਰ, ਸਾਹਿਤ, ਜੀਵਨ-ਸ਼ੈਲੀ, ਵਿਚਾਰਧਾਰਾ ਆਦਿ ਸਾਰੇ ਮੁਹਾਜ਼ਾਂ 'ਤੇ ਚੱਲਦਾ ਹੈ। ਹਾਕਮ ਜਮਾਤ ਸਿਰਫ਼ ਪੈਦਾਵਾਰੀ ਸਾਧਨਾਂ 'ਤੇ ਕਾਬਜ਼ ਨਹੀਂ ਹੁੰਦੀ, ਉਹ ਵਿਚਾਰਾਂ ਸਮੇਤ ਉਪਰਲੇ ਢਾਂਚੇ ਦੇ ਸਾਰੇ ਖੇਤਰਾਂ ਨੂੰ ਕੰਟਰੋਲ ਕਰਦੀ ਅਤੇ ਇਨ੍ਹਾਂ ਦੀ ਵਰਤੋਂ ਆਪਣੇ ਗ਼ਲਬੇ ਨੂੰ ਕਾਇਮ ਰੱਖਣ ਲਈ ਕਰਦੀ ਹੈ। ਕਿਸੇ ਵੀ ਯੁਗ ਵਿਚ ਭਾਰੂ ਵਿਚਾਰ ਹਾਕਮ ਜਮਾਤ ਦਾ ਵਿਚਾਰ ਹੁੰਦਾ ਹੈ।

ਮਾਰਕਸ ਦੀ ਸਭ ਤੋਂ ਵੱਧ ਚਰਚਾ ਸਰਮਾਏਦਾਰੀ ਦੇ ਸੰਕਟ ਦੇ ਵਿਸ਼ਲੇਸ਼ਣ ਬਾਬਤ ਹੁੰਦੀ ਹੈ। ਮਾਰਕਸ ਨੇ ਕਿਹਾ ਕਿ ਸੰਕਟ ਸਰਮਾਏਦਾਰਾ ਪੈਦਾਵਾਰੀ ਵਿਧੀ ਦੇ ਮੂਲ ਵਿਚ ਮੌਜੂਦ ਹੈ। ਸਰਮਾਏਦਾਰਾ ਪ੍ਰਬੰਧ ਇਕ ਸੰਕਟ ਤੋਂ ਦੂਜੇ ਸੰਕਟ ਵਿਚ ਫਸਦਾ ਜਾਂਦਾ ਹੈ। ਸਰਮਾਏਦਾਰੀ ਆਪਣੇ ਸੰਕਟ ਦਾ ਬੋਝ ਦੂਜਿਆਂ ਉੱਪਰ ਲੱਦਕੇ ਇਸ ਵਿਚੋਂ ਨਿਕਲਣ ਦਾ ਰਾਹ ਵੀ ਕੱਢਦੀ ਰਹਿੰਦੀ ਹੈ। ਪਰ ਸੰਕਟ ਦਾ ਪੱਕਾ ਹੱਲ ਇਸ ਕੋਲ ਨਹੀਂ ਹੈ। ਅਸੀਂ ਦੇਖ ਸਕਦੇ ਹਾਂ ਕਿ ਇਸੇ ਸੰਕਟ ਨੂੰ ਦੂਰ ਕਰਨ ਦਾ ਇਕ ਸਾਧਨ ਨਵਉਦਾਰਵਾਦ ਹੈ। ਅੱਜ ਦਾ ਸਾਮਰਾਜੀ ਸਰਮਾਏਦਾਰੀ ਪ੍ਰਬੰਧ ਡੂੰਘੇ ਸੰਕਟ ਵਿਚ ਫਸਿਆ ਹੋਇਆ ਹੈ ਅਤੇ ਚੱਲ ਵੀ ਰਿਹਾ ਹੈ। ਸਰਮਾਏਦਾਰੀ ਪ੍ਰਬੰਧ ਵਿਚ ਸ਼ਾਂਤੀ ਅਤੇ ਸਥਿਰਤਾ ਕਿੱਧਰੇ ਵੀ ਨਹੀਂ ਹੈ। ਮੁਨਾਫ਼ੇ ਦੀ ਲਾਲਸਾ ਕਾਰਨ ਸਰਮਾਏਦਾਰੀ ਨੂੰ ਪੂਰੀ ਦੁਨੀਆ ਵਿਚ ਕੁਦਰਤੀ ਵਸੀਲਿਆਂ ਨੂੰ ਡਕੈਤਾਂ ਵਾਂਗ ਲੁੱਟਣ ਲਈ ਜੰਗਾਂ ਭੜਕਾਉਂਦੇ ਅਤੇ ਭਿਆਨਕ ਤਬਾਹੀ ਮਚਾਉਂਦੇ ਦੇਖਿਆ ਜਾ ਸਕਦਾ ਹੈ। ਵਾਰ-ਵਾਰ ਆਉਂਦੇ ਆਰਥਕ ਸੰਕਟ ਅਤੇ ਇਸ 'ਚੋਂ ਉਪਜਦੇ ਭੂ-ਰਾਜਨੀਤਕ ਟਕਰਾਅ ਮਾਰਕਸ ਦੇ ਵਿਸ਼ਲੇਸ਼ਣ ਦੀ ਪੁਸ਼ਟੀ ਕਰਦੇ ਹਨ।

ਮਾਰਕਸ ਇਹ ਵੀ ਸਿਖਾਉਂਦੇ ਹਨ ਕਿ ਡੂੰਘੇ ਸੰਕਟ ਵਿਚ ਫਸਿਆ ਸਰਮਾਏਦਾਰੀ ਪ੍ਰਬੰਧ ਆਪਣੇ ਆਪ ਖ਼ਤਮ ਨਹੀਂ ਹੋਵੇਗਾ। ਤਬਦੀਲੀ ਆਪਣੇ ਆਪ ਨਹੀਂ ਹੁੰਦੀ। ਉਸਦੇ ਲਈ ਠੋਸ ਹਾਲਤਾਂ ਦਾ ਠੋਸ ਵਿਸ਼ਲੇਸ਼ਣ ਕਰਕੇ ਸੁਚੇਤ ਜਥੇਬੰਦ ਯਤਨ ਕਰਕੇ ਪੈਣਗੇ। ਮਾਰਕਸ ਨੇ ਕਿਹਾ ਕਿ ਮਜ਼ਦੂਰ ਜਮਾਤ ਦੀ ਅਗਵਾਈ ਹੇਠ ਸਰਮਾਏਦਾਰੀ ਪ੍ਰਬੰਧ ਨੂੰ ਖ਼ਤਮ ਕਰਨ ਦੀ ਲੜਾਈ ਰਾਹੀਂ ਸਮਾਜ ਵਿਚੋਂ ਲੁੱਟਖਸੁੱਟ ਨੂੰ ਖ਼ਤਮ ਕਰਨਾ ਸੰਭਵ ਹੈ ਅਤੇ ਸਮਾਜਿਕ ਵਿਕਾਸ ਦਾ ਅਗਲਾ ਪੜਾਅ ਸਮਾਜਵਾਦ ਹੋਵੇਗਾ।

20ਵੀਂ ਸਦੀ ਵਿਚ ਰੂਸ ਦੇ ਬਾਲਸ਼ਵਿਕ ਇਨਕਲਾਬ ਤੋਂ ਲੈ ਕੇ ਅਫਰੀਕਾ ਅਤੇ ਏਸ਼ੀਆ ਵਿਚ ਬਸਤੀਵਾਦ-ਵਿਰੋਧੀ ਸੰਘਰਸ਼ਾਂ ਤੱਕ ਦੁਨੀਆ ਭਰ ਦੀਆਂ ਅਣਗਿਣਤ ਇਨਕਲਾਬੀ ਦੇ ਕੇਂਦਰ ਵਿਚ ਮਾਰਕਸਵਾਦੀ ਵਿਚਾਰ ਸਨ। ਸਮਾਜਵਾਦੀ ਕੈਂਪ ਦੇ ਟੁੱਟਣ ਅਤੇ ਸੋਵੀਅਤ ਯੂਨੀਅਨ ਦੇ ਪਤਨ ਨਾਲ ਸਰਮਾਏਦਾਰੀ ਦੀ ਚੜ੍ਹਤ ਹੋ ਗਈ। ਪਹਿਲੇ ਸਮਾਜਵਾਦੀ ਸਟੇਟ ਦੇ ਟੁੱਟਣ ਅਤੇ ਇਸ ਇਤਿਹਾਸਕ ਹਾਰ ਦੇ ਆਧਾਰ 'ਤੇ ਫੈਲਾਏ ਭਰਮ ਦੇ ਆਲਮ ਵਿਚ ਨਵਉਦਾਰਵਾਦ ਦੇ ਉਭਾਰ ਨੇ ਸਮਾਜਵਾਦ ਨੂੰ ਗ਼ੈਰਪ੍ਰਸੰਗਿਕ ਹੋ ਚੁੱਕਾ ਬਣਾਕੇ ਪੇਸ਼ ਕਰਨ ਵਿਚ ਵੱਡੀ ਭੂਮਿਕਾ ਨਿਭਾਈ। ਸਮਾਜਵਾਦੀ ਕੈਂਪ ਦੇ ਦਬਾਅ ਹੇਠ ਸੰਸਾਰ ਸਰਮਾਏਦਾਰੀ ਨੂੰ ਕਲਿਆਣਕਾਰੀ ਸਟੇਟ ਦਾ ਜੋ ਆਰਜ਼ੀ ਮਾਡਲ ਅਪਣਾਉਣਾ ਪਿਆ ਸੀ, ਉਸਨੂੰ ਸਿਲਸਿਲੇਵਾਰ ਤਰੀਕੇ ਨਾਲ ਬੇਅਸਰ ਬਣਾ ਦਿੱਤਾ ਗਿਆ ਹੈ। ਸੰਸਾਰ ਸਰਮਾਏਦਾਰੀ ਨੇ ਟੈਕਨਾਲੋਜੀਕਲ ਖੋਜਾਂ ਅਤੇ ਨਵਉਦਾਰਵਾਦੀ ਆਰਥਕ ਨੀਤੀਆਂ ਦੀ ਮਦਦ ਨਾਲ ਮਜ਼ਦੂਰਾਂ ਦੀ ਸਮੂਹਿਕ ਤਾਕਤ ਖਿੰਡਾ ਦਿੱਤੀ ਹੈ। ਪੱਕੇ ਰੁਜ਼ਗਾਰ ਨੂੰ ਖ਼ੋਰਾ ਲੱਗਿਆ ਹੈ ਅਤੇ ਠੇਕੇਦਾਰੀ ਸਿਸਟਮ ਦਾ ਵਧਾਰਾ-ਪਸਾਰਾ ਹੋਇਆ ਹੈ। ਗਿਗ/ਪਲੇਟਫਾਰਮ ਆਰਥਿਕਤਾ ਰਾਹੀਂ ਕਿਰਤੀਆਂ ਦੀ ਲੁੱਟ ਦੇ ਨਵੇਂ ਰੂਪ ਉੱਭਰੇ ਹਨ। ਕੀ ਇਨ੍ਹਾਂ ਬਦਲੇ ਹੋਏ ਹਾਲਾਤਾਂ ਵਿਚ ਕਿਰਤ ਦੀ ਲੁੱਟ, ਵਾਫ਼ਰ ਕਦਰ, ਜਮਾਤੀ ਸੰਘਰਸ਼, ਸਰਮਾਏਦਾਰੀ ਦਾ ਸੰਕਟ, ਮਜ਼ਦੂਰ ਇਨਕਲਾਬ ਰਾਹੀਂ ਸਮਾਜਵਾਦ ਦੀ ਸਥਾਪਨਾ ਵਰਗੀਆਂ ਮੁੱਖ ਮਾਰਕਸਵਾਦੀ ਧਾਰਨਾਵਾਂ ਹੁਣ ਅਪ੍ਰਸੰਗਿਕ ਹੋ ਗਈਆਂ ਹਨ?

ਮਾਰਕਸ ਦੇ ਵਿਸ਼ਲੇਸ਼ਣ ਵਿਚ ਜਮਾਤੀ ਵੰਡ, ਕਿਰਤ ਦੀ ਲੁੱਟ ਅਤੇ ਨਬਰਾਬਰੀ ਵਰਗੇ ਸਵਾਲਾਂ ਦਾ ਕੇਂਦਰੀ ਸਥਾਨ ਹੈ। ਦੁਨੀਆ ਦੇ ਅਜੋਕੇ ਹਾਲਾਤ ਇਸ ਬਾਰੇ ਕੀ ਦੱਸਦੇ ਹਨ? ਬਹੁਕੌਮੀ/ਪਰਾਕੌਮੀ ਕੰਪਨੀਆਂ ਅਤੇ ਬੇਲਗਾਮ ਮੰਡੀ ਦੁਆਰਾ ਚਲਾਈ ਜਾ ਰਹੀ ਵਿਸ਼ਵ ਵਿੱਤੀ ਪ੍ਰਣਾਲੀ ਅਜਾਰੇਦਾਰ ਸਰਮਾਏ ਵੱਲੋਂ ਮਜ਼ਦੂਰਾਂ ਦੀ ਘੋਰ ਲੁੱਟ ਅਤੇ ਕਿਰਤ ਨਾਲੋਂ ਮਜ਼ਦੂਰਾਂ ਦੀ ਅਲਹਿਦਗੀ ਨੂੰ ਦਰਸਾਉਂਦੀ ਹੈ। ਸਰਮਾਏਦਾਰੀ ਪ੍ਰਬੰਧ ਦੀ ਮੂਲ ਫ਼ਿਤਰਤ ਜਮਾਤੀ ਪਾੜੇ ਨੂੰ ਘਟਾਉਣ ਦੀ ਬਜਾਏ ਸਗੋਂ ਵਿਆਪਕ ਅਤੇ ਤਿੱਖਾ ਕਰਨ ਦੀ ਹੈ ਅਤੇ ਇਹ ਅਜਿਹਾ ਉੱਘੜਵੇਂ ਰੂਪ 'ਚ ਕਰ ਰਿਹਾ ਹੈ। ਨਾਬਰਾਬਰੀ ਦਿਨੋਦਿਨ ਵਧਦੀ ਜਾਂਦੀ ਹੈ। ਪਿਛਲੇ ਕੁਝ ਦਹਾਕਿਆਂ ਵਿਚ ਦੁਨੀਆ ਭਰ 'ਚ ਦੌਲਤ ਦੀ ਵੰਡ ਵਿਚ ਅਸਾਵਾਂਪਣ ਬਹੁਤ ਤੇਜ਼ੀ ਨਾਲ ਵਧਿਆ ਹੈ। ਬਹੁਤ ਸਾਰੀਆਂ ਰਿਪੋਰਟਾਂ ਖ਼ੁਲਾਸੇ ਕਰ ਚੁੱਕੀਆਂ ਹਨ ਕਿ ਸਿਖਰਲੇ ਛੋਟੀ ਜਹੀ ਗਿਣਤੀ ਸੁਪਰ ਅਮੀਰਾਂ ਅਤੇ ਹੇਠਲੇ ਆਮ ਲੋਕਾਂ ਦਰਮਿਆਨ ਇਹ ਪਾੜਾ ਕਿੰਨਾ ਵੱਡਾ ਹੈ। ਦੁਨੀਆ ਦੇ ਸਿਖਰਲੇ 10% ਕੋਲ 75% ਦੌਲਤ ਹੈ ਜਦਕਿ ਹੇਠਲੇ 50% ਕੋਲ ਸਿਰਫ਼ 2% ਹੈ। (ਇਹੀ ਸਥਿਤੀ ਭਾਰਤ ਵਿਚ ਹੈ।) ਦੌਲਤ ਦੀ ਵਧ ਰਹੀ ਕਾਣੀ ਵੰਡ ਕਾਰਨ ਵਿਕਸਤ ਸਰਮਾਏਦਾਰ ਮੁਲਕ ਸਮਾਜਿਕ ਤਣਾਅ ਅਤੇ ਰਾਜਨੀਤਿਕ ਅਸਥਿਰਤਾ ਵਿਚ ਗ੍ਰਸੇ ਹੋਏ ਹਨ।

ਨਵਉਦਾਰਵਾਦੀ ਪ੍ਰਣਾਲੀ ਹੇਠ ਕਿਰਤ ਹੋਰ ਅਸਥਿਰ ਹੋ ਗਈ ਹੈ। ਨਾਲ ਹੀ, ਡਿਜ਼ਿਟਲ ਦੌਰ ਵਿਚ ਮੁਨਾਫ਼ੇ ਦੇ ਸਰੋਤਾਂ ਵਿਚ ਸੂਚਨਾ ਟੈਕਨਾਲੋਜੀ ਖੇਤਰ ਨੇ ਬਹੁਤ ਮਹੱਤਵਪੂਰਨ ਸਥਾਨ ਬਣਾ ਲਿਆ ਹੈ। ਗੂਗਲ, ਅਮੇਜ਼ੌਨ, ਫੇਸਬੁੱਕ ਵਰਗੀਆਂ ਧੜਵੈਲ ਤਕਨੀਕੀ ਕੰਪਨੀਆਂ ਦਾ ਸੂਚਨਾ ਅਤੇ ਡਿਜ਼ਿਟਲ ਕਿਰਤ ਉੱਪਰ ਮੁਕੰਮਲ ਕੰਟਰੋਲ ਹੈ ਅਤੇ ਇਹ ਬੇਹੱਦ ਤਾਕਤ ਰੱਖਦੀਆਂ ਹਨ। ਕਿਰਤ ਦੀ ਲੁੱਟ ਅਤੇ ਅਲਹਿਦਗੀ ਦੇ ਨਵੇਂ ਰੂਪ ਉੱਭਰੇ ਹਨ।

– ਚਲਦਾ



# ਪਰੀ ਅਤੇ ਪੰਛੀ



ਲਿਖਤ
ਮਾ. ਸੰਜੀਵ ਧਰਮਾਣੀ
9478561356

ਇੱਕ ਵਾਰ ਦੀ ਗੱਲ ਹੈ। ਦੂਰ ਦੇਸ਼ ਵਿੱਚ ਇੱਕ ਸੰਘਣਾ ਜੰਗਲ ਸੀ। ਉੱਥੇ ਬਹੁਤ ਸਾਰੇ ਰੁੱਖ ਸਨ। ਰੁੱਖਾਂ ਉੱਤੇ ਵੱਖ - ਵੱਖ ਕਿਸਮ ਦੇ ਪੰਛੀ ਰਹਿੰਦੇ ਸਨ। ਜੰਗਲ ਵਿੱਚ ਅਨੇਕਾਂ ਫਲਦਾਰ ਰੁੱਖ ਸਨ। ਪੰਛੀ ਮਿੱਠੇ ਫਲ ਖਾ ਕੇ ਖੁਸ਼ ਰਹਿੰਦੇ ਸਨ। ਉਸ ਤੋਂ ਥੋੜ੍ਹੀ ਦੂਰ ਹੀ ਇੱਕ ਨਦੀ ਵਗਦੀ ਸੀ। ਪੰਛੀਆਂ ਨੂੰ ਖਾਣ - ਪੀਣ ਲਈ ਸਭ ਕੁਝ ਬੜੇ ਆਰਾਮ ਨਾਲ ਮਿਲ ਜਾਂਦਾ ਸੀ। ਉਨ੍ਹਾਂ ਦਾ ਜੀਵਨ ਬਹੁਤ ਖੁਸ਼ੀ ਭਰਿਆ ਸੀ , ਪਰ ਉੱਥੇ ਅਚਾਨਕ ਇੱਕ ਦਿਨ ਇੱਕ ਸੱਪ ਆ ਗਿਆ। ਉਹ ਪੰਛੀਆਂ ਦੇ ਰੁੱਖਾਂ ਦੇ ਨਜ਼ਦੀਕ ਹੀ ਰਹਿਣ ਲੱਗ ਪਿਆ।ਸੱਪ ਬਹੁਤ ਖ਼ਤਰਨਾਕ ਸੀ। ਉਹ ਅਕਸਰ ਰੁੱਖਾਂ 'ਤੇ ਚੜ੍ਹ ਜਾਂਦਾ ਸੀ ਤੇ ਪੰਛੀਆਂ ਦੇ ਆਲ੍ਹਣਿਆਂ ਵਿੱਚੋਂ ਅੰਡੇ ਤੇ ਪੰਛੀਆਂ ਦੇ ਬੱਚਿਆਂ ਨੂੰ ਖਾ ਜਾਂਦਾ ਸੀ। ਪੰਛੀਆਂ ਲਈ ਉੱਥੇ ਰਹਿਣਾ ਖਤਰੇ ਤੋਂ ਖਾਲੀ ਨਹੀਂ ਸੀ। ਉਨ੍ਹਾਂ ਨੇ ਉਸ ਜ਼ਹਿਰੀਲੇ ਸੱਪ ਨੂੰ ਅਜਿਹਾ ਨਾ ਕਰਨ ਲਈ ਬਹੁਤ ਸਮਝਾਇਆ , ਪਰ ਸੱਪ ਨੇ ਪੰਛੀਆਂ ਦੀ ਇੱਕ ਨਾ ਸੁਣੀ। ਪੰਛੀ ਸੱਪ ਤੋਂ ਬਹੁਤ ਤੰਗ - ਪ੍ਰੇਸ਼ਾਨ ਤੇ ਦੁਖੀ ਰਹਿਣ ਲੱਗ ਪਏ। ਸਮਾਂ ਬੀਤਦਾ ਗਿਆ। ਗਰਮੀਆਂ ਦੇ ਦਿਨ ਆ ਗਏ। ਇੱਕ ਦਿਨ ਆਕਾਸ਼ ਵਿੱਚ ਇੱਕ ਉੱਡਦੀ ਹੋਈ ਸੁੰਦਰ ਪਰੀ ਉਸ ਜੰਗਲ ਵਿੱਚ ਆਈ। ਉਹ ਗਰਮੀ ਤੋਂ ਵਿਆਕੁਲ ਸੀ। ਪਰੀ ਗਰਮੀ ਤੋਂ ਬਚਣ ਲਈ ਜੰਗਲ ਦੇ ਇੱਕ ਰੁੱਖ 'ਤੇ ਬੈਠ ਗਈ। ਕੁਝ ਸਮੇਂ ਬਾਅਦ ਪੰਛੀਆਂ ਦਾ ਰੌਲਾ ਸੁਣ ਕੇ ਪਰੀ ਪ੍ਰੇਸ਼ਾਨ ਹੋ ਗਈ। ਤਦ ਪਰੀ ਨੇ ਦੇਖਿਆ ਕਿ ਇੱਕ ਭਿਆਨਕ ਖ਼ਤਰਨਾਕ ਸੱਪ ਪੰਛੀਆਂ ਦੇ ਆਲ੍ਹਣਿਆਂ ਵਿੱਚੋਂ ਅੰਡੇ ਤੇ ਪੰਛੀਆਂ ਦੇ ਬੱਚਿਆਂ ਨੂੰ ਖਾ ਰਿਹਾ ਸੀ। ਇਹ ਸਭ ਦੇਖ ਕੇ ਪਰੀ ਬਹੁਤ ਦੁਖੀ ਹੋਈ ਤੇ ਪੰਛੀਆਂ ਦੀ ਚਿੰਤਾ ਨੂੰ ਸਮਝ ਗਈ। ਉਹ ਉੱਡ ਕੇ ਦੂਸਰੇ ਦਰੱਖਤ 'ਤੇ ਸੱਪ ਕੋਲ ਚਲੀ ਗਈ। ਉਸ ਨੇ ਸੱਪ ਨੂੰ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਇਸ ਤਰ੍ਹਾਂ ਨਾ ਕਰਿਆ ਕਰੇ। ਪਰ ਸਮਝਣ ਦੀ ਥਾਂ ਸੱਪ ਹੋਰ ਗੁੱਸੇ ਵਿੱਚ ਆ ਗਿਆ। ਉਸ ਨੇ ਗੁੱਸੇ ਵਿੱਚ ਆ ਕੇ ਪਰੀ ਵੱਲ ਫੁੰਕਾਰਾ ਮਾਰਿਆ। ਪਰੀ ਤੁਰੰਤ ਦੂਰ ਉੱਡ ਗਈ। ਸੱਪ ਨੂੰ ਪਰੀ ਨੇ ਫਿਰ ਸਮਝਾਉਣਾ ਚਾਹਿਆ। ਪਰ ਉਸਨੇ ਪਰੀ ਦੀ ਇੱਕ ਨਾ ਸੁਣੀ। ਕੁੱਝ ਦੇਰ ਬਾਅਦ ਸੱਪ ਪੰਛੀਆਂ ਦੇ ਆਲ੍ਹਣਿਆਂ ਨੂੰ ਨੁਕਸਾਨ ਪਹੁੰਚਾਉਣ ਲੱਗ ਪਿਆ। ਪੰਛੀਆਂ ਨੇ ਪਰੀ ਨੂੰ ਮੱਦਦ ਕਰਨ ਲਈ ਬੇਨਤੀ ਕੀਤੀ। ਪਰੀ ਨੇ ਆਪਣੀ ਜਾਦੂਈ ਛੜੀ ਨਾਲ ਸੱਪ ਨੂੰ ਫੜ ਕੇ ਇੱਕ ਪਟਾਰੀ 'ਚ ਬੰਦ ਕਰ ਦਿੱਤਾ। ਸੱਪ ਹੁਣ ਆਪਣੀ ਗ਼ਲਤੀ 'ਤੇ ਪਛਤਾ ਰਿਹਾ ਸੀ। ਉਸ ਨੇ ਆਪਣੀ ਗਲਤੀ ਲਈ ਮੁਆਫ਼ੀ ਮੰਗੀ ਅਤੇ ਸਾਰੇ ਪੰਛੀਆਂ ਅਤੇ ਸੁੰਦਰ ਪਰੀ ਨਾਲ ਵਾਅਦਾ ਕੀਤਾ ਕਿ ਹੁਣ ਪੰਛੀਆਂ ਦੇ ਆਲ੍ਹਣਿਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਏਗਾ। ਪੰਛੀਆਂ ਅਤੇ ਪਰੀ ਨੂੰ ਸੱਪ 'ਤੇ ਤਰਸ ਆ ਗਿਆ। ਪਰੀ ਨੇ ਸੱਪ ਨੂੰ ਆਜ਼ਾਦ ਕਰ ਦਿੱਤਾ। ਸੱਪ ਵੀ ਪੰਛੀਆਂ ਦੇ ਆਲ੍ਹਣੇ ਤੋਂ ਦੂਰ ਜੰਗਲ ਵੱਲ ਚਲਾ ਗਿਆ। ਸਾਰੇ ਪੰਛੀਆਂ ਨੇ ਉਸ ਸੁੰਦਰ ਤੇ ਪਰਉਪਕਾਰੀ ਪਰੀ ਦਾ ਦਿਲੋਂ ਧੰਨਵਾਦ ਕੀਤਾ। ਹੁਣ ਪੰਛੀ ਪਹਿਲਾਂ ਵਾਂਗ ਖੁਸ਼ੀ - ਖੁਸ਼ੀ ਰਹਿਣ ਲੱਗ ਪਏ। ਸੁੰਦਰ ਪਰੀ ਵੀ ਆਪਣੀ ਮੰਜ਼ਿਲ ਵੱਲ ਉੱਡ ਗਈ।



**ਸਿੱਖਿਆ :- ਪਿਆਰੇ ਬੱਚਿਓ ! ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਦੂਸਰਿਆਂ ਦਾ ਨੁਕਸਾਨ ਕਦੇ ਨਹੀਂ ਕਰਨਾ ਚਾਹੀਦਾ ਅਤੇ ਦੀਨ - ਦੁਖੀਆਂ ਦੀ ਹਮੇਸ਼ਾ ਮਦਦ ਕਰਨੀ ਚਾਹੀਦੀ ਹੈ।**

## ਰਸਤਾ ਲੱਭੋ



## ਬਿੰਦੂ ਮਿਲਾਓ



*ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?*



# ਰੇਡੀਓ ਬਾਰੇ ਜਾਣਕਾਰੀ

ਲਿਖਤ : ਲਖਵੀਰ ਸਿੰਘ ਭੱਟੀ



ਬੱਚਿਓ, ਰੇਡੀਓ ਮਨੋਰੰਜਨ ਦਾ ਇਕ ਬਹੁਤ ਹੀ ਸਸਤਾ ਅਤੇ ਵਧੀਆ ਸਾਧਨ ਹੈ, ਜਿਸ ਨੂੰ ਅਸੀਂ ਆਪਣੇ ਨਾਲ ਕਿਤੇ ਵੀ ਲੈ ਕੇ ਜਾ ਸਕਦੇ ਹਾਂ । ਇਸ ਤੋਂ ਸਾਨੂੰ ਸੰਸਾਰ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ ।

ਮਾਰਕੋਨੀ ਨੂੰ ਰੇਡੀਓ ਦਾ ਜਨਮਦਾਤਾ ਮੰਨਿਆ ਜਾਂਦਾ ਹੈ । ਉਹ ਇਕ ਇਟਲੀ ਇੰਜੀਨੀਅਰ ਸੀ । ਇਸ ਦਾ ਜਨਮ 1874 ਈ: ਵਿਚ ਹੋਇਆ । ਉਸ ਨੇ ਤਰੰਗਾਂ ਨੂੰ ਦੂਰ-ਦੂਰ ਭੇਜਣ ਦਾ ਤਰੀਕਾ ਇਜਾਦ ਕੀਤਾ, ਜਦੋਂ ਉਸ ਦੀ ਉਮਰ 20 ਸਾਲ ਤੋਂ ਘੱਟ ਸੀ । ਉਹ ਆਪਣੇ ਮਕਾਨ ਦੀ ਛੱਤ ਤੋਂ ਹੀ ਤਰ੍ਹਾਂ-ਤਰ੍ਹਾਂ ਦੇ ਤਜਰਬੇ ਕਰਦਾ ਹੁੰਦਾ ਸੀ । ਸੰਨ 1901 ਵਿਚ ਉਹ ਆਪਣਾ ਰੇਡੀਓ ਸਿਗਨਲ ਐਟਲਾਂਟਿਕਾ ਦੇ ਪਾਰ ਭੇਜਣ ਵਿਚ ਸਫਲ ਰਿਹਾ । ਇਸ ਮਹਾਨ ਇੰਜੀਨੀਅਰ ਦੀ 1937 ਵਿਚ ਮੌਤ ਹੋ ਗਈ ।

ਰੇਡੀਓ ਕਿਵੇਂ ਕੰਮ ਕਰਦਾ ਹੈ : ਬੱਚਿਓ, ਜਦੋਂ ਅਸੀਂ ਰੇਡੀਓ ਚਲਾਉਂਦੇ ਹਾਂ ਤਾਂ ਰੇਡੀਓ ਆਵਾਜ਼ ਨੂੰ ਬਿਜਲਈ ਤਰੰਗਾਂ ਵਿਚ ਬਦਲ ਦਿੰਦਾ ਹੈ । ਇਹ ਬਿਜਲਈ ਤਰੰਗਾਂ ਆਪਣੇ-ਆਪ ਨੂੰ ਰੇਡੀਓ ਤਰੰਗਾਂ ਵਿਚ ਤਬਦੀਲ ਕਰ ਲੈਂਦੀਆਂ ਹਨ । ਇਹ ਰੇਡੀਓ ਤਰੰਗਾਂ ਹਜ਼ਾਰਾਂ ਦੀ ਗਿਣਤੀ ਵਿਚ ਵਾਯੂਮੰਡਲ ਵਿਚ ਮੌਜੂਦ ਹੁੰਦੀਆਂ ਹਨ ਪਰ ਰੇਡੀਓ ਉਹੀ ਤਰੰਗ ਨੂੰ ਪ੍ਰਵਾਨ ਕਰਦਾ ਹੈ, ਜਿਸ ਨੂੰ ਤੁਸੀਂ ਸੁਣਨਾ ਚਾਹੁੰਦੇ ਹੋ । ਇਹ ਸਭ ਕੁਝ ਟਰਾਂਸਮੀਟਰ ਜਿਸ ਨੂੰ 'ਮੋਡੂਲੇਟਰ' ਕਹਿੰਦੇ ਹਨ, ਰਾਹੀਂ ਸੰਭਵ ਹੁੰਦਾ ਹੈ । ਜਦੋਂ ਇਹ ਤਰੰਗਾਂ ਰੇਡੀਓ ਵਿਚ ਵਾਪਸ ਆਉਂਦੀਆਂ ਹਨ ਤਾਂ ਰੇਡੀਓ ਇਨ੍ਹਾਂ ਨੂੰ ਆਵਾਜ਼ ਵਿਚ ਤਬਦੀਲ ਕਰ ਦਿੰਦਾ ਹੈ ਜੋ ਸਾਡੇ ਤੱਕ ਪਹੁੰਚਦੀ ਹੈ ।

# ਬੁਝਾਰਤਾਂ



1. ਇਕ ਗਜ਼ ਕੱਪੜਾ ਬਾਰ੍ਹਾਂ ਪੱਟ, ਕਲੀਆਂ ਪਾਈਆਂ ਤਿੰਨ ਸੌ ਸੱਠ ।
2. ਵੱਡੀ ਬਹੂ ਨੇ ਕੁਤਰਾ ਕੀਤਾ, ਛੋਟੀ ਬਹੂ ਨੇ 'ਕੱਠਾ ਕੀਤਾ ।
   ਵਾਹ ਨੀ ਨਿੱਕੀਏ, ਤੂੰ ਬੜਾ ਕੰਮ ਕੀਤਾ ।
3. ਸੁੱਕਾ ਢੀਂਗਰ, ਆਂਡੇ ਦੇਵੇ ।
4. ਦੋ ਕਬੂਤਰ ਲੜਦੇ ਜਾਂਦੇ, ਵੱਢ-ਵੱਢ ਡੱਕਰੇ ਕਰਦੇ ਜਾਂਦੇ ।
5. ਥੜ੍ਹੇ ਉੱਤੇ ਥੜ੍ਹਾ, ਉੱਤੇ ਲਾਲ ਕਬੂਤਰ ਖੜ੍ਹਾ ।
6. ਮੁੱਲ ਲਿਆ ਤੈਨੂੰ ਕੁੜੇ, ਬਣਾਇਆ ਤੈਨੂੰ ਧੀ ਕੁੜੇ । ਖਾਂਦੀ-ਪੀਂਦੀ ਨਿਕਲ ਗਈ ਏਂ, ਹੋਇਆ ਤੈਨੂੰ ਕੀ ਕੁੜੇ ।
7. ਆਪਣੀ ਰੰਨ ਨੂੰ ਮਾਰਦਾ, ਦੂਜਿਆਂ ਦਾ ਕੰਮ ਸਾਰਦਾ ।
8. ਜਿਸ ਘਰ ਜਾਂਦੀ, ਲੱਕੜੀ ਖਾਂਦੀ ।
9. ਨਿੱਕੀ ਅੱਖ ਲੰਬੀ ਗਰਦਨ, ਅਜਬ ਢੰਗ ਦਾ ਮੁਰਗਾ ।
   ਪਿੱਠ ਆਪਣੀ ਚੁੱਕ ਕੇ, ਦੋ ਲੱਤੀ ਤੁਰਦਾ ।
10. ਪਹਾੜੋਂ ਆਏ ਰੋੜੇ, ਆਉਂਦਿਆਂ ਦੇ ਸਿਰ ਤੋੜੇ ।

ਉੱਤਰ : (1) ਇਕ ਸਾਲ, ਬਾਰ੍ਹਾਂ ਮਹੀਨੇ, ਤਿੰਨ ਸੌ ਸੱਠ ਦਿਨ, (2) ਕੈਂਚੀ ਤੇ ਸੂਈ, (3) ਚਰਖਾ, (4) ਟੋਕਾ ਮਸ਼ੀਨ ਦੇ ਗੰਡਾਸੇ, (5) ਲੈਟਰ ਬਾਕਸ, (6) ਕੜਛੀ, (7) ਉੱਖਲੀ-ਮੋਹਲਾ, (8) ਆਰੀ, (9) ਸ਼ੁਤਰ ਮੁਰਗ, (10) ਅਖਰੋਟ ।

# ਸਦਾ ਬਹਾਰ ਚੋਣਾਂ: ਸਿਰਫ਼ ਇੱਕ ਸਿਆਸੀ ਖੇਡ

ਗੁਰਮੀਤ ਸਿੰਘ ਪਲਾਹੀ
98158-02070

ਸਵਾਲਾਂ ਦਾ ਸਵਾਲ ਅਤੇ ਅੰਤਿਮ ਸਵਾਲ ਇਕੋ ਕਿ ਕੀ ਲਗਾਤਾਰ ਚੋਣਾਂ ਦਾ ਪ੍ਰਚਾਰ ਲੋਕਤੰਤਰ ਨੂੰ ਮਜ਼ਬੂਤ ਕਰਦਾ ਹੈ? ਪੱਛਮੀ ਬੰਗਾਲ ਚੋਣਾਂ ਦੇ ਨਤੀਜੇ ਆਏ ਵੀ ਨਹੀਂ ਕਿ ਪੰਜਾਬ, ਉੱਤਰ ਪ੍ਰਦੇਸ਼ ਦਾ ਚੋਣ ਮੈਦਾਨ ਭੱਖ ਗਿਆ ਹੈ। ਪੰਜਾਬ ਅਤੇ ਉੱਤਰ ਪ੍ਰਦੇਸ਼ 'ਚ ਚੋਣਾਂ 2027 'ਚ ਹੋਣੀਆਂ ਹਨ, ਪਰ ਜਨਤਾ ਨੂੰ ਚੋਣ ਵਾਇਦੇ ਅਤੇ ਇਰਾਦੇ ਹੁਣੇ ਹੀ ਸੁਣਾਈ ਦੇਣ ਲੱਗੇ ਹਨ। ਪੰਜਾਬ ਦਾ ਮਾਹੌਲ ਇੰਨੀ ਤੇਜ਼ੀ ਨਾਲ ਬਦਲ ਰਿਹਾ ਹੈ ਕਿ ਕੁਝ ਸਮਝਣਾ ਔਖਾ ਹੈ। ਭਾਜਪਾ ਦੀ ਰਣਨੀਤੀ ਨੇ ਚੋਣਾਂ ਨੂੰ ਬਾਰਾਂਮਾਸੀ ਪ੍ਰਕਿਰਿਆ ਬਣਾ ਦਿੱਤਾ ਹੈ। ਇੱਕ ਸੂਬੇ ਦੇ ਨਤੀਜੇ ਆਉਣ ਤੋਂ ਪਹਿਲਾਂ ਇਹ ਪੂਰਾ ਭਾਜਪਾ ਚੋਣ ਮਾਮਲਾ ਦੂਜੇ ਸੂਬੇ ਵੱਲ ਕੂਚ ਕਰ ਜਾਂਦਾ ਹੈ। ਇੱਥੇ ਹੀ ਬੱਸ ਨਹੀਂ ਹਰ ਨੀਤੀਗਤ ਫ਼ੈਸਲੇ ਉੱਤੇ ਚੋਣ ਸਮੀਕਰਨ ਭਾਰੀ ਰਹਿੰਦੀ ਹੈ। ਕੇਂਦਰੀ ਮੰਤਰੀਆਂ ਦਾ ਜੱਥਾ ਕਿਸੇ ਨਾ ਕਿਸੇ ਸੂਬੇ ਵਿਚ ਚੋਣ ਤਿਆਰੀ ਲਈ ਡੇਰਾ ਲਾਈ ਰੱਖਦਾ ਹੈ। ਕੋਈ ਵੀ ਯੋਜਨਾ ਹੋਵੇ, ਕੋਈ ਵੀ ਸਕੀਮ ਹੋਵੇ, ਉਸ ਦੇ ਉਦਘਾਟਨ ਨੂੰ ਚੋਣ ਰੈਲੀ 'ਚ ਬਦਲ ਦਿੱਤਾ ਜਾਂਦਾ ਹੈ। ਅਸਲ 'ਚ ਭਾਜਪਾ ਦੀ ਟੀਮ ਇੱਕ ਚੋਣ ਮਸ਼ੀਨਰੀ ਦੀ ਤਰ੍ਹਾਂ ਕੰਮ ਕਰਦੀ ਦਿਖਦੀ ਹੈ ।

ਆਓ, ਭਾਜਪਾ ਦੀ ਚੋਣ ਮਸ਼ੀਨਰੀ ਨੂੰ ਸਮਝੀਏ। ਉਸ ਤੋਂ ਵੀ ਪਹਿਲਾਂ ਭਾਜਪਾ ਦੀ ਮੈਂਬਰਸ਼ਿਪ ਨੂੰ ਵਾਚੀਏ। ਸਤੰਬਰ 2024 ਵਿਚ ਇਕ ਦਿਨ ਵਿਚ ਹੀ ਭਾਜਪਾ ਨੂੰ 47 ਲੱਖ ਮੈਂਬਰਸ਼ਿਪ ਕਰ ਲਈ। ਪਹਿਲੇ ਪੜਾਅ ਵਿਚ 6 ਕਰੋੜ ਅਤੇ ਕੁੱਲ 10 ਕਰੋੜ ਤੋਂ ਜਿਆਦਾ ਮੈਂਬਰਸ਼ਿਪ ਦਾ ਮੀਲ ਪੱਥਰ ਭਾਜਪਾ ਨੇ ਪ੍ਰਾਪਤ ਕੀਤਾ। ਸਿੱਟਾ ਸਾਲ 2014, ਸਾਲ 2019 ਅਤੇ ਫਿਰ 2024 ਵਿਚ ਭਾਜਪਾ-ਰਾਜਗ ਨੇ ਬਹੁਮਤ ਹਾਸਲ ਕੀਤਾ, ਹਾਲਾਂਕਿ 2024 'ਚ ਉਹ 240 ਸੀਟਾਂ ਲੈ ਜਾ ਸਕੀ ਤੇ ਉਸਦੀ ਗਠਬੰਧਨ 'ਤੇ ਨਿਰਭਰਤਾ ਵੱਧ ਗਈ। 2014 ਦੇ ਬਾਅਦ ਭਾਰਤ ਦੀ ਸਿਆਸਤ ਪੂਰੀ ਤਰ੍ਹਾਂ ਬਦਲ ਗਈ ਹੈ। ਜਾਂ ਬਦਲ ਦਿੱਤੀ ਗਈ ਹੈ। ਨਰਿੰਦਰ ਮੋਦੀ ਦੀ ਚੋਣ ਜਿੱਤਣ ਲਈ ਸਿਟੀਜਨ ਫਾਰ ਅਕਾਊਂਟੇਬਲ ਗਵਰਨੈਂਸ (ਸੀ.ਏ.ਜੀ.) ਜਿਹੀ ਭਾਜਪਾ ਸੰਸਥਾ ਨੇ ਕੰਮ ਕੀਤਾ। ਚੋਣ ਰੈਲੀਆਂ ਦੀ ਮਨਜ਼ੂਰੀ ਤੋਂ ਲੈ ਕੇ, ਉਮੀਦਵਾਰਾਂ ਦੀ ਚੋਣ ਤੱਕ ਦਾ ਕੰਮ ਇਹੋ ਸੰਸਥਾ ਕਰਦੀ ਰਹੀ। ਇਹ ਰਿਪੋਰਟ ਸੈਂਟਰ ਫਾਰ ਇੰਟਰਨੈਸ਼ਨਲ ਗਵਰਨੈਂਸ ਇੰਨੋਵੇਸ਼ਨ ਨੇ ਛਾਪੀ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਉੱਤਰ ਪ੍ਰਦੇਸ਼ ਵਿਚ ਭਾਜਪਾ ਦੀ ਆਈ.ਟੀ. ਟੀਮ ਦੇ 6 ਜ਼ੋਨ ਹਨ, 11 ਮੈਂਬਰਾਂ ਦੀ ਸੋਸ਼ਲ ਮੀਡੀਆ ਟੀਮ ਹੈ, ਜ਼ਿਲ੍ਹੇ ਵਿਚ 11, ਮੰਡਲ ਵਿਚ 5, ਵਾਰਡ ਵਿਚ ਦੋ ਅਤੇ ਹਰ ਬੂਥ ਉੱਤੇ ਪੰਜ ਸਰਗਰਮ ਮੈਂਬਰ ਹਨ। ਇਹ ਢਾਂਚਾ ਚੋਣਾਂ ਦੇ ਮਹੀਨਿਆਂ ਵਿਚ ਹੀ ਨਹੀਂ ਸਾਲ ਭਰ ਚੱਲਦਾ ਰਹਿੰਦਾ ਹੈ। ਇਹ ਗੱਲ ਸਮਝਣੀ ਔਖੀ ਨਹੀਂ ਹੈ ਕਿ ਇਸ ਪੂਰੀ ਮਸ਼ੀਨਰੀ ਪਿੱਛੇ ਤਾਕਤ ਆਰ.ਐਸ.ਐਸ. ਦੀ ਹੈ। ਬਰਟਾਨਿਕਾ ਖੰਗਾਲੋ। ਆਰ.ਐਸ.ਐਸ. ਦੀਆਂ ਸ਼ਾਖਾਵਾਂ ਦੀ ਗਿਣਤੀ ਸਾਲ 2025 ਤੱਕ ਵੱਧ ਕੇ 80 ਹਜ਼ਾਰ ਹੋ ਗਈ। ਇੱਕ ਹੋਰ ਰਿਪੋਰਟ ਅਨੁਸਾਰ ਸਾਲ 2014 ਵਿਚ ਆਰ.ਐਸ.ਐਸ. ਦੀਆਂ ਸ਼ਾਖਾਵਾਂ (ਪ੍ਰਤੀ ਦਿਨ, ਹਫਤਾਵਾਰ ਅਤੇ ਮਹੀਨਾਵਾਰ) 44,982 ਸਨ ਜੋ ਮਾਰਚ 2025 ਤੱਕ ਵੱਧ ਕੇ 83,129 ਹੋ ਗਈਆਂ, ਜਿਨ੍ਹਾਂ ਦੀਆਂ ਮੀਟਿੰਗਾਂ 32,147 ਅਤੇ ਮੰਡਲੀਆਂ 12,091 ਬਣ ਗਈਆਂ। ਸਮਝ ਲਵੋ 10 ਸਾਲਾਂ ਵਿਚ ਲਗਭਗ ਦੁਗਣੀਆਂ। ਇਸ ਸਬੰਧੀ ਫੌਰਨ ਅਫੇਅਰਜ਼ ਦੀ ਇੱਕ ਰਿਪੋਰਟ ਅੱਖਾਂ ਖੋਲਣ ਵਾਲੀ ਹੈ ਕਿ ਸਾਲ 2024 ਵਿਚ ਲੋਕ ਸਭਾ ਚੋਣਾਂ ਤੋਂ ਬਾਅਦ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਪ੍ਰਚਾਰ ਮੁਹਿੰਮ ਵਿਚ ਸਭ ਤੋਂ ਅੱਗੇ ਆਰ.ਐਸ.ਐਸ. ਦਾ ਵਿਸ਼ਾਲ ਕਾਡਰ ਸੀ, ਜੋ ਵੋਟਰਾਂ ਦੇ ਘਰ-ਘਰ ਪਹੁੰਚਿਆ।

ਸਮਝਣਾ ਪਵੇਗਾ ਕਿ ਚੋਣ-ਦਰ-ਚੋਣ, ਹਰ ਵੇਲੇ ਚੋਣ ਸਰਕਾਰੀ ਕੰਮ 'ਚ ਰੁਕਾਵਟ ਬਣਦੀ ਹੈ। ਸਾਲ 2014 ਤੋਂ 2026 ਤੱਕ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ 36 ਤੋਂ ਜ਼ਿਆਦਾ ਚੋਣਾਂ ਹੋ ਚੁੱਕੀਆਂ ਹਨ। ਲਗਭਗ ਹਰ ਤਿਮਾਹੀ ਇੱਕ ਚੋਣ। ਹਰ ਵਾਰ ਆਦਰਸ਼ ਚੋਣ ਜਾਬਤਾ ਲੱਗਦਾ ਹੈ ਅਤੇ ਵਿਕਾਸ ਕਾਰਜ ਠੱਪ ਹੋ ਜਾਂਦੇ ਹਨ। ਸਰਕਾਰੀ ਘੋਸ਼ਨਾਵਾਂ ਵੀ ਬੰਦ ਹੋ ਜਾਂਦੀਆਂ ਹਨ।




ਅਸਲ ਵਿਚ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਜਿਹੜੀ ਲਕੀਰ, ਸ਼ਾਸਨ ਅਤੇ ਚੋਣ ਪ੍ਰਚਾਰ ਦਰਮਿਆਨ ਸੀ, ਕਿ ਉਹ ਮਿੱਟ ਤਾਂ ਨਹੀਂ ਗਈ? ਦੇਸ਼ ਦਾ ਪ੍ਰਧਾਨ ਮੰਤਰੀ ਹਰ ਵੇਲੇ ਚੋਣ ਮੂਡ ਵਿਚ ਰਹਿੰਦਾ। ਉਸਦੀ ਕੈਬਨਿਟ ਸ਼ਾਸਨ, ਪ੍ਰਸ਼ਾਸਨ ਨਾਲੋਂ ਵੱਧ ਚੋਣ ਮੁਹਿੰਮ 'ਚ ਜੁਟੀ ਰਹਿੰਦੀ ਹੈ। ਪੱਛਮੀ ਬੰਗਾਲ ਦੀ ਸਾਲ 2026 ਚੋਣ ਦੇ ਲਈ ਉੜੀਸਾ ਦੇ ਮੁੱਖ ਮੰਤਰੀ ਮੋਹਨ ਮਾਝੀ, ਕੈਬਨਟ ਮੰਤਰੀ ਅਤੇ ਵਿਧਾਇਕਾਂ ਦੀਆਂ ਟੋਲੀਆਂ ਬੂਥ ਪ੍ਰਬੰਧਨ ਲਈ ਕਲਕੱਤਾ ਪਹੁੰਚੀਆਂ। ਸਿੱਧਾ ਸਪਸ਼ਟ ਸੰਕੇਤ ਇਹ ਹੈ ਕਿ ਇੱਕ ਸੂਬੇ ਦੀ ਚੁਣੀ ਹੋਈ ਸਰਕਾਰ, ਦੂਜੇ ਸੂਬੇ ਵਿਚ ਚੋਣ ਲੜ ਰਹੀ ਹੈ। ਕਿਉਂਕਿ ਭਾਜਪਾ ਜਾਣਦੀ ਹੈ ਕਿ ਕੇਂਦਰ ਵਿਚ ਸੱਤਾ ਦੀ ਸਥਾਪਤੀ ਸੂਬਿਆਂ 'ਚ ਜਿੱਤ ਰਾਹੀਂ ਪ੍ਰਾਪਤ ਹੋ ਸਕਦੀ ਹੈ। ਸੂਬਿਆਂ ਵਿਚਲੀ ਜਿੱਤ ਰਾਜ ਸਭਾ ਵਿਚ ਤਾਕਤ ਵਧਾਉਂਦੀ ਹੈ, ਜੋ ਸੰਵਿਧਾਨਿਕ ਸੋਧਾਂ ਲਈ ਅਤਿਅੰਤ ਜ਼ਰੂਰੀ ਹੈ। ਇਸ ਲਈ ਭਾਜਪਾ ਲਈ ਹਰ ਵਿਧਾਨ ਸਭਾ ਚੋਣ ਰਾਸ਼ਟਰੀ ਉਦੇਸ਼ ਬਣ ਜਾਂਦਾ ਹੈ, ਜਿਸ ਲਈ ਭਾਜਪਾ ਚੋਣਾਂ 'ਚ ਅੱਡੀ ਚੋਟੀ ਦਾ ਜ਼ੋਰ ਲਾਉਂਦੀ ਹੈ। ਉੱਤਰ ਪ੍ਰਦੇਸ਼ ਵਿਧਾਨ ਸਭਾ ਦੀ ਚੋਣ 2027 ਵਿਚ ਹੈ। ਭਾਜਪਾ ਨੇ ਮੋਰਚਾਂ ਹੁਣੇ ਹੀ ਖੋਲ੍ਹ ਦਿੱਤਾ ਹੈ। ਪ੍ਰਧਾਨ ਮੰਤਰੀ ਵਾਰਾਣਸੀ ਦੌਰੇ 'ਤੇ ਗਏ ਹਨ। ਪੰਜਾਬ 'ਚ ਚੋਣ ਸਰਗਰਮੀਆਂ ਆਰੰਭ ਹੋ ਗਈਆਂ ਹਨ। ਭਾਜਪਾ ਦੇ ਉੱਚ ਅਧਿਕਾਰੀ ਕਾਨਫਰੰਸਾਂ ਕਰਨ ਲੱਗ ਪਏ ਹਨ। ਵਰਕਰਾਂ ਦੀਆਂ ਮੀਟਿੰਗਾਂ ਹੋ ਰਹੀਆਂ ਹਨ। ਪੰਜਾਬ ਚੋਣਾਂ ਤੋਂ ਪਹਿਲਾਂ ਸੱਤ ਰਾਜ ਸਭਾ ਮੈਂਬਰ ਈਡੀ ਅਤੇ ਹੋਰ ਏਜੰਸੀਆਂ ਦਾ ਡਰ ਪਾ ਕੇ ਆਪਣੇ ਨਾਲ ਜੋੜ ਲਏ ਹਨ। ਹੋਰ ਪਾਰਟੀਆਂ ਵਿਚੋਂ ਵੱਡੇ ਨੇਤਾ ਆਪਣੀ ਪਾਰਟੀ ਵਿਚ ਸ਼ਾਮਲ ਕੀਤੇ ਜਾਣ ਲਈ ਯਤਨ ਆਰੰਭੇ ਜਾ ਚੁੱਕੇ ਹਨ। ਇਥੋਂ ਤੱਕ ਕਿ ਸੋਸ਼ਲ ਮੀਡੀਆ, ਟੀ.ਵੀ.ਚੈਨਲਾਂ ਉੱਤੇ ਭਾਜਪਾ ਸਰਗਰਮੀ ਵਧਾ ਦਿੱਤੀ ਗਈ ਹੈ। ਵਿਕਾਸ ਯੋਜਨਾਵਾਂ ਦੇ ਨੀਹ ਪੱਥਰ ਰੱਖੇ ਜਾਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਨੂੰ ਬਦਨਾਮ ਕਰਨ ਲਈ ਸਰਗਰਮੀਆਂ ਸਿਖ਼ਰਾਂ 'ਤੇ ਹਨ । ਇਥੋਂ ਤੱਕ ਕਿ ਪਹਿਲੀ ਮਈ ਦੇ ਵਿਧਾਨ ਸਭਾ ਸੈਸ਼ਨ ਦੌਰਾਨ ਬਰਾਬਰ ਭਾਜਪਾ ਨੇ ਵਿਧਾਨ ਸਭਾ ਦੇ ਬਾਹਰ ਸੈਸ਼ਨ ਚਲਾਇਆ। ਸੂਬੇ 'ਚ ਬੇਰੁਜ਼ਗਾਰੀ, ਨਸ਼ਿਆਂ ਦੇ ਪ੍ਰਕੋਪ, ਕਾਨੂੰਨ ਵਿਵਸਥਾ ਸਬੰਧੀ ਵੱਡੇ ਸਵਾਲ ਚੁੱਕੇ।

ਲੋਕਤੰਤਰ ਵਿਚ ਚੋਣਾਂ ਹੁਣ ਮਿਸ਼ਨ ਨਹੀਂ ਰਿਹਾ। ਪਾਰਟੀਆਂ ਚੋਣਾਂ ਤੋਂ ਪਹਿਲਾਂ ਚੋਣ ਮੈਨੀਫੈਸਟੋ ਜਾਰੀ ਕਰਦੀਆਂ ਹਨ। ਲੋਕਾਂ ਦੇ ਵਿਹੜੇ ਜਾਂਦੀਆਂ ਸਨ, ਲੋਕਾਂ ਦੀ ਗੱਲ ਸੁਣਦੀਆਂ ਸਨ, ਪਰ ਹੁਣ ਭਾਜਪਾ ਨੇ ਚੋਣਾਂ ਨੂੰ ਇੱਕ ਮਸ਼ੀਨ ਬਣਾ ਦਿੱਤਾ ਹੈ ਅਤੇ ਵਿਰੋਧੀਆਂ ਨੂੰ ਚਿੱਤ ਕਰ ਸੁੱਟਿਆ ਹੈ, ਕਿਉਂਕਿ ਵਿਰੋਧੀਆਂ ਕੋਲ ਸਾਧਨ ਨਹੀਂ, ਸਮਾਨ ਨਹੀਂ ਅਤੇ ਉੱਪਰੋਂ ਇਹ ਕੇ ਵਿਰੋਧੀ ਧਿਰ ਬਿਖਰੀ ਪਈ ਹੈ।

ਭਾਜਪਾ ਆਪਣੀ ਚੋਣ ਮਸ਼ੀਨਰੀ ਰਾਹੀਂ ਡਾਟਾ ਇਕੱਠਾ ਕਰਦੀ ਹੈ, ਸੰਗਠਨ ਰਾਹੀਂ ਕੰਮ ਕਰਦੀ ਹੈ, ਚੋਣ ਜਿੱਤਣ ਲਈ ਰਣਨੀਤੀ ਬਣਾਉਂਦੀ ਹੈ। ਸੋਸ਼ਲ ਮੀਡੀਆ ਦੀ ਵਰਤੋਂ ਕਰਦੀ ਹੈ। ਚੋਣ ਮੈਨੇਜਮੈਂਟ ਕਰਦੀ ਹੈ। ਫੰਡ ਇਕੱਠੇ ਕਰਦੀ ਹੈ ਅਤੇ ਪੂਰੇ ਜੋਸ਼ ਨਾਲ ਜਿੱਤ ਵੱਲ ਵਧਦੀ ਹੈ ਅਤੇ ਇਸ ਕੰਮ ਲਈ ਸਾਮ, ਦਾਮ, ਦੰਡ ਦੀ ਵਰਤੋਂ ਕਰਨ ਤੋਂ ਗੁਰੇਜ਼ ਨਹੀਂ ਕਰਦੀ। ਉਂਝ ਵੀ ਭਾਜਪਾ ਦਾ ਕੰਮ ਕਰਨ ਦਾ ਤਰੀਕਾ ਚਾਣਕਿਆ ਵਾਲਾ ਹੈ। ਉਸਨੇ ਇਨ੍ਹਾਂ ਪੱਛਮੀ ਬੰਗਾਲ ਅਤੇ ਚਾਰ ਹੋਰ ਰਾਜਾਂ ਦੀਆਂ ਚੋਣਾਂ ਜਿੱਤਣ ਲਈ ਲੋਕ ਸਭਾ ਦਾ ਸਪੈਸ਼ਲ ਇਜਲਾਸ ਬੁਲਾਇਆ। ਪਰਸੀਮਨ (ਹਲਕਾਬੰਦੀ) ਮੱਤਾ ਪਾਸ ਕਰਵਾਉਣ ਲਈ ਨਾਰੀ ਸੰਸ਼ੋਧਨ ਬਿੱਲ ਪਾਰਲੀਮੈਂਟ 'ਚ ਲਿਆਉਣ ਦੀ ਚਾਲ ਚੱਲੀ। ਪਾਸ ਨਾ ਹੋਣ ਦੀ ਸੂਰਤ 'ਚ ਵਿਰੋਧੀ ਧਿਰ ਉੱਤੇ ਨਾਰੀ ਵਿਰੋਧੀ ਹੋਣ ਦਾ ਚੋਣ ਪ੍ਰਚਾਰ ਕੀਤਾ। ਹਾਲਾਂਕਿ ਪੱਛਮੀ ਬੰਗਾਲ ਵਿਚ ਨਾਰੀ ਮੁੱਖ ਮੰਤਰੀ ਹੈ ਅਤੇ ਭਾਜਪਾ ਦੀਆਂ 19 ਸੂਬਾ ਸਰਕਾਰਾਂ ਦੀ ਕੋਈ ਵੀ ਮੁੱਖ ਮੰਤਰੀ ਨਾਰੀ ਨਹੀਂ, ਹਾਂ ਅੱਧੀ-ਅਧੂਰੀ ਸਟੇਟ ਦਿੱਲੀ ਦੀ ਮੁੱਖ ਮੰਤਰੀ ਜ਼ਰੂਰ ਨਾਰੀ ਬਣਾਈ ਹੋਈ ਹੈ। ਇਨ੍ਹਾਂ ਚੋਣਾਂ ਦੌਰਾਨ 'ਇੱਕ ਦੇਸ਼ ਇਕ ਚੋਣ' ਖੇਡਣ ਦਾ ਭਾਜਪਾ ਯਤਨ ਕਰ ਰਹੀ ਹੈ। ਹਾਲਾਂਕਿ ਮਨ ਤੋਂ ਭਾਜਪਾ ਕਦੇ ਵੀ ਇਸ ਬਿੱਲ ਨੂੰ ਪਾਸ ਨਹੀਂ ਹੋਣ ਦੇਵੇਗੀ, ਜਿਸ ਨੂੰ ਪਾਸ ਕਰਵਾਉਣ ਲਈ ਦੋ ਤਿਹਾਈ ਬਹੁਮਤ ਚਾਹੀਦਾ ਹੈ, ਕਿਉਂਕਿ ਭਾਜਪਾ ਨੂੰ ਨਿੱਤ ਚੋਣ ਸੰਗਰਾਮ ਲੋੜੀਂਦਾ ਹੈ, ਜਿਸ ਨਾਲ ਉਹ ਲੋਕਾਂ ਨੂੰ ਗੁਮਰਾਹ ਕਰਕੇ ਆਪਣੇ ਨੀਤੀਗਤ ਫ਼ੈਸਲੇ, ਜਿਸ ਵਿਚ ਭਾਰਤੀ ਸੰਵਿਧਾਨ ਨੂੰ ਮੁੜ ਲਿਖੇ ਜਾਣ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਨੂੰ ਲਾਗੂ ਕਰਨਾ ਸ਼ਾਮਿਲ ਹੈ, ਵੱਲ ਲੋਕਾਂ ਦਾ ਧਿਆਨ ਖਿੱਚਦੀ ਰਹੇ। ਜੇਕਰ ਸੱਚਮੁੱਚ ਇਹ ਸੋਧ, ਜਿਸ ਵਿਚ ਲੋਕ ਸਭਾ, ਵਿਧਾਨ ਸਭਾ ਦੀਆਂ ਚੋਣਾਂ ਇੱਕੋ ਵੇਲੇ ਕਰਨਾ ਅਤੇ ਉਸਦੇ 100 ਦਿਨਾਂ ਦੇ ਅੰਦਰ ਪੰਚਾਇਤਾਂ ਅਤੇ ਨਗਰਪਾਲਿਕਾ ਦੀਆਂ ਚੋਣਾਂ ਕਰਵਾਉਣਾ ਸ਼ਾਮਿਲ ਹੈ, ਤਾਂ ਉਹ ਮਾਮਲੇ ਨੂੰ ਲਟਕਾਉਂਦੀ ਨਾ। ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਮਾਰਚ 2024 ਵਿਚ ਇਸ ਸਬੰਧੀ ਇੱਕ ਰਿਪੋਰਟ ਪੇਸ਼ ਕੀਤੀ ਅਤੇ ਸੰਵਿਧਾਨ ਦੀ ਧਾਰਾ 82 -ਏ ਅਤੇ 324- ਏ ਵਿਚ ਤਰਮੀਮ ਦਾ ਸੁਝਾਅ ਦਿੱਤਾ। ਪਰ ਇਹ ਸੁਝਾਅ ਹਾਲੇ ਤੱਕ ਪਰਵਾਨ ਨਹੀਂ ਹੋਇਆ ਕਿਉਂਕਿ ਇਹ ਭਾਜਪਾ ਨੂੰ ਰਾਸ ਨਹੀਂ ਆਉਂਦਾ। ਜਦਕਿ ਵਿਰੋਧੀ ਧਿਰ ਕਾਂਗਰਸ ਇਸ ਨੂੰ ਕੇਂਦਰੀਕਰਨ ਦੀ ਰਣਨੀਤੀ ਦੱਸਦੀ ਹੈ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਲਗਾਤਾਰ ਚੋਣ ਪ੍ਰਚਾਰ ਅਤੇ ਉਹ ਵੀ ਹਰ ਦਿਨ-ਹਰ ਰਾਤ, ਹਰ ਮਹੀਨੇ ਲਗਾਤਾਰ ਲੋਕ ਹਿੱਤ ਜਾਂ ਦੇਸ਼ ਹਿੱਤ ਵਿਚ ਹੈ?

ਕੀ ਇਹ ਲਗਾਤਾਰ ਸਦਾ ਬਹਾਰ ਚੋਣ ਮੌਸਮ ਲੋਕਤੰਤਰ ਦੀਆਂ ਜੜ੍ਹਾਂ 'ਚ ਤੇਲ ਨਹੀਂ ਦਿੰਦਾ ਹੈ? ਮੰਤਰੀ ਦੌਰੇ 'ਤੇ ਰਹਿੰਦੇ ਹਨ, ਨੀਤੀਆਂ ਬਣਦੀਆਂ ਨਹੀਂ ਜਾਂ ਬਣੀਆ ਨੀਤੀਆਂ ਲਾਗੂ ਨਹੀਂ ਹੁੰਦੀਆਂ। ਇਸ ਦੀ ਕੀਮਤ ਆਮ ਲੋਕਾਂ ਨੂੰ ਤਾਰਨੀ ਪੈਂਦੀ ਹੈ। ਦੂਜੀ ਕੀਮਤ ਵਿਰੋਧੀ ਧਿਰਾਂ ਦੇ ਲੋਕਾਂ ਨੂੰ ਤਾਰਨੀ ਪੈਂਦੀ, ਜਿਸ ਦੇ ਨੇਤਾਵਾਂ ਵਿਰੁੱਧ ਹਾਕਮ ਧਿਰ ਲਗਾਤਾਰ ਈ.ਡੀ ਅਤੇ ਹੋਰ ਏਜੰਸੀਆਂ ਤੋਂ ਮੁਕੱਦਮੇ ਦਰਜ ਕਰਵਾਉਂਦੀ ਹੈ। 2014 ਤੋਂ 2025 ਦੇ ਦਰਮਿਆਨ ਈ.ਡੀ. ਨੇ 121 ਨੇਤਾਵਾਂ ਵਿਰੁੱਧ ਜਾਂਚ ਕੀਤੀ, ਇਨ੍ਹਾਂ ਵਿਚੋਂ ਸਿਰਫ਼ 11 ਹੀ ਸੱਤਾਧਾਰੀ ਧਿਰਾਂ ਦੇ ਸਨ। ਇੱਥੇ ਇਹ ਗੱਲ ਵੀ ਕਰਨੀ ਬਣਦੀ ਹੈ ਕਿ 2017 ਵਿਚ ਜੋ ਚੋਣ ਬਾਂਡ ਜਾਰੀ ਕੀਤੇ ਗਏ, ਉਸ ਵਿਚ ਭਾਜਪਾ ਨੂੰ ਸਭ ਤੋਂ ਵੱਧ ਫੰਡ ਮਿਲਿਆ। ਫਰਵਰੀ 2024 ਵਿਚ ਸੁਪਰੀਮ ਕੋਰਟ ਨੇ ਇਸ ਨੂੰ ਗ਼ੈਰ-ਸੰਵਿਧਾਨਿਕ ਕਿਹਾ। ਪਰ ਇਹ ਗੱਲ ਸਪੱਸ਼ਟ ਹੋਈ ਕਿ ਕੰਪਨੀਆਂ ਨੇ ਜੋ ਚੰਦੇ ਭਾਜਪਾ ਨੂੰ ਦਿੱਤੇ, ਉਸ ਦਾ ਨੀਤੀਗਤ ਫ਼ਾਇਦਾ ਵੀ ਇਨ੍ਹਾਂ ਕੰਪਨੀਆਂ ਨੇ ਹੀ ਚੁੱਕਿਆ। ਭਾਰਤ ਦੀ ਭਾਜਪਾ ਹੀ ਨਹੀਂ, ਸੂਬੇ ਵਿਚਲੀਆਂ ਵਿਰੋਧੀ ਧਿਰਾਂ (ਜਿੱਥੇ ਉਹ ਹਾਕਮ ਹਨ) ਵੀ ਇਸੇ ਰਾਹ ਉੱਤੇ ਹਨ, ਭਾਵ ਜਿੱਥੇ ਉਨ੍ਹਾਂ ਦੀਆਂ ਸਰਕਾਰਾਂ ਕਾਬਜ਼ ਹਨ। ਪੰਜਾਬ ਇਸ ਦੀ ਉਦਾਹਰਨ ਹੈ। ਜੇਕਰ ਤੁਲਨਾਤਮਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਵੇ ਤਾਂ ਬਰਤਾਨੀਆ 'ਚ ਸਿਰਫ਼ 25 ਦਿਨ, ਜਪਾਨ 'ਚ 12 ਦਿਨ, ਕੈਨੇਡਾ 'ਚ ਵੱਧ ਤੋਂ ਵੱਧ 78 ਦਿਨ ਅਤੇ ਮੈਕਸੀਕੋ ਵਿਚ 147 ਦਿਨਾਂ ਦੀ ਚੋਣ ਪ੍ਰਚਾਰ ਕਾਨੂੰਨੀ ਸੀਮਾ ਹੈ। ਬਾਕੀ ਸਮਾਂ ਸਾਸ਼ਨ ਕਰਨ ਲਈ ਹੈ। ਪਰ ਭਾਰਤ 'ਚ ਤਾਂ ਕੋਈ ਸੀਮਾ ਹੀ ਨਹੀਂ ਹੈ, ਇਸ ਲਈ ਮੌਸਮੀ, ਬੇ-ਮੌਸਮੀ ਚੋਣ ਪ੍ਰਚਾਰ ਨਿਰੰਤਰ ਜਾਰੀ ਰਹਿੰਦਾ ਹੈ।

ਭਾਰਤ ਵਿਚ ਸਿਆਸੀ ਆਦਰਸ਼ ਦਾ ਪਤਨ ਇੱਕ ਸਥਾਪਿਤ ਪ੍ਰਵਿਰਤੀ ਬਣ ਚੁੱਕਾ ਹੈ, ਜਿਸ ਵਿਚ ਚੋਣਾਂ ਤੇ ਕੇਂਦਰੀ ਸਿਆਸਤ ਅਤੇ ਸਾਸ਼ਨ ਦੇ ਵਿਚਲਾ ਸੰਤੁਲਨ ਇੱਕ ਵੱਡਾ ਕਾਰਨ ਹੈ।

ਭਾਵੇਂ ਭਾਰਤ ਹੀ ਇਹੋ ਜਿਹਾ ਇੱਕ ਦੇਸ਼ ਨਹੀਂ ਹੈ, ਜਿੱਥੇ 12 ਮਹੀਨੇ ਚੋਣ ਮੌਸਮ ਰਹਿੰਦਾ ਹੈ, 2024 ਵਿਚ ਅਮਰੀਕਾ ਦੇ ਰਾਸ਼ਟਰਪਤੀ ਡੋਨਰਡ ਟਰੰਪ ਚੋਣਾਂ ਤੋਂ 721 ਦਿਨ ਪਹਿਲਾਂ ਅਤੇ ਜੋਅ ਬਾਇਡਨ ਨੇ 560 ਦਿਨ ਪਹਿਲਾਂ ਚੋਣ ਪ੍ਰਚਾਰ ਆਰੰਭਿਆ। ਅਮਰੀਕਾ ਵਿਚ ਇਸ ਪਰਿਵਰਤੀ ਨੇ ਰਿਪਬਲੀਕਨ ਪ੍ਰਣਾਲੀ ਅਰਥਾਤ ਪ੍ਰਤੀਨਿਧਤਵ ਅਧਾਰਤ ਸਾਸ਼ਨ ਨੂੰ ਤੋੜ ਦਿੱਤਾ ਹੈ। ਇਹੀ ਖ਼ਤਰਾ ਹੁਣ ਭਾਰਤ ਵਿਚ ਹੈ। ਜਦੋਂ ਨੀਤੀਗਤ ਫ਼ੈਸਲਾ ਵੋਟ ਦੀ ਕਸੌਟੀ ਨਾਲ ਹੀ ਤੋਲਿਆ ਜਾਏਗਾ, ਜਦ ਹਰ ਮੰਤਰੀ ਦਾ ਦਿਮਾਗ ਅਗਲੀਆਂ ਚੋਣਾਂ ਵੱਲ ਹੀ ਰਹੇਗਾ ਤਾਂ ਨਾਗਰਿਕ ਅਤੇ ਉਸ ਦੇ ਨਾਲ ਜੁੜੇ ਸਰੋਕਾਰ, ਮੁੱਦੇ ਕੀ ਪਿੱਛੇ ਨਹੀਂ ਛੁੱਟ ਜਾਣਗੇ? ਲੋਕਤੰਤਰ ਵਿਚ ਚੋਣਾਂ ਇੱਕ ਸਾਧਨ ਹਨ, ਪਰ ਜਦੋਂ ਇਹ ਸਾਧਨ ਹੀ ਸਭ ਕੁਝ ਬਣ ਜਾਵੇ ਤਾਂ ਸਾਧ (ਲੋਕ ਭਲਾਈ) ਗੁਆਚ ਜਾਂਦਾ ਹੈ। ਜੇਕਰ ਚੋਣਾਂ ਦਾ ਮਕਸਦ ਸਿਰਫ਼ ਸੱਤਾ ਹਾਸਲ ਕਰਨਾ ਅਤੇ ਵਿਰੋਧੀਆਂ ਨੂੰ ਪਛਾੜਨਾ ਰਹਿ ਜਾਵੇ ਤਾਂ ਇਹ ਲੋਕਤੰਤਰ ਨਹੀਂ ਸਗੋਂ ਕੇਵਲ ਇੱਕ ਚੋਣਤੰਤਰ ਬਣ ਕੇ ਰਹਿ ਜਾਂਦਾ ਹੈ।



# ਨਾਰੀ ਸੰਸਾਰ





## ਬੱਚਿਆਂ ਵਿਚ ਮੁੱਢ ਤੋਂ ਹੀ ਪਾਓ ਚੰਗੀਆਂ ਆਦਤਾਂ

ਬੱਚਾ ਆਪਣੇ ਮਾਂ-ਬਾਪ, ਪਰਿਵਾਰ ਅਤੇ ਆਲੇ-ਦੁਆਲੇ ਤੋਂ ਮੇਸ਼ਾ ਹੀ ਸਿੱਖਦਾ ਰਹਿੰਦਾ ਹੈ, ਜੋ ਕੁਦਰਤ ਦਾ ਨਿਯਮ ਵੀ ਹੈ। ਉਹ ਗੇ-ਬੁਰੇ ਤੋਂ ਬੇਖਬਰ ਹੁੰਦਾ ਹੈ। ਜੋ ਵੀ ਦੇਖਦਾ ਹੈ, ਉਹੀ ਸਿੱਖਦਾ । ਇਥੇ ਮਾਂ ਜਾਂ ਬਾਪ ਹੋਣ ਦੇ ਨਾਤੇ ਸਾਡਾ ਪਹਿਲਾ ਫ਼ਰਜ਼ ਇਹੀ ਣਦਾ ਹੈ ਕਿ ਉਸ ਦੀ ਸਿੱਖਣ ਪ੍ਰਕਿਰਿਆ ਉੱਤੇ ਨਿਗਰਾਨੀ ਰੱਖੀ ਾਵੇ ਕਿ ਉਹ ਕੀ ਅਨੁਕਰਣ ਕਰਦਾ ਹੈ, ਜੇ ਸਹੀ ਹੈ ਤਾਂ ਸਿੱਖਣ ਦਓ, ਨਹੀਂ ਤਾਂ ਉਸ ਨੂੰ ਮੋੜੋ। ਸਾਨੂੰ ਕੁਝ ਵੀ ਵਾਧੂ ਨਹੀਂ ਸਖਾਉਣਾ ਚਾਹੀਦਾ, ਕਿਉਂਕਿ ਸਿੱਖਣ ਲਈ ਤਾਂ ਉਹ ਆਪ ਹੀ ਹੁਤ ਉਤਾਵਲਾ ਹੁੰਦਾ ਹੈ, ਸਾਡਾ ਫ਼ਰਜ਼ ਹੈ ਉਸ ਦੇ ਚੰਗੇ ਜਾਂ ਬੁਰੇ ਭਾਵਾਂ 'ਤੇ ਪਹਿਰਾ ਦੇਣਾ। ਜਦ ਉਹ ਥੋੜ੍ਹਾ ਜਿਹਾ ਪ੍ਰਪੱਕ ਹੋਣ ਗੇ ਤਾਂ ਸਾਨੂੰ ਉਸ ਵਿਚ ਚੰਗੀਆਂ ਆਦਤਾਂ ਵਿਕਸਿਤ ਕਰਨੀਆਂ ਾਹੀਦੀਆਂ ਹਨ। ਨਿੱਕਾ ਬੱਚਾ ਸਭ ਨੂੰ ਪਿਆਰਾ ਲਗਦਾ ਹੈ। ਉਸ ੀਆਂ ਗੱਲਾਂ ਵੀ ਸਭ ਨੂੰ ਮੋਂਹਦੀਆਂ ਹਨ ਪਰ ਕਈ ਵਾਰ ਜੇ ਬੱਚਾ ਈ ਮਾੜੀ ਗੱਲ ਜਾਂ ਹਰਕਤ ਵੀ ਕਰਦਾ ਹੈ ਜਾਂ ਗਲਤ ਸ਼ਰਾਰਤ ਰਦਾ ਹੈ ਤਾਂ ਅਸੀਂ ਉਸ ਨੂੰ ਦੇਖ ਕੇ ਹੱਸਦੇ ਹਾਂ, ਉਸ ਨੂੰ ਟੋਕਣ ੀ ਥਾਂ ਉਸ ਦੀਆਂ ਹਰਕਤਾਂ ਨੂੰ ਉਤਸ਼ਾਹਿਤ ਕਰਕੇ ਉਸ ਤੋਂ ਵਾਰ-ਾਰ ਉਹੀ ਨਕਲ ਕਰਾਉਂਦੇ ਹਾਂ ਪਰ ਅੱਗੇ ਜਾ ਕੇ ਉਸ ਦਾ ੰਜਾਮ ਗਲਤ ਨਿਕਲਦਾ ਹੈ।

ਬੱਚਾ ਜਦ ਸੁਰਤ ਸੰਭਾਲਦਾ ਹੈ, 2-3 ਵਰ੍ਹਿਆਂ ਦਾ ਹੁੰਦਾ ਤਾਂ ਸਾਨੂੰ ਉਸ ਦੀਆਂ ਆਦਤਾਂ ਦਾ ਬਰੀਕੀ ਨਾਲ ਨਿਰੀਖਣ ਰਕੇ ਇਹ ਅੰਦਾਜ਼ਾ ਲਗਾ ਲੈਣਾ ਚਾਹੀਦਾ ਹੈ ਕਿ ਉਹ ਸਹੀ ਪਾਸੇ ਾ ਰਿਹਾ ਹੈ ਜਾਂ ਗਲਤ। ਉਸ ਨੂੰ ਹਰ ਰੋਜ਼ ਕਦਮ-ਕਦਮ 'ਤੇ ਇਕ-ਕ ਕਰਕੇ ਕੋਈ ਵਧੀਆ ਆਦਤ ਤੇ ਸੰਸਕਾਰ ਸਿਖਾਇਆ ਜਾਵੇ, ਾਣ-ਪੀਣ ਦਾ, ਬੈਠਣ-ਉਠਣ ਦਾ, ਬੋਲਣ-ਚੱਲਣ ਦਾ ਢੰਗ ਧਿਆ ਜਾਵੇ। ਬੱਚੇ ਇਕਦਮ ਸਖਤੀ ਨਾਲ ਨਹੀਂ ਸਿੱਖਦੇ, ਬੱਚੇ ਕਲ ਕਰਕੇ ਸਿੱਖਦੇ ਹਨ। ਜਿਵੇਂ ਅਸੀਂ ਕਰਾਂਗੇ, ਉਵੇਂ ਹੀ ਉਹ ਸੱਖਦੇ ਹਨ, ਜਿਵੇਂ ਅਸੀਂ ਬੋਲਾਂਗੇ, ਉਠਾਂਗੇ, ਬੈਠਾਂਗੇ, ਖਾਵਾਂਗੇ, ਪੀਵਾਂਗੇ, ਦੂਜਿਆਂ ਨਾਲ ਵਿਚਰਾਂਗੇ, ਉਵੇਂ ਹੀ ਕਰਨਗੇ। ਇਸ ਲਈ ਸਾਨੂੰ ਖ਼ੁਦ ਨੂੰ ਉਨ੍ਹਾਂ ਦਾ ਸ਼ੀਸ਼ਾ ਬਣਨਾ ਪਵੇਗਾ। ਥੋੜ੍ਹਾ ਜਿਹਾ ਹੋਰ ਵੱਡਾ ਹੋਣ ਲਗਦਾ ਹੈ 4-5 ਕੁ ਵਰ੍ਹਿਆਂ ਦਾ, ਤਾਂ ਹੋਰ ਆਲੇ-ਦੁਆਲੇ ਨੂੰ ਸਵਾਰ ਕੇ ਰੱਖਣ ਦੀਆਂ ਆਦਤਾਂ ਪਾਓ, ਜਿਵੇਂ ਕਿ ਹਰ ਚੀਜ਼ ਟਿਕਾਣੇ 'ਤੇ ਰੱਖਣੀ, ਆਪਣੀਆਂ ਚੀਜ਼ਾਂ ਤੇ ਖਿਡੌਣਿਆਂ ਨੂੰ ਸੰਭਾਲ ਕੇ ਰੱਖਣਾ, ਕੁਝ ਵੀ ਖਾ ਕੇ ਬਰਤਨ ਜਾਂ ਲਿਫ਼ਾਫ਼ਾ ਵਗੈਰਾ ਉਥੇ ਹੀ ਨਹੀਂ ਸੁੱਟਣਾ, ਸਫ਼ਾਈ ਬਾਰੇ ਵੀ ਜਾਗਰੂਕ ਕਰਨਾ ਆਦਿ ਕਈ ਗੱਲਾਂ।

ਮੁੱਢ ਤੋਂ ਇਕ ਹੋਰ ਅਹਿਮ ਗਲਤ ਆਦਤ ਤੋਂ ਉਸ ਨੂੰ ਦੂਰ ਰੱਖਣਾ ਜੋ ਕਿ ਅੱਜ ਦੇ ਯੁੱਗ ਦੀ ਵੱਡੀ ਸਮੱਸਿਆ ਹੈ, ਉਹ ਹੈ 'ਮੋਬਾਈਲ ਫ਼ੋਨ'। ਕਈ ਵਾਰ ਅਸੀਂ ਖੇਡਣ ਦੇ ਤੌਰ 'ਤੇ ਬੱਚਿਆਂ ਨੂੰ ਫ਼ੋਨ ਦੇ ਦਿੰਦੇ ਹਾਂ ਤੇ ਬੱਚਿਆ ਨੂੰ ਵੀ ਬਹੁਤ ਜ਼ਬਰਦਸਤ ਚਸਕਾ ਲੱਗ ਜਾਂਦਾ ਹੈ ਕਿ ਫ਼ੋਨ ਤੋਂ ਬਿਨਾਂ ਨਾ ਖਾਣਾ, ਨਾ ਪੀਣਾ, ਨਾ ਕੋਈ ਹੋਰ ਕੰਮ ਦੇ ਆਖੇ ਲੱਗਣਾ। ਬਾਅਦ 'ਚ ਮਾਪਿਆਂ ਨੂੰ ਖ਼ੁਦ ਦੀ ਸਹੇੜੀ ਮੁਸੀਬਤ ਬਹੁਤ ਤੰਗ ਕਰਦੀ ਹੈ। ਇਸ ਲਈ ਕੋਸ਼ਿਸ਼ ਇਹੀ ਹੋਵੇ ਕਿ ਬੱਚਿਆਂ ਦੀ ਮੌਜੂਦਗੀ ਵਿਚ ਫ਼ੋਨ ਜਾਂ ਟੀ.ਵੀ. ਦੀ ਬਹੁਤ ਹੀ ਘੱਟ ਵਰਤੋਂ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਪਹੁੰਚ ਤੋਂ ਪਾਸੇ ਹੀ ਰੱਖਣਾ ਚਾਹੀਦਾ ਹੈ। ਦੂਜੀ ਵੱਡੀ ਮੁਸੀਬਤ ਹੈ ਅੱਜ ਦੇ ਸਮੇਂ ਵਿਚ 'ਜੰਕ ਫ਼ੂਡ, ਟਾਫ਼ੀਆਂ ਅਤੇ ਸਨੈਕਸ'। ਜੋ ਵੀ ਘਰ ਵਿਚ ਪੱਕਿਆ, ਉਹੀ ਖਵਾਓ ਤਾਂ ਜੋ ਉਨ੍ਹਾਂ ਦੇ ਮੂੰਹ ਨੂੰ ਸਾਰੇ ਭੋਜਨ ਲੱਗ ਜਾਣ ਤੇ ਬਾਹਰ ਦਾ ਖਾਣ ਦੀ ਉਨ੍ਹਾਂ ਵਿਚ ਲਾਲਸਾ ਨਾ ਵਧੇ। ਅਸੀਂ ਸ਼ਾਕ ਨਾਲ ਉਨ੍ਹਾਂ ਨੂੰ ਬਾਹਰੋਂ ਵੰਨ-ਸੁਵੰਨੀਆਂ ਚੀਜ਼ਾਂ ਲਿਆ ਕੇ ਪਰੋਸਦੇ ਹਾਂ। ਬਸ ਫ਼ਿਰ ਜੋ ਇਕ ਵਾਰ ਮੂੰਹ ਨੂੰ ਸਵਾਦ ਲੱਗ ਗਿਆ, ਉਸ ਤੋਂ ਖਹਿੜਾ ਛੁਡਾਉਣਾ ਨਾਮੁਮਕਿਨ ਹੈ ਤੇ ਘਰੇਲੂ ਭੋਜਨ ਤੋਂ ਬੱਚਾ ਮੂੰਹ ਮੋੜ ਲੈਂਦਾ ਹੈ ਤੇ ਇਸ ਗੱਲ ਦੇ ਜੋ ਸਰੀਰਕ ਤੇ ਬੌਧਿਕ ਨੁਕਸਾਨ ਹਨ, ਉਹ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਜੇ ਇਨ੍ਹਾਂ ਚੀਜ਼ਾਂ ਤੋਂ ਬੱਚਾ ਵਾਕਿਫ਼ ਨਹੀਂ, ਅਸੀਂ ਉਹਨੂੰ ਵਾਕਿਫ਼ ਕਿਉਂ ਕਰਾਉਂਦੇ ਹਾਂ?

ਬਾਕੀ ਰਹੀ ਗੱਲ ਆਦਤਾਂ ਅਤੇ ਸੰਸਕਾਰਾਂ ਦੀ ਤਾਂ ਇਹ ਸਾਡੀ ਪਲ-ਪਲ ਦੀ ਮਿਹਨਤ ਹੁੰਦੀ ਹੈ, ਅਸੀਂ ਬੱਚੇ ਦੀ ਕੋਈ ਵੀ ਚੰਗੀ-ਬੁਰੀ ਗੱਲ ਨਜ਼ਰਅੰਦਾਜ਼ ਨਹੀਂ ਕਰ ਸਕਦੇ, ਕਿਉਂਕਿ ਜੋ ਆਦਤ ਇਕ ਵਾਰ ਪੱਕ ਗਈ, ਉਸ ਨੂੰ ਬਦਲਣਾ ਬਹੁਤ ਮੁਸ਼ਕਿਲ ਹੈ, ਜਿਸ ਨਾਲ ਬੱਚੇ ਨੂੰ ਵੀ ਕਈ ਵਾਰ ਕੁੱਟ ਜਾਂ ਝਿੜਕਾਂ ਪੈਂਦੀਆਂ ਹਨ, ਜਿਸ ਨਾਲ ਉਹ ਹੋਰ ਬਾਗ਼ੀ ਹੋ ਜਾਂਦਾ ਹੈ ਤੇ ਅਸੀਂ ਵੀ ਪ੍ਰੇਸ਼ਾਨ ਹੁੰਦੇ ਹਾਂ। ਸੋ ਕੁਦਰਤ ਦੇ ਨਿਯਮਾਂ ਅਨੁਸਾਰ ਚਲਦੇ ਹੋਏ ਮਸ਼ੀਨੀ ਯੁੱਗ ਵਿਚੋਂ ਨਿਕਲ ਕੇ ਬੱਚੇ ਨੂੰ ਕੁਦਰਤੀ ਰੂਪ ਵਿਚ ਸਿਖਾਓ, ਤਾਂ ਜੋ ਬੱਚੇ ਦਾ, ਮਾਪਿਆਂ ਦਾ ਤੇ ਕੁਦਰਤ ਦਾ ਕੋਈ ਨੁਕਸਾਨ ਨਾ ਹੋਵੇ।

## ਲੜਕਿਆਂ ਨੂੰ ਵੀ ਸਿਖਾਈਏ ਘਰ ਦੇ ਕੰਮਕਾਜ

**ਪ੍ਰੋ. ਕੁਲਜੀਤ ਕੌਰ**

ਅੱਜ ਅਸੀਂ ਮੰਨਦੇ ਹਾਂ ਕਿ ਅਸੀਂ ਆਧੁਨਿਕ ਯੁੱਗ ਵਿਚ ਜੀਅ ਰਹੇ ਹਾਂ ਪਰ ਸਾਡੀ ਮਾਨਸਿਕਤਾ ਪੁਰਾਣੇ ਸਮੇਂ ਨਾਲੋਂ ਜ਼ਿਆਦਾ ਬਦਲੀ ਨਹੀਂ ਹੈ। ਅੱਜ ਵੀ ਘਰੇਲੂ ਕੰਮਕਾਜ ਵਾਸਤੇ ਔਰਤਾਂ ਨੂੰ ਹੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ, ਭਾਵੇਂ ਕੋਈ ਔਰਤ ਵਧੀਆ ਨੌਕਰੀਪੇਸ਼ਾ ਅਤੇ ਉੱਚੇ ਅਹੁਦੇ ਉੱਪਰ ਵੀ ਬਿਰਾਜਮਾਨ ਹੋਵੇ, ਤਾਂ ਵੀ ਉਸ ਨੂੰ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਣੀਆਂ



ਪੈਂਦੀਆਂ ਹਨ। ਅੱਜ ਵੀ ਮਰਦਾਂ ਦੁਆਰਾ ਘਰ ਦੇ ਕੰਮ ਕਰਨ ਨੂੰ ਸ਼ਰਮਨਾਕ ਸਮਝਿਆ ਜਾਂਦਾ ਹੈ। ਲੜਕੀ ਨੂੰ ਅਕਸਰ ਕਿਹਾ ਜਾਂਦਾ ਹੈ ਕਿ ਜਿੰਨਾ ਮਰਜ਼ੀ ਪੜ੍ਹ ਲੈ, ਘਰੇਲੂ ਕੰਮ ਤਾਂ ਕਰਨੇ ਹੀ ਪੈਣਗੇ। ਹੁਣ ਆਪਣੀ ਸੋਚ ਬਦਲਣ ਦੀ ਲੋੜ ਹੈ। ਜੇਕਰ ਔਰਤ ਘਰ ਦੀ ਚਾਰਦੀਵਾਰੀ ਵਿਚੋਂ ਬਾਹਰ ਆ ਕੇ ਮਰਦ ਦੀ ਆਰਥਿਕ ਤੌਰ 'ਤੇ ਸਹਾਇਤਾ ਕਰਕੇ ਉਸ ਦਾ ਹੱਥ ਵਟਾਉਂਦੀ ਹੈ ਤਾਂ ਮਰਦ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਔਰਤ ਨਾਲ ਛੋਟੇ-ਛੋਟੇ ਘਰੇਲੂ ਕੰਮਾਂ ਵਿਚ ਮਦਦ ਕਰਨ ਦੀ

ਮਾਵਾਂ ਨੂੰ ਹੀ ਪਹਿਲ ਕਰਨੀ ਚਾਹੀਦੀ ਹੈ ਅਤੇ ਆਪਣੇ ਪੁੱਤਰਾਂ ਨੂੰ ਇਸ ਗੱਲ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ। ਕਾਨੂੰਨ ਨੇ ਔਰਤ-ਮਰਦ ਨੂੰ ਬਰਾਬਰਤਾ ਦਾ ਅਧਿਕਾਰ ਦਿੱਤਾ ਹੈ। ਪਰ ਅਜੇ ਵੀ ਔਰਤਾਂ ਦੀ ਸਥਿਤੀ ਵਿਚ ਵਿਵਹਾਰਕ ਤੌਰ 'ਤੇ ਕੋਈ ਬਹੁਤੀ ਤਬਦੀਲੀ ਨਜ਼ਰ ਨਹੀਂ ਆ ਰਹੀ। ਘਰ ਦਾ ਕੰਮ, ਬੱਚਿਆਂ ਦੀ ਦੇਖਭਾਲ, ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦੀ ਹੋਈ ਔਰਤ ਹਰ ਤਰ੍ਹਾਂ ਨਾਲ ਆਪਣੇ ਕੰਮਕਾਰ ਵਿਚ ਤਾਲਮੇਲ

ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਜੇਕਰ ਇਕ ਮਾਂ ਦੇ ਰੂਪ ਵਿਚ ਅਸੀਂ ਧੀ-ਪੁੱਤਰ ਇਕ ਬਰਾਬਰ ਦੇ ਸਿਧਾਂਤ ਨੂੰ ਮੰਨਦੇ ਹਾਂ ਤਾਂ ਫਿਰ ਲੋੜ ਹੈ ਇਹ ਵੀ ਜਾਣਨ ਅਤੇ ਮੰਨਣ ਦੀ ਕਿ ਆਪਣੇ ਪੁੱਤਰਾਂ ਨੂੰ ਵੀ ਘਰੋਗੀ ਜ਼ਿੰਮੇਵਾਰੀਆਂ ਨਾਲ ਜੋੜਨ ਦੀ ਕੋਸ਼ਿਸ਼ ਕਰੀਏ। ਜਦੋਂ ਅਸੀਂ ਆਪਣੀ ਧੀ ਨੂੰ ਕਿਸੇ ਕੰਮ ਲਈ ਬੁਲਾਉਂਦੇ ਹਾਂ ਤਾਂ ਪੁੱਤਰ ਨੂੰ ਵੀ ਨਾਲ ਹੱਥ ਵਟਾਉਣ ਲਈ ਕਹਿਣਾ ਜ਼ਰੂਰੀ ਹੁੰਦਾ ਹੈ। ਜੇਕਰ 21ਵੀਂ ਸਦੀ ਦੀ ਔਰਤ ਅਜਿਹਾ ਨਹੀਂ ਕਰੇਗੀ ਤਾਂ ਔਰਤ ਪ੍ਰਤੀ ਆਉਣ ਵਾਲੀਆਂ

ਦੇਵਾਂਗੇ ਤਾਂ ਉਹ ਆਪਣੀ ਯੂਨੀਫਾਰਮ, ਜੁੱਤੀ, ਬਸਤਾ ਆਦਿ ਰਾਤ ਨੂੰ ਹੀ ਤਿਆਰ ਕਰ ਲੈਣਗੇ ਤੇ ਸਵੇਰ ਵੇਲੇ ਦਿੱਕਤ ਨਹੀਂ ਆਵੇਗੀ।

ਖਾਣ ਦੀ ਮੇਜ਼ ਉੱਪਰ ਖਾਣਾ ਪਰੋਸਣਾ, ਕਮਰੇ ਨੂੰ ਸੈੱਟ ਕਰਨਾ, ਵਾਧੂ ਸਾਮਾਨ ਪਾਸੇ ਰੱਖ ਕੇ ਕਮਰਾ ਸੰਵਾਰਨਾ, ਆਪਣੀ ਅਲਮਾਰੀ ਦੇ ਕੱਪੜੇ ਸੈੱਟ ਕਰਨਾ, ਖੇਡਣ ਤੋਂ ਬਾਅਦ ਖੁਦ ਹੀ ਆਪਣੇ ਖਿਡੌਣੇ ਚੁੱਕਣਾ ਆਦਿ ਅਜਿਹੇ ਛੋਟੇ-ਛੋਟੇ ਕੰਮ ਹਨ, ਜਿਨ੍ਹਾਂ ਨਾਲ ਆਉਣ ਵਾਲੇ ਸਮੇਂ ਵਿਚ ਬੱਚਿਆਂ, ਵਿਸ਼ੇਸ਼ ਕਰਕੇ ਲੜਕਿਆਂ ਦੇ ਅੰਦਰ ਵੀ ਛੋਟੇ-ਛੋਟੇ ਕੰਮ ਕਰਨ ਦੀ ਭਾਵਨਾ ਆਵੇਗੀ।

ਜੇਕਰ ਮਾਵਾਂ ਅਜਿਹੀ ਕੋਸ਼ਿਸ਼ ਕਰਨਗੀਆਂ ਤਾਂ ਉਹ ਬੱਚਿਆਂ ਦੇ ਅੰਦਰ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਵੀ ਸੰਵੇਦਨਾ ਪੈਦਾ ਕਰਨ ਦੇ ਸਮਰੱਥ ਹੋ ਸਕਣਗੀਆਂ। ਬੱਚਿਆਂ ਨੂੰ ਕੰਪਿਊਟਰ ਗੇਮ/ਟੀ.ਵੀ. ਜਾਂ ਹੋਰ ਇਲੈਕਟ੍ਰਾਨਿਕ ਬੰਦਸ਼ਾਂ ਤੋਂ ਮੁਕਤ ਕਰਕੇ ਵੀ ਉਨ੍ਹਾਂ ਅੰਦਰ ਕੰਮ ਜਾਂ ਕਿਰਤ ਸੱਭਿਆਚਾਰ ਦੀ ਲੋਅ ਪੈਦਾ ਕੀਤੀ ਜਾ ਸਕਦੀ ਹੈ।

ਬੱਚਿਆਂ ਨਾਲ ਮਿਲ ਕੇ ਜਾਂ ਬੱਚਿਆਂ ਦੀ ਸਹਾਇਤਾ ਲੈ ਕੇ ਜੇਕਰ ਅਸੀਂ ਕੋਈ ਘਰੇਲੂ ਕੰਮ-ਕਾਜ ਕਰਦੇ ਹਾਂ ਤਾਂ ਉਨ੍ਹਾਂ ਦੇ ਅੰਦਰ ਇਹ ਆਤਮ-ਸਨਮਾਨ ਵੀ ਆਉਂਦਾ ਹੈ ਕਿ ਉਹ ਵੀ ਘਰ ਨੂੰ ਚਲਾਉਣ ਵਿਚ ਸਹਾਇਤਾ ਕਰ ਰਹੇ ਹਨ। ਮਾਂ-ਬਾਪ ਨੂੰ ਵੀ ਚੰਗਾ ਲੱਗੇਗਾ। ਘਰ ਵਿਚ ਬੱਚਿਆਂ ਨੂੰ ਜੇਕਰ ਇਕ-ਦੂਜੇ ਦੀ ਮਦਦ ਕਰਨ ਦੀ ਆਦਤ ਪਵੇਗੀ ਤਾਂ ਸਮਾਜ ਵਿਚ ਵੀ ਉਹ ਦੂਜਿਆਂ ਨਾਲ ਮਿਲ ਕੇ ਕੰਮ ਕਰਨ ਪ੍ਰਤੀ ਚੇਤੰਨ ਹੋਣਗੇ।

ਵੱਡਾ ਬੱਚਾ ਛੋਟੇ ਬੱਚੇ ਦੇ ਸਕੂਲ ਤੋਂ ਮਿਲੇ ਹੋਮਵਰਕ ਵਿਚ ਸਹਾਇਤਾ ਕਰਕੇ ਖ਼ੁਦ ਨੂੰ ਵੀ ਵਿਹਲੇ ਸਮੇਂ ਚੰਗੇ ਪਾਸੇ ਲਗਾ ਸਕਦਾ ਹੈ। ਪੁੱਤਰਾਂ ਦੇ ਮਨ ਵਿਚ ਅਜਿਹੀਆਂ ਸੁਚਾਰੂ ਭਾਵਨਾਵਾਂ ਪੈਦਾ ਕਰਨ ਦੀ ਲੋੜ ਹੈ ਕਿ ਉਹ ਔਰਤ ਦਾ

ਕਰਨੀ ਚਾਹੀਦੀ ਹੈ ਕਿ ਉਹ ਬਹੁਤ ਵਧੀਆ ਕਰ ਰਿਹਾ ਹੈ। ਭਾਰਤੀ ਖਾਸ ਕਰਕੇ ਪੰਜਾਬੀ ਘਰਾਂ ਵਿਚ ਮੁੰਡਿਆਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ, ਇਸੇ ਕਰਕੇ ਭਾਂਡੇ ਮਾਂਜਣਾ, ਸਫ਼ਾਈ ਕਰਨਾ ਆਦਿ ਰਸੋਈ ਦੇ ਕੰਮ ਉਨ੍ਹਾਂ ਦੇ ਨਹੀਂ ਸਮਝੇ ਜਾਂਦੇ, ਜਿਸ ਕਾਰਨ ਲੜਕਿਆਂ ਦੇ ਮਨਾਂ ਵਿਚ ਲੜਕੀਆਂ ਨਾਲੋਂ ਉੱਤਮ ਹੋਣ ਦਾ ਅਹਿਸਾਸ ਭਰ ਦਿੱਤਾ ਜਾਂਦਾ ਹੈ ਜੋ ਪੂਰੀ ਜ਼ਿੰਦਗੀ ਨਾਲ ਹੀ ਰਹਿੰਦਾ ਹੈ।

ਬੇਸ਼ੱਕ ਅੱਜ ਸਾਡੀਆਂ ਸਮਾਜਿਕ ਲੋੜਾਂ ਬਦਲ ਰਹੀਆਂ ਹਨ। ਹੁਣ ਲੜਕਿਆਂ ਨੂੰ ਪੜ੍ਹਾਈ ਕਰਨ ਜਾਂ ਨੌਕਰੀ ਕਰਨ ਵੇਲੇ ਮਾਪਿਆਂ ਅਤੇ ਘਰ ਤੋਂ ਦੂਰ ਇਕੱਲੇ ਰਹਿਣਾ ਪੈਂਦਾ ਹੈ, ਜਿਥੇ ਖਾਣਾ ਵੀ ਕਈ ਵਾਰ ਉਨ੍ਹਾਂ ਨੂੰ ਖ਼ੁਦ ਪਕਾਉਣਾ ਪੈਂਦਾ ਹੈ। ਇਸ ਲਈ ਲੋੜ ਹੈ ਕਿ ਬਦਲਦੀਆਂ ਸਮਾਜਿਕ ਅਤੇ ਆਰਥਿਕ ਪ੍ਰਸਥਿਤੀਆਂ ਨੂੰ ਮੱਦੇਨਜ਼ਰ ਰੱਖ ਕੇ ਆਪਣੇ ਪੁੱਤਰਾਂ ਅੰਦਰ ਆਪਣੇ ਕੰਮ ਆਪ ਕਰਨ ਦੀ ਆਦਤ ਪਾਈਏ। ਉਂਜ ਵੀ ਹੁਣ ਨਵੀਂ ਪੀੜ੍ਹੀ ਵਿਚ ਪਤੀ-ਪਤਨੀ ਦੋਵਾਂ ਦੇ ਕੰਮਕਾਜੀ ਹੋਣ ਦਾ ਰੁਝਾਨ ਹੋਰ ਵਧਦਾ ਜਾ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਜੇਕਰ ਪੁੱਤਰ ਸ਼ੁਰੂ ਤੋਂ ਹੀ ਘਰੇਲੂ ਕੰਮਕਾਰ ਵਿਚ ਮਾਵਾਂ ਦਾ ਹੱਥ ਵਟਾਉਣਗੇ ਤਾਂ ਪਤਨੀ ਲਈ ਵੀ ਮਦਦਗਾਰ ਸਾਬਤ ਹੋ ਸਕਣਗੇ।

ਇਕ ਨਰੋਏ ਅਤੇ ਸੁਚੱਜੇ ਸਮਾਜ ਦੀ ਸਿਰਜਣਾ ਲਈ ਔਰਤ ਦਾ ਨਜ਼ਰੀਆ ਜੇ ਵਿਸ਼ਾਲ ਹੋਵੇਗਾ ਤਾਂ ਨਿਸਚੇ ਹੀ ਉਹ ਬੱਚਿਆਂ ਅੰਦਰ ਵੀ ਵਿਗਿਆਨਕ ਅਤੇ ਸਹੀ ਸੂਝ-ਸਮਝ ਪੈਦਾ ਕਰੇਗੀ ਤਾਂ ਹੀ ਬੱਚੇ ਵਿਸ਼ੇਸ਼ ਕਰਕੇ ਪੁੱਤਰ ਚੰਗੇ ਨਾਗਰਿਕ ਬਣ ਕੇ ਨਾਰੀ ਦਾ ਸਨਮਾਨ ਕਰਨਗੇ ਅਤੇ ਹੱਥੀਂ ਕਿਰਤ ਕਰਨਾ ਸਿੱਖ ਕੇ ਜੀਵਨ ਨੂੰ ਵਧੇਰੇ ਸੁੰਦਰ ਬਣਾਉਣਗੇ ਅਤੇ ਆਪਣੀ ਜੀਵਨ ਸਾਥਣ ਨੂੰ ਕਿਸੇ ਤਰ੍ਹਾਂ ਦੀ ਵੀ ਹੀਣ ਭਾਵਨਾ ਦਾ ਸ਼ਿਕਾਰ ਹੋਣ ਤੋਂ ਬਚਾਉਣਗੇ।

**ਆਓ ਨਵਾਂ ਇਕ ਯੁੱਗ ਲਿਆਈਏ,**




# ਕਾਵਿ-ਲਹਿਰਾਂ

## ਪਹਿਲੀ ਪਾਤਸ਼ਾਹੀ

ਥਾਵਾਂ, ਹਵਾਵਾਂ ਟਹਿਕੀਆਂ ਨੇ
ਸਭ ਰਸਤੇ ਰੁਸ਼ਨਾ ਗਏ ਨੇ
ਦਰਵਾਜ਼ੇ ਖੁੱਲ੍ਹੇ ਬਹਿਸ਼ਤ ਦੇ
ਧਰਤ ਨੂੰ ਭਾਗ ਲਗਾ ਗਏ ਨੇ।

ਹਰ ਕਿਣਕੇ 'ਚ ਮਹਿਕਾਂ ਸੱਚ ਦੀਆਂ
ਝੂਠ ਨੂੰ ਰਾਹ ਨਾ ਲੱਭਦੇ ਨੇ
ਸੀ ਦੱਬੇ ਕੁਚਲੇ ਜੋ ਜ਼ੁਲਮਾਂ ਦੇ
ਹੁਣ ਵਾਂਗ ਖੰਡੇ ਦੇ ਗੱਜਦੇ ਨੇ।

ਮਿੱਟੀ ਵਿੱਚ ਵਿਸਮਾਦ ਮਹਿਕੇ
ਵਹਿ ਤੁਰੇ ਨੇ ਝਰਨੇ ਨੂਰ ਦੇ
ਉਹ ਵੰਡਦਾ ਬਾਣੀ ਸ਼ਹਿਦ ਜਿਹੀ
ਭਰ -ਭਰ ਕੇ ਬਾਟੇ ਸਰੂਰ ਦੇ।

ਕਿਰਤ ਦੀ ਬਾਤ ਪਾਂਵਦਾ ਉਹ
ਕਰਤਾਰਪੁਰ ਚ ਹੱਲ ਚਲਾਂਵਦਾ
ਬਾਬਰ ਨੂੰ ਸ਼ਬਦੀਂ ਲਲਕਾਰ ਕੇ
ਮਾਨਵਤਾ ਦੀ ਜੜ੍ਹ ਉਹ ਲਾਂਵਦਾ।

ਭਲਾ ਸਰਬੱਤ ਦਾ ਮੰਗੇ ਉਹ
ਪੈਗੰਬਰੀ ਝੋਲਾ ਪਾਇਆ ਏ
ਮਿਟ ਧੁੰਦ ਸਭ ਹਨੇਰ ਗਏ
ਸੂਹੇ ਸੂਰਜਾਂ ਦਾ ਜਾਇਆ ਏ।

**ਲਿਖਤ : ਦਿਲਬਾਗ ਰਿਉਂਦ**
**ਜਿਲ੍ਹਾ ਮਾਨਸਾ (ਪੰਜਾਬ)**

## ਬੰਦਾ

ਗੱਲ ਗੱਲ ਉੱਤੇ ਜੋ ਗਰੀਬਾਂ ਨੂੰ ਹੈ ਘੂਰਦਾ।
ਠਾਣਿਆਂ ਚ ਝੂਠਿਆਂ ਦਾ ਹੋਵੇ ਪੱਖ ਪੂਰਦਾ।

ਨਿੱਕੀ ਜਿਹੀ ਗੱਲ ਪਿੱਛੇ ਨੇਮ ਉੱਤੇ ਅੜ ਜੇ।
ਰੱਬ ਦੀ ਸੌਂਹ ਬੰਦੇ ਵਿੱਚੋਂ ਉਦੋਂ ਬੰਦਾ ਮਰਜੇ।

ਆਪਣੀ ਜ਼ਨਾਨੀ ਦੇ ਜੋ ਬਾਹਰ ਭੇਤ ਖੋਲਦਾ।
ਅੱਧਾ ਸੱਚ ਦੱਸੇ ਨਾਲ ਅੱਧਾ ਝੂਠ ਬੋਲਦਾ।

ਪੀਕੇ ਘੁੱਟ ਦਾਰੂ ਕਿਸੇ ਹੋਰ ਘਰੇ ਵੜ ਜੇ
ਰੱਬ ਦੀ ਸੌਂਹ ਬੰਦੇ ਵਿੱਚੋਂ, ਉਦੋਂ ਬੰਦਾ ਮਰਜੇ।

ਕਿਸੇ ਦੀ ਲੜਾਈ ਦੇਖ,ਕੋਲੋਂ ਲੰਘ ਜਾਂਵਦਾ।
ਮਾਤਮ ਕਿਸੇ ਦੇ ਵਿੱਚ ਖ਼ੁਸ਼ੀਆਂ ਮਨਾਂਵਦਾ।

ਵੇਖਕੇ ਜ਼ੁਲਮ ਜਿਹੜਾ, ਅੱਖ ਨੀਵੀਂ ਕਰਜ਼ੇ।
ਰੱਬ ਦੀ ਸੌਂਹ ਬੰਦੇ ਵਿਚੋਂ ਓਦੋਂ ਬੰਦਾ ਮਰਜੇ।

ਬੁਢੇ ਮਾਪਿਆਂ ਦੀ ਜਿਹੜਾ ਬਾਤ ਨਹੀਓਂ ਪੁੱਛਦਾ।
ਟਲਦਾ ਜੋ ਕੰਮ ਤੋਂ, ਸਵੇਰੇ ਲੇਟ ਉੱਠਦਾ।

ਬਿਨਾਂ ਲੜੇ ਪਹਿਲਾਂ ਹੀ ਹਾਲਾਤਾਂ ਕੋਲੋਂ ਡਰਜੇ।
ਰੱਬ ਦੀ ਸੌਂਹ ਬੰਦੇ ਵਿੱਚੋਂ ਓਦੋਂ ਬੰਦਾ ਮਰਜੇ।

ਵੇਚ ਜੇ ਈਮਾਨ ਜਿਹੜਾ,ਪੈਸੇ ਪਿੱਛੇ ਲੱਗ ਕੇ।
ਭੋਲੇ ਬੰਦਿਆਂ ਨੂੰ "ਖਾਨਾਂ",ਭੱਜ ਜਾਵੇ ਠੱਗ ਕੇ।

ਸੱਚ ਤੋਂ ਕਲਮ "ਕਾਮੀ ਵਾਲੇ" ਦੀ ਜੇ ਖੜਜੇ।
ਰੱਬ ਦੀ ਸੌਂਹ ਬੰਦੇ ਵਿੱਚੋਂ ਉਦੋਂ ਬੰਦਾ ਮਰਜੇ।

**ਲਿਖਤ : ਸੁਕਰ ਦੀਨ**
**ਸੰਪਰਕ :** 95923-84393

## ਬਿਆਈਆਂ ਦੀ ਟੀਸ

ਪੈਰਾਂ ਦੀਆਂ ਪਾਟੀਆਂ
ਬਿਆਈਆਂ ਦੀ ਟੀਸ ਨੂੰ
ਜੀ ਚਾਹੁੰਦਾ ਹੈ ਕਹਾਂ,
"ਐਵੇਂ ਨਾ ਰੌਲਾ ਪਾਇਆ ਕਰ।
ਪਤਾ ਹੈ ਮੈਨੂੰ ਵੀ,
ਜਦ ਵੀ ਪਿਛਾਂਹ ਝਾਤੀ ਮਾਰਦਾ ਹਾਂ,
ਤੇਰੀਆਂ ਪੈੜਾਂ ਦਾ ਸਫਰ
ਦੂਰ ਅਤੀਤ ਚੋਂ
ਬੰਜਰਾਂ, ਵੱਤਰਾਂ ਤੋਂ
ਕੱਚੇ ਪਹਿਆਂ ਤੇ
ਤਾਰਕੋਲੀ ਸੜਕਾਂ ਨੂੰ ਗਾਹੁੰਦਾ
ਮਹਾਂ ਨਗਰਾਂ ਦੀਆਂ ਸੀਮਾਵਾਂ ਵੀ
ਸਰ ਕਰਦਾ ਹੈ।
ਵਕਤ ਦੇ ਹਰ ਸਿਤਮ ਨੂੰ ਜਰਦਾ ਹੈ।"
ਫਿਰ ਅੰਦਰਲਾ ਹਾਉਕਾ
ਕਰਵਟ ਲੈਂਦਾ ਹੈ
"ਯਾ ਮੌਲਾ
ਕਦੀ ਤਾਂ ਇਧਰ ਵੀ ਨਜ਼ਰ ਕਰ
ਮੈਂ ਕਿੱਥੇ ਕਿੱਥੇ ਥਾਹ ਪਾਵਾਂ,
ਪੁਸ਼ਤ ਦਰ ਪੁਸ਼ਤ
ਸਫ਼ਰ ਇਸ ਟੀਸ ਦਾ ਹੈ ਕਿ
ਮੁੱਕਦਾ ਹੀ ਨਹੀਂ।
ਜੇ ਕਿਸਮਤ ਦੀ ਪੱਤਰੀ ਖੁੱਲ੍ਹਾਂ,
ਘਰ ਦੇ ਕੱਚੇ,
ਕਦੀ ਸੁਲਘਦੇ,
ਕਦੀ ਫਾਕੇ ਕੱਟਦੇ,
ਚੁੱਲ੍ਹੇ ਨੂੰ ਪੁੱਛਾਂ,
ਹਉਕਾ ਜਿਹਾ ਭਰਦਾ
ਉਹ ਵੀ ਕਹਿੰਦਾ ਹੈ
'ਤੂੰ ਵੀ ਤਾਂ
ਕੁੱਝ ਕਰ ਨਹੀਂ ਪਾਇਆ
ਉੱਥੇ ਹੀ ਖਲੋਤਾ ਹੈਂ
ਜਿੱਥੇ
ਤੇਰੇ ਬਾਪ ਦੇ ਬਾਪ ਦਾ ਬਾਪ
ਖੜ੍ਹਾ ਸੀ।
ਤੂੰ ਵੀ ਕਿਹੜਾ ਛੱਡੀ ਹੈ
ਸਮੇਂ ਤੇ ਕੋਈ ਛਾਪ।
ਨਾ ਤੇਰੀ ਕਿਸਮਤ ਬਦਲੀ ਹੈ,
ਨਾ ਮੇਰਾ ਮੂੰਹ-ਮੱਥਾ ਸੰਵਰਿਆ ਹੈ।'
ਤੇ ਮੈਂ ਨਿੰਮੋਝੂਣਾ ਜਿਹਾ ਹੋ
ਕਹਿੰਦਾ ਹਾਂ
ਨਹੀਂ, ਨਹੀਂ
ਹੁਣ ਵਕਤ ਬਦਲ ਗਿਆ ਹੈ,
ਅੰਬਰ ਦੀ ਤਾਸੀਰ ਬਦਲੀ ਹੈ।
ਮੈਂ ਤੁਰਾਂਗਾ,
ਵਕਤ ਤੇ ਹਵਾ ਦੇ
ਥਪੇੜਿਆਂ ਨਾਲ ਲੜਾਂਗਾ
ਦੂਰ ਦੁਮੇਲ ਤੇ ਉੱਗਦੀ ਲਾਲੀ
ਦੇ ਬੂਹੇ ਤੇ ਦਸਤਕ ਦਿਆਂਗਾ।
ਮੇਰਾ ਬੇਟਾ ਕਦੀ ਵੀ ਤੇਰਾ
ਇਹ ਉਲਾਂਭਾ ਨਹੀਂ ਸੁਣੇਗਾ
ਕਿ ਤੂੰ ਵੀ ਉੱਥੇ ਹੀ ਖੜ੍ਹਾ ਹੈਂ
ਜਿੱਥੇ ਤੇਰਾ ਬਾਪ ਖੜ੍ਹਾ ਸੀ। "

**ਲਿਖਤ : ਜਗਤਾਰ ਸਿੰਘ ਹਿੱਸੋਵਾਲ**
**ਸੰਪਰਕ :** 98783-30324

## ਬਰਾਬਰ ਵੰਡ

ਪਾ ਆਪਣਾ ਹੀ ਗਿਆ ਕਿੱਕਲੀ,
ਜਦ ਭਾਂਡੇ ਕਰ ਗਿਆ ਅੱਡ ਬੇਲੀ।
ਚੜ੍ਹਿਆ ਵੇਖ ਸ਼ਰੀਕ ਮਣ੍ਹੇ ਉੱਤੇ,
ਵੰਡ ਬਰਾਬਰ ਲਿਆ ਗੱਡ ਬੇਲੀ।

ਜਦ ਪਿਆ ਧਮੱਚੜ ਹਿੱਕ ਉੱਤੇ,
ਸਮਝੇ ਨੱਕ ਹੀ ਗਿਆ ਵੱਢ ਬੇਲੀ।
ਵਾਂਗ ਤੂਫ਼ਾਨ ਹਨੇਰੀ ਵੇਖ ਝੁੱਲੀ,
ਜਾਪੇ ਦਿਲ ਹੀ ਗਿਆ ਛੱਡ ਬੇਲੀ।

ਕਿਹੜੀ ਨਿੱਤਰੂ ਵਡੇਵੇਂ ਖਾਣੀਆਂ 'ਚੋਂ,
ਕਿਹੜਾ ਜਾਊ ਚੁਗਾਨ ਛੱਡ ਬੇਲੀ।
ਘਰ ਦਾ ਘਰ ਹੀ ਇਉਂ ਖੜਕ ਬੈਠਾ,
ਜਿਉਂ ਖੜਕਦੀ ਹੋਵੇ ਢੱਡ ਬੇਲੀ।

ਲਾਹੇ ਲੈਣ ਨੂੰ ਐਰ ਗ਼ੈਰ 'ਭਗਤਾ',
ਆ ਗਏ ਨਿਕਲ ਵਿੱਚੋਂ ਖੱਡ ਬੇਲੀ।
ਵਿੱਚ ਭਰਾਵਾਂ ਹੋਈ ਵੇਖ ਬਗਾਵਤ,
ਫਿਰਨ ਆਫਰੇ ਵਾਂਗ ਡੱਡ ਬੇਲੀ।

**ਬਰਾੜ 'ਭਗਤਾ ਭਾਈ ਕਾ'**
1-604-751-1113

## ਮਾਂ

ਰੁਤਬਾ ਜੰਨਤ ਦਾ ਕਦਮਾਂ ਵਿੱਚ ਰੱਖਦੀ ਹੈ,
ਲਫ਼ਜ਼ ਕਹਿਣ ਨੂੰ ਛੋਟਾ ਜਾ ਮਾਂ ਲੋਕੋ।

ਬਿਨਾਂ ਮਾਵਾਂ ਦੇ ਆਖਦੇ ਸੱਚ ਸਿਆਣੇ,
ਟੁਕ ਖੋਹ ਲੈਂਦੇ ਹੱਥਾਂ ਚੋਂ ਕਾਂ ਲੋਕੋ।

ਡਾਕੂ,ਚੋਰ ਜਾਂ ਦੇਵਤਾ ਸਾਧ ਹੋਵੇ,
ਸੁੱਖ ਮੰਗਦੀ ਰਹੇ ਹਰ ਸਾਂਹ ਲੋਕੋ।

ਬਿਨਾਂ ਮੌਤੋਂ ਮੁਸੀਬਤਾਂ ਟਾਲ ਦਿੰਦੀ,
ਜਦੋਂ ਪੁੱਤ ਲਈ ਮੰਗੇ ਦੁਆ ਲੋਕੋ।

ਮਾਂ ਦੇ ਪਿਆਰ ਦੀ ਤੁਲਨਾ ਨਹੀਂ ਹੋ ਸਕਦੀ,
ਲਾਕੇ ਮਾਸੀਆਂ ਵੇਖ ਲਈ ਵਾਹ ਲੋਕੋ।

ਜੁੱਗਾਂ ਜੁੱਗਾਂ ਤੱਕ ਜਿਉਂਦੀਆਂ ਰਹਿਣ ਮਾਵਾਂ,
ਦਿਲ ਨੂੰ ਦਿਓ ਨਾ ਮਾਂ ਦੇ ਦੁਖਾ ਲੋਕੋ।

"ਕਾਮੀ ਵਾਲਿਆ" ਗੁੱਸੇ ਜੇ ਮਾਂ ਹੋ ਗਈ,
ਗੁੱਸੇ ਹੋ ਗਿਆ ਸਮਝੋ ਖ਼ੁਦਾ ਲੋਕੋ।

**ਲਿਖਤ : ਸੁਕਰ ਦੀਨ**
95923-84393

## ਸਿਆਸਤ

ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।
ਟਿਕਟਾਂ ਦਾ ਵਿਕਣਾ ਸ਼ਰਿਆਮ ਹੈ ਜਿਥੇ
ਜਿੱਤ ਕੇ ਵੀ ਵਿਕ ਜਾਣਾ ਆਮ ਹੈ ਜਿਥੇ ,
ਹਰ ਪਾਰਟੀ ਚੰਦੇ ਤੇ ਖੜੀ ਹੈ ਜਿਥੇ
ਰਾਜਨੀਤੀ ਧੰਦੇ ਤੇ ਖੜੀ ਹੈ ਜਿਥੇ,
ਵਿਕਦੀਆਂ ਨੇ ਵੋਟਾਂ ਜਿਥੇ
ਕੌਡੀਆਂ ਦੇ ਭਾਅ ।
ਕਿੰਝ ਮੱਘੇਗਾ, ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ ?
ਜਹਾਜ਼ਾਂ ਦੇ ਘੁਟਾਲੇ ਨੇ ਜਿਥੇ
ਤੋਪਾਂ ਤੇ ਟੈਂਕਾ ਦੇ ਘੁਟਾਲੇ ਨੇ ਜਿਥੇ,
ਰੇਲਾਂ ਤੇ ਬੈਂਕਾਂ ਦੇ ਘੁਟਾਲੇ ਨੇ ਜਿਥੇ
ਕਾਲਾ ਧੰਨ ਰਿਹਾ ਵਿਦੇਸ਼ਾਂ ਚ ਜਾ
ਕਿੰਝ ਮੱਘੇਗਾ ,ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।
ਸਰਮਾਏਦਾਰੀ ਅਤੇ ਹਾਕਮਾਂ ਦੀ
ਸਾਂਝ ਹੈ ਬੜੀ ਪੁਰਾਣੀ ਜਿਥੇ,
ਆਮ ਨੂੰ ਸਮਝ ਨਹੀਂ ਆਉਣੀ
ਇਹ ਸਭ ਰਾਮ ਕਹਾਣੀ ਜਿਥੇ ,
ਕਿਰਤੀਆਂ ਤੇਰੇ ਹੱਕ ਸੀ ਜਿਹੜੇ
ਕੌਣ ਰਿਹਾ ਏ ਖਾ,
ਕਿੰਝ ਮੱਘੇਗਾ ,ਐ ਮੇਰੇ ਦੇਸ਼
ਤੇਰੇ ਹਰ ਘਰ ਦੇ ਚੁੱਲ੍ਹੇ ਦਾ ਤਵਾ ?
ਜਿਥੇ ਵਗਦੀ ਰਹੀ ਹੈ ਹਮੇਸ਼ਾ
ਸਿਆਸਤ ਦੀ ਗੰਧਲੀ ਹਵਾ।

**ਲਿਖਤ : ਕੁਲਦੀਪ ਸਾਹਿਲ**
**ਸੰਪਰਕ :** 94179-90040

## ਏਹ ਕੇਹੀ ਮਾਨਸਿਕਤਾ

ਮਾਂ ਦੇ ਦਿਨ ਤੇ ਮਦਰ ਡੇ ਮਨਾਉਂਦੇ ਹਾਂ,
ਸਾਰਾ ਦਿਨ ਫਿਰ ਮਾਂ ਦੇ ਹੀ ਗੁਣ ਗਾਉਂਦੇ ਹਾਂ ।
ਚੰਗੀ ਲੱਗੇ ਪਤਨੀ ਤੇ ਸਾਲੀ ਲੱਗੇ ਘੱਟ ਨਾ,
ਰੱਖੜੀ ਦੇ ਦਿਨ ਤੇ ਭੈਣਾਂ ਤਾਈਂ ਸਰਾਹੁੰਦੇ ਹਾਂ ।

ਭਾਬੀਆਂ ਵੀ ਆ ਵੀਰਾਂ ਘਰ ਚਾਰ ਚੰਦ ਲਾਉਂਦੀਆਂ,
ਰਲ ਭਾਵੇਂ ਸਾਰੇ ਕਦੇ ਭਾਬੀਆਂ ਤਾਈਂ ਸਤਾਉਂਦੇ ਹਾਂ ।
ਸੱਸ ਬਣਾ ਲੈਂਦੀ ਦੂਜੇ ਘਰੋਂ ਆਈ ਧੀ ਨੂੰਹ ਰਾਣੀ ਨੂੰ,
ਇਹੋ ਜਿਹਾ ਪਿਆਰ ਅਸੀਂ ਟੱਬਰਾਂ 'ਚ ਚਾਹੁੰਦੇ ਹਾਂ ।

ਤਾਈ, ਚਾਚੀ, ਮਾਮੀ, ਭੂਆ, ਮਾਸੀ ਅਤੇ ਦਾਦੀ,
ਸਾਰੇ ਰਿਸ਼ਤਿਆਂ ਨੂੰ ਕਹਿੰਦੇ ਬਹੁਤ ਮਨਭਾਉਂਦੇ ਹਾਂ ।
ਗੱਲ ਇਹੋ ਮੈਨੂੰ ਬਿਲਕੁਲ ਸਮਝ ਨਾ ਲੱਗੇ,
ਕੁੜੀਆਂ ਕੁੱਖ ਵਿੱਚ ਫਿਰ ਕਿਉਂ ਕਤਲ ਕਰਾਉਂਦੇ ਹਾਂ?

ਜੀਵ ਹੱਤਿਆ ਪਾਪ ਦਾ ਹੋਕਾ ਭਾਵੇਂ ਦੇਈ ਜਾਈਏ,
ਕਈ ਵਾਰੀ ਜਾਨਵਰ ਛੱਡ ਇਨਸਾਨ ਮਰਾਉਂਦੇ ਹਾਂ ।
ਮਨੁੱਖਤਾ ਦੀ ਸਾਰੀ ਜਾਤ ਭਾਵੇਂ ਹੈਗੀ ਇੱਕ ਆ,
ਮਨੁੱਖ ਦੀ ਜਾਤ ਪਰ ਦੇਖ ਕੇ ਹੀ ਗਲ ਲਾਉਂਦੇ ਹਾਂ ।
ਧੰਨਵਾਨ ਪਤਵੰਤਿਆਂ ਨੂੰ ਅੱਗੇ ਕਰਕੇ ਬਿਠਾਉਂਦੇ ਹਾਂ ।
ਮਾੜੇ ਹਲਾਤਾਂ ਵੇਲੇ ਪਿੱਛੇ ਕਰਕੇ ਔਕਾਤ ਦਿਖਾਉਂਦੇ ਹਾਂ ।

ਪੁੱਤ ਜੰਮੇ ਤੇ ਸਿਰ ਸਾਡਾ ਮਾਣ ਨਾਲ ਉੱਚਾ ਹੋਈ ਜਾਵੇ,
ਸਾਰੀ ਉਮਰ ਭਾਵੇਂ ਕੁੜੀਆਂ ਦੇ ਕਾਤਲ ਕਹਾਉਂਦੇ ਹਾਂ ।
ਖੁਰਦਪੁਰੀਆ ਸਭ ਕੁੱਝ ਕਰ ਨਾ ਰਤਾ ਪਛਤਾਉਂਦੇ ਹਾਂ,
ਅਵਤਾਰ ਨਾਗਾ ਪਾਏ ਬਿਨਾਂ ਰੱਬ ਵੀ ਧਿਆਉਂਦੇ ਹਾਂ ।

**ਲਿਖਤ : ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਸੰਪਰਕ :** 006421392147

## ਅੰਬਰੋਂ ਤਾਰੇ ਤੋੜਦਿਆਂ

ਸਾਰੀ ਰਾਤ ਗੁਜ਼ਾਰ ਲਈ ਹੈ, ਅੰਬਰੋਂ ਤਾਰੇ ਤੋੜਦਿਆਂ।
ਰਹਿੰਦੀ ਉਮਰ ਬਿਤਾਵਾਂਗਾ ਹੁਣ,ਟੁੱਟੇ ਟੁਕੜੇ ਜੋੜਦਿਆਂ।
ਮੇਰਾ ਦਿਲ ਦਰਿਆ ਨਹੀਂ ਮੰਨਦਾ,ਕੰਢੇ ਲੱਗੀਆਂ ਰੋਕਾਂ ਨੂੰ,
ਬਹੁਤ ਵਰਜਿਆ, ਇਹ ਨਹੀਂ ਟਲਦਾ ਆਪਣੀ ਮਿੱਟੀ ਰੋੜ੍ਹਦਿਆਂ ।
ਗਿਆਨ ਪੋਟਲੀ ਲੈ ਕੇ ਫਿਰਦਾਂ,ਹੋਕਾ ਵੀ ਕੋਈ ਸੁਣਦਾ ਨਾ,
ਜੀਅ ਕਰਦਾ ਏ, ਚੌਂਕ-ਚੁਰਸਤੇ, ਭਰਮੀ ਭਾਂਡਾ ਫੋੜ ਦਿਆਂ।
ਵਾਗ ਤੁੜਾਈ ਅੱਥਰੇ ਘੋੜੇ,ਇਹ ਨਾ ਮੇਰੇ ਕਾਬੂ ਵਿੱਚ,
ਮੇਰੇ ਹੱਥੋਂ ਨਿਕਲ ਗਿਆ ਹੈ, ਵਕਤ ਕਿਵੇਂ ਮੈਂ ਮੋੜ ਦਿਆਂ।
ਤੁਰ ਜਾ ਤੂੰ ਬੇਅਕਲਾ ਏਥੋਂ,ਬਾਗ ਦੇ ਕਾਬਿਲ ਲੱਗਦਾ ਨਹੀਂ,
ਆਖ ਰਿਹਾ ਏ,ਮੈਨੂੰ ਉਹ ਹੀ,ਡੋਡੀ ਸਿਖ਼ਰ ਮਰੋੜਦਿਆਂ।
ਕੂੜ-ਬਾਜ਼ਾਰ ਦੇ ਕਾਇਦੇ ਵੱਖਰੇ,ਪੜ੍ਹ ਲੈ, ਪਰ ਇਹ ਮੰਨਦਾ ਨਾ,
ਤੇਰੇ ਸੱਚ ਨੂੰ ਕਿਹੜਾ ਸਮਝੂ,ਮਰ ਚੱਲਿਆ ਮੈਂ ਹੋੜਦਿਆਂ।
ਜਿਹੜੀ ਦੌੜ ' ਚ ਮੈਂ ਨਹੀਂ ਸ਼ਾਮਿਲ, ਕਹਿੰਦੇ ਨੇ ਤੂੰ ਹਾਰ ਗਿਆ,
ਚਾਰ ਚੁਫ਼ੇਰੇ ਸ਼ੋਰ ਮਚਾਇਆ ,ਜੇਤੂ ਚੂਹੇ-ਦੌੜ ਦਿਆਂ।

**ਲਿਖਤ : ਗੁਰਭਜਨ ਗਿੱਲ**

## ਗ਼ਜ਼ਲ

ਮਹਿੰਗਾਈ ਨੇ ਤੋੜ ਦਿੱਤਾ ਹੈ ਸਭ ਲੋਕਾਂ ਦਾ ਲੱਕ,
ਪਰ ਹਾਕਮ ਦੇ ਕੰਨ ਤੇ ਜੂੰ ਨ੍ਹੀ ਸਰਕੀ ਹਾਲੇ ਤੱਕ।
ਬਾਗੀ ਹੋ ਕੇ ਲੋਕੀਂ ਫਿਰ ਸੜਕਾਂ ਤੇ ਆ ਜਾਂਦੇ ਨੇ,
ਜਦ ਉਹ ਜਾਬਰ ਤੇ ਲੋਟੂਆਂ ਤੋਂ ਜਾਂਦੇ ਨੇ ਅੱਕ।
ਇਹ ਹੱਸਦੇ, ਵੱਸਦੇ ਘਰਾਂ ਦੇ ਵਿੱਚ ਲਾ ਦਿੰਦਾ ਏ ਅੱਗ,
ਭੁੱਲ ਕੇ ਵੀ ਨਾ ਕਰੀਏ ਯਾਰੋ ਇੱਕ, ਦੂਜੇ ਤੇ ਸ਼ੱਕ।
ਰੁੱਖਾਂ ਦਾ ਲੇਖਾ ਤਾਂ ਉਹ ਮਰਦੇ ਦਮ ਤੱਕ ਨ੍ਹੀ ਦੇ ਸਕਦਾ,
ਬੰਦੇ ਦੀ ਜਾਨ ਬਚਾਂਦੇ ਨੇ ਕੁੱਝ ਰੁੱਖਾਂ ਦੇ ਸੱਕ।
ਐਵੇਂ ਨਾ ਇੱਕ, ਦੂਜੇ ਨੂੰ ਚੰਗਾ, ਮਾੜਾ ਕਹੀ ਜਾਉ,
ਇਸ ਦੇਸ਼ ਦੇ ਵਿੱਚ ਰਹਿਣੇ ਦਾ ਹੈ ਸਭ ਨੂੰ ਬਰਾਬਰ ਹੱਕ।
ਮੀਂਹ ਦੀ ਇੱਕ ਕਣੀ ਵੀ ਇਨ੍ਹਾਂ ਲਈ ਹਾਨੀਕਾਰਕ ਹੋਵੇ,
ਜਦ ਖੇਤਾਂ ਵਿੱਚ ਕਿਸਾਨ ਦੀਆਂ ਫਸਲਾਂ ਜਾਵਣ ਪੱਕ।
ਸੂਬੇ ਨੂੰ ਖਾਲੀ ਹੋਣ ਤੋਂ ਰੋਕਣ ਦਾ ਹੈ ਇਹੋ ਹੱਲ,
ਰੁਜ਼ਗਾਰ ਦੇ ਕੇ ਮੁੰਡੇ, ਕੁੜੀਆਂ ਨੂੰ ਲੈ ਹਾਕਮਾ ਡੱਕ।

**ਮਹਿੰਦਰ ਸਿੰਘ ਮਾਨ,** 9915803554



# ਸਿਹਤ ਸੰਸਾਰ

## ਹਾਸਾ ਕਿਉਂ ਹੋ ਗਿਆ ਮਹਿੰਗਾ ?



ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਜਿਸ ਨੂੰ ਦੇਖੋ, ਉਹ ਤਣਾਅਗ੍ਰਸਤ ਹੈ। ਜੀਵਨ ਅੱਜ ਏਨਾ ਅਸੁਰੱਖਿਅਤ ਹੋ ਗਿਆ ਹੈ, ਜਿੰਨਾ ਪਹਿਲਾਂ ਕਦੇ ਨਹੀਂ ਸੀ। ਅੱਜ ਦੇ ਸਮੇਂ ਵਿਚ ਵਿਅਕਤੀ ਹੱਸਣਾ ਤਾਂ ਲਗਦਾ ਭੁੱਲ ਹੀ ਗਿਆ ਹੈ ਪਰ ਦੇਖਿਆ ਜਾਵੇ ਤਾਂ ਅੱਜ ਹੀ ਉਹ ਸਮਾਂ ਹੈ, ਜਦੋਂ ਇਨਸਾਨ ਨੂੰ ਹਾਸੇ ਦੀ ਜ਼ਿਆਦਾ ਲੋੜ ਹੈ, ਕਿਉਂਕਿ ਹਤਾਸ਼ਾ ਅਤੇ ਨਿਰਾਸ਼ਾ ਲੋਕਾਂ ਦੇ ਜੀਵਨ ਵਿਚ ਡੂੰਘੀ ਦਾਖਲ ਹੋ ਗਈ ਹੈ।

ਦਿਲੋਂ ਨਿਕਲਿਆ ਹਾਸਾ ਨਾ ਸਿਰਫ ਮੂਡ ਨੂੰ ਹੋਰ ਚੰਗਾ ਬਣਾਉਂਦਾ ਹੈ, ਸਗੋਂ ਸਾਡੀ ਸਰੀਰਕ ਪ੍ਰਣਾਲੀ ਨੂੰ ਤਾਕਤ ਵੀ ਦਿੰਦਾ ਹੈ। ਇਹ ਸਰੀਰ ਵਿਚ 'ਸਟ੍ਰੈਸ ਹਾਰਮੋਨ' ਦੇ ਪੱਧਰ ਨੂੰ ਘੱਟ ਕਰਕੇ ਤਣਾਅਮੁਕਤ ਕਰਦਾ ਹੈ ਅਤੇ ਦਰਦ ਦੇ ਅਹਿਸਾਸ ਨੂੰ ਘੱਟ ਕਰਕੇ ਰਾਹਤ ਦਿਵਾਉਂਦਾ ਹੈ। ਖੁਸ਼ਮਿਜ਼ਾਜ ਲੋਕ ਨਾ ਸਿਰਫ ਘੱਟ ਬਿਮਾਰ ਹੁੰਦੇ ਹਨ, ਸਗੋਂ ਲੰਮੀ ਉਮਰ ਵੀ ਜਿਉਂਦੇ ਹਨ।

ਨਾ ਸਿਰਫ ਹਾਸਾ ਤਣਾਅ ਦਾ ਕਾਰਗਰ ਇਲਾਜ ਹੈ, ਸਗੋਂ ਹੋਰ ਕਈ ਰੋਗਾਂ ਤੋਂ ਵੀ ਇਹ ਛੁਟਕਾਰਾ ਦਿਵਾਉਂਦਾ ਹੈ, ਕਿਉਂਕਿ ਕਈ ਰੋਗ ਸਿਰਫ ਰੋਗ ਨਾ ਹੋ ਕੇ ਵਹਿਮ ਹੀ ਹੁੰਦੇ ਹਨ। ਅੱਜ ਡਾਕਟਰੀ ਵਿਗਿਆਨ ਵੀ ਇਸ ਗੱਲ ਨੂੰ ਮੰਨਦਾ ਹੈ ਕਿ ਹਾਸਾ ਮਨੁੱਖ ਨੂੰ ਕੁਦਰਤ ਵਲੋਂ ਮਿਲੀ ਸਭ ਤੋਂ ਵਧੀਆ ਦਵਾਈ ਹੈ। ਜੇ ਬਿਮਾਰੀ ਦੌਰਾਨ ਵਿਅਕਤੀ ਹੱਸ ਸਕਦਾ ਹੈ ਤਾਂ ਉਸ ਦੇ ਛੇਤੀ ਤੰਦਰੁਸਤ ਹੋਣ ਦੀ ਸੰਭਾਵਨਾ ਵਧਦੀ ਹੈ ਅਤੇ ਜੇ ਉਹ ਤੰਦਰੁਸਤ ਰਹਿ ਕੇ ਵੀ ਨਾ ਹੱਸੇ ਤਾਂ ਛੇਤੀ ਬਿਮਾਰ ਪੈ ਕੇ ਤੰਦਰੁਸਤੀ ਗੁਆ ਦੇਵੇਗਾ।

ਹੱਸਣਾ ਇਕ ਕਸਰਤ ਹੈ। ਠਹਾਕਾ ਲਗਾ ਕੇ ਦਿਲ ਖੋਲ੍ਹ ਕੇ ਹੱਸਣ ਨਾਲ ਖ਼ੂਨ ਸੰਚਾਰ ਵਧਦਾ ਹੈ। ਪਾਚਣ ਤੰਤਰ ਜ਼ਿਆਦਾ ਗਤੀਸ਼ੀਲ ਹੋ ਜਾਂਦਾ ਹੈ। ਛਾਤੀ ਦੇ ਸਨਾਯੂ ਅਤੇ ਦਿਲ ਮਜ਼ਬੂਤ ਹੁੰਦੇ ਹਨ। ਖ਼ੂਨ ਦਾ ਦਬਾਅ ਸਹੀ ਰਹਿੰਦਾ ਹੈ। ਖੁੱਲ੍ਹ ਕੇ ਹੱਸਣ ਨਾਲ ਸਨਾਯੂ ਅਤੇ ਸ਼ਿਰਾਵਾਂ ਵਿਚ ਤਣਾਅ ਤੋਂ ਪੈਦਾ ਜਕੜਨ ਦੂਰ ਹੁੰਦੀ ਹੈ। ਹੱਸਣ ਨਾਲ ਪਸੀਨਾ ਆਉਣ 'ਤੇ ਬੰਦ ਮੁਸਾਮ ਖੁੱਲ੍ਹਦੇ ਹਨ। ਫੇਫੜਿਆਂ ਵਿਚੋਂ ਦੂਸ਼ਿਤ ਹਵਾ ਤੇਜ਼ੀ ਨਾਲ ਬਾਹਰ ਨਿਕਲਦੀ ਹੈ ਅਤੇ ਜ਼ਿਆਦਾ ਆਕਸੀਜਨ ਮਿਲਦੀ ਹੈ।

ਹਾਸੇ ਦੇ ਨਾਲ ਛਾਂ ਦੀ ਤਰ੍ਹਾਂ ਇਕ ਊਰਜਾ ਦੀ ਧਾਰਾ ਵਗਦੀ ਹੈ। ਹੱਸਣਾ ਅਤੇ ਸੋਚਣਾ ਕਿਉਂਕਿ ਇਕੱਠੇ ਸੰਭਵ ਨਹੀਂ ਹਨ, ਇਸ ਲਈ ਹਾਸਾ ਅਣਚਾਹੀ ਸੋਚ ਅਤੇ ਚਿੰਤਾ ਤੋਂ ਛੁਟਕਾਰਾ ਦਿਵਾਉਂਦਾ ਹੈ। ਹੱਸਣ ਵਾਲੇ ਲੋਕ ਬਹੁਤ ਘੱਟ ਆਤਮਹੱਤਿਆ ਕਰਦੇ ਹਨ ਜਾਂ ਦਿਲ ਦੇ ਦੌਰੇ ਦੇ ਸ਼ਿਕਾਰ ਹੁੰਦੇ ਹਨ। ਇਸ ਲਈ ਇਸ ਨੂੰ ਸੱਚ ਮੰਨ ਲੈਣਾ ਚਾਹੀਦਾ ਕਿ ਹਾਸਾ ਅਦਭੁੱਤ ਦਵਾਈਆਂ ਵਿਚੋਂ ਇਕ ਹੈ।

ਸਾਡਾ ਸਰੀਰ ਇਕ ਜਟਿਲ ਸੰਸਥਾਨ ਹੈ। ਕਿਹੜੀ ਦਵਾਈ ਕਿਹੜੀ ਬਿਮਾਰੀ ਠੀਕ ਕਰਦੇ ਹੋਏ ਦੂਜੀਆਂ ਬਿਮਾਰੀਆਂ ਮਾੜੇ ਪ੍ਰਭਾਵ ਨਾਲ ਪੈਦਾ ਕਰ ਦਿੰਦੀ ਹੈ, ਉਹ ਚਾਹੇ ਤੁਰੰਤ ਪਤਾ ਨਾ ਲੱਗੇ ਪਰ ਮਾੜਾ ਅਸਰ ਤਾਂ ਹੁੰਦਾ ਹੀ ਹੈ। ਹਾਸੇ ਦਾ ਸਿਹਤ 'ਤੇ ਪੈਣ ਵਾਲਾ ਚੰਗਾ ਅਸਰ ਦੱਸਦੇ ਹੋਏ ਸਿਹਤ ਵਿਗਿਆਨੀ ਕਹਿੰਦੇ ਹਨ ਕਿ ਇਸ ਨਾਲ ਦਿਮਾਗ ਉਤੇਜਿਤ ਹੁੰਦਾ ਹੈ। ਏਪੀਨੇਫ੍ਰੀਨ, ਨੋਰੇਪਾਈਨਫ੍ਰੀਨ, ਡੋਪਾਮਾਈਨ ਵਰਗੇ ਦਰਦ ਨਿਵਾਰਕ ਹਾਰਮੋਨਸ ਦੇ ਉਤਪਾਦਨ ਵਿਚ ਹਾਸਾ ਸਹਾਇਕ ਹੁੰਦਾ ਹੈ।

ਇਸ ਵਿਚ ਦੋ ਰਾਏ ਨਹੀਂ ਕਿ ਹੱਸਣਾ ਲੰਮੀ ਉਮਰ ਪ੍ਰਦਾਨ ਕਰਦਾ ਹੈ, ਕਿਉਂਕਿ ਹੱਸਣ ਨਾਲ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਕਈ ਗੁਣਾ ਵਧ ਜਾਂਦੀ ਹੈ।

## ਬੱਚਿਆਂ ਵਿਚ ਡਾਇਰੀਆ ਦੀ ਸਮੱਸਿਆ

ਲਿਖਤ : ਸੁਨੀਤਾ ਗਾਬਾ

ਡਾਇਰੀਆ (ਦਸਤ) ਬੱਚਿਆਂ ਦੀ ਇਕ ਆਮ ਸਮੱਸਿਆ ਹੈ। ਗਰਮੀਆਂ ਅਤੇ ਬਰਸਾਤ ਰੁੱਤ ਵਿਚ ਇਹ ਸਮੱਸਿਆ ਹੋਰ ਜ਼ਿਆਦਾ ਭਿਆਨਕ ਰੂਪ ਲੈ ਲੈਂਦੀ ਹੈ। ਬੱਚਿਆਂ ਵਿਚ ਛੇਤੀ ਹੀ ਪਾਣੀ ਅਤੇ ਖਣਿਜ ਲਵਣ ਦੀ ਕਮੀ ਹੋ ਜਾਂਦੀ ਹੈ। ਜੇ ਸਮੇਂ ਸਿਰ ਉਨ੍ਹਾਂ ਦਾ ਉਚਿਤ ਇਲਾਜ ਨਾ ਕਰਾਇਆ ਜਾਵੇ ਤਾਂ ਮੌਤ ਤੱਕ ਹੋ ਸਕਦੀ ਹੈ। ਛੇ ਮਹੀਨੇ ਤੱਕ ਦੀ ਉਮਰ ਦੇ ਬੱਚਿਆਂ ਵਿਚ ਇਹ ਸਮੱਸਿਆ ਉਨ੍ਹਾਂ ਬੱਚਿਆਂ ਵਿਚ ਜ਼ਿਆਦਾ ਹੁੰਦੀ ਹੈ ਜੋ ਓਪਰਾ ਦੁੱਧ ਪੀਂਦੇ ਹਨ। ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ ਨੂੰ ਇਸ ਦਾ ਸਾਹਮਣਾ ਘੱਟ ਕਰਨਾ ਪੈਂਦਾ ਹੈ।

ਛੇ ਮਹੀਨੇ ਤੋਂ ਉੱਪਰ ਵਾਲੇ ਬੱਚਿਆਂ ਵਿਚ ਇਹ ਸੰਭਾਵਨਾ ਜ਼ਿਆਦਾ ਵਧ ਜਾਂਦੀ ਹੈ, ਕਿਉਂਕਿ ਇਸ ਉਮਰ ਵਿਚ ਬੱਚੇ ਦੰਦ ਕੱਢਦੇ ਹਨ ਅਤੇ ਗੋਡਿਆਂ ਦੇ ਭਾਰ ਚੱਲਣਾ ਜਾਂ ਪੈਰ-ਪੈਰ ਚੱਲਣਾ ਸ਼ੁਰੂ ਕਰਦੇ ਹਨ। ਬੱਚੇ ਗੰਦੀਆਂ ਉਂਗਲੀਆਂ ਮੂੰਹ ਵਿਚ ਪਾਉਂਦੇ ਹਨ, ਗੰਦੇ ਖਿਡੌਣੇ ਮੂੰਹ ਵਿਚ ਪਾਉਂਦੇ ਹਨ। ਇਨ੍ਹਾਂ ਸਭ ਕਾਰਨਾਂ ਨਾਲ ਵਾਰ-ਵਾਰ ਬੱਚੇ ਡਾਇਰੀਆ ਦੇ ਸ਼ਿਕਾਰ ਹੁੰਦੇ ਹਨ।

ਗਰਮੀ ਅਤੇ ਵਰਖਾ ਰੁੱਤ ਵਿਚ ਮੱਖੀਆਂ, ਮੱਛਰ ਅਤੇ ਕਾਕਰੋਚਾਂ ਦੀ ਗਿਣਤੀ ਵਧ ਜਾਂਦੀ ਹੈ ਜੋ ਖਾਧ ਪਦਾਰਥਾਂ ਅਤੇ ਪਾਣੀ ਨੂੰ ਦੂਸ਼ਿਤ ਕਰ ਦਿੰਦੇ ਹਨ। ਇਹੀ ਖਾਧ ਪਦਾਰਥ ਅਤੇ ਪਾਣੀ ਸਰੀਰ ਦੇ ਅੰਦਰ ਪਹੁੰਚ ਕੇ ਡਾਇਰੀਆ ਦੇ ਲੱਛਣ ਪੈਦਾ ਕਰ ਦਿੰਦੇ ਹਨ। ਡਾਇਰੀਆ ਹੋਣ 'ਤੇ ਬੱਚਿਆਂ ਦਾ ਚਿਹਰਾ ਮੁਰਝਾ ਜਾਂਦਾ ਹੈ, ਅੱਖਾਂ ਅੰਦਰ ਧੱਸ ਜਾਂਦੀਆਂ ਹਨ, ਚਮੜੀ 'ਤੇ ਝੁਰੜੀਆਂ ਦਿਖਾਈ ਦਿੰਦੀਆਂ ਹਨ, ਮੂੰਹ ਵਾਰ-ਵਾਰ ਸੁੱਕਣ ਲਗਦਾ ਹੈ ਅਤੇ ਮੂਤਰ ਵਿਸਰਜਨ ਵਿਚ ਕਮੀ ਹੁੰਦੀ ਹੈ। ਅਜਿਹੀ ਸਥਿਤੀ ਵਿਚ ਬੁਖਾਰ ਵੀ ਹੋ ਜਾਂਦਾ ਹੈ ਅਤੇ ਬੇਚੈਨੀ ਹੋਣ ਲਗਦੀ ਹੈ। ਇਲਾਜ ਵਿਚ ਦੇਰੀ ਨਾ ਕਰੋ। ਤੁਰੰਤ ਬੱਚੇ ਨੂੰ ਡਾਕਟਰ ਕੋਲ ਲੈ ਜਾਓ ਅਤੇ ਉਚਿਤ ਦੇਖਭਾਲ ਕਰੋ।

ਇਲਾਜ ਅਤੇ ਬਚਾਅ

- ਬੱਚਿਆਂ ਨੂੰ ਪਾਣੀ ਉਬਾਲ ਕੇ ਉਸ ਨੂੰ ਠੰਢਾ ਕਰਕੇ ਵਾਰ-ਵਾਰ ਪਿਲਾਓ। ਪਾਣੀ ਦੀ ਕਮੀ ਸਰੀਰ ਵਿਚ ਨਾ ਹੋਣ ਦਿਓ।
- ਬੱਚਿਆਂ ਨੂੰ ਕੁਝ ਵੀ ਤਰਲ ਪਦਾਰਥ ਦਿੰਦੇ ਸਮੇਂ ਥੋੜ੍ਹਾ ਸਿਰ ਉੱਪਰ ਕਰਕੇ ਪਿਲਾਓ।
- ਹਰ ਦਸਤ ਤੋਂ ਬਾਅਦ ਬੱਚੇ ਨੂੰ ਪਾਣੀ ਪੀਣ ਲਈ ਦਿਓ।
- ਪਾਣੀ ਦਾ ਸਵਾਦ ਚੰਗਾ ਨਾ ਲੱਗੇ ਤਾਂ ਤਾਜ਼ੇ ਪਾਣੀ ਦੀ ਸ਼ਿਕੰਜਵੀ ਦਿੰਦੇ ਰਹੋ।



- ਘਰ ਵਿਚ ਹੀ ਓ.ਆਰ.ਐਸ. ਦਾ ਘੋਲ ਤਿਆਰ ਕਰਕੇ ਬੱਚੇ ਨੂੰ ਥੋੜ੍ਹੇ-ਥੋੜ੍ਹੇ ਚਿਰ ਬਾਅਦ ਦਿੰਦੇ ਰਹੋ। 1 ਲਿਟਰ ਪਾਣੀ ਉਬਾਲ ਕੇ ਠੰਢਾ ਕਰ ਲਓ। ਉਸ ਵਿਚ ਛੋਟੇ 4 ਚਮਚ ਖੰਡ, ਛੋਟਾ ਇਕ ਚਮਚ ਨਮਕ ਮਿਲਾ ਕੇ ਘੋਲ ਤਿਆਰ ਕਰਕੇ ਰੱਖ ਲਓ।
- ਬੱਚਿਆਂ ਨੂੰ ਸਾਫ਼ ਹੱਥਾਂ ਨਾਲ ਚੁੱਕੋ ਅਤੇ ਕੁਝ ਵੀ ਦਿੰਦੇ ਸਮੇਂ ਹੱਥ ਧੋ ਕੇ ਦਿਓ।
- ਛੋਟੇ ਬੱਚਿਆਂ ਨੂੰ ਚੌਲਾਂ ਦਾ ਪਾਣੀ ਵੀ ਥੋੜ੍ਹਾ ਜਿਹਾ ਨਮਕ ਮਿਲਾ ਕੇ ਦਿੱਤਾ ਜਾ ਸਕਦਾ ਹੈ।
- ਘਰ ਦਾ ਜੰਮਿਆ ਹੋਇਆ ਦਹੀਂ ਜਾਂ ਉਸ ਦਾ ਪਾਣੀ ਕੱਢ ਕੇ ਵੀ ਦੇ ਸਕਦੇ ਹੋ।
- ਡਾਇਰੀਆ ਵਾਲੇ ਬੱਚਿਆਂ ਦੇ ਭੋਜਨ ਅਤੇ ਪਾਣੀ ਦੀ ਸ਼ੁੱਧਤਾ 'ਤੇ ਵਿਸ਼ੇਸ਼ ਧਿਆਨ ਦਿਓ।
- ਬੱਚਿਆਂ ਨੂੰ ਹਲਕਾ ਭੋਜਨ ਦਹੀਂ, ਚੌਲ, ਖਿਚੜੀ, ਹਰੀਆਂ ਸਬਜ਼ੀਆਂ ਖਾਣ ਨੂੰ ਦਿਓ।
- ਘਰ ਦੀ ਸ਼ੁੱਧਤਾ 'ਤੇ ਵੀ ਧਿਆਨ ਦਿਓ। ਖਾਣਾ ਢਕ ਕੇ ਰੱਖੋ ਤਾਂ ਕਿ ਮੱਖੀਆਂ, ਮੱਛਰ ਜਾਂ ਕਾਕਰੋਚ ਉਨ੍ਹਾਂ 'ਤੇ ਨਾ ਬੈਠਣ।
- ਖਾਣਾ ਤਾਜ਼ਾ ਖਾਣ ਨੂੰ ਦਿਓ।
- ਬੱਚਿਆਂ ਦੇ ਨਹੁੰ ਕੱਟ ਕੇ ਰੱਖੋ।
- ਬੋਤਲ ਨਾਲ ਦੁੱਧ ਪੀਣ ਵਾਲੇ ਬੱਚਿਆਂ ਨੂੰ ਬੋਤਲ ਅਤੇ ਨਿੱਪਲ ਉਬਾਲ ਕੇ ਦੁੱਧ ਦਿਓ। ਓਪਰੇ ਦੁੱਧ ਦੀ ਮਾਤਰਾ ਘੱਟ ਕਰ ਦਿਓ।
- ਮਾਂ ਆਪਣਾ ਦੁੱਧ ਬਿਨਾਂ ਝਿਜਕ ਦੇ ਬੱਚੇ ਨੂੰ ਪਿਲਾ ਸਕਦੀ ਹੈ।
- ਬੱਚਿਆਂ ਦੇ ਮਲ ਵਾਲੇ ਕੱਪੜੇ ਇਧਰ-ਉਧਰ ਨਾ ਰੱਖੋ। ਉਨ੍ਹਾਂ ਨੂੰ ਧੋ ਕੇ, ਡਿਟੋਲ ਵਿਚ ਭਿਉਂ ਕੇ ਸੁਕਾਓ।
- ਬੱਚਿਆਂ ਨੂੰ ਟੌਫੀ, ਬਿਸਕੁਟ, ਚਾਕਲੇਟ ਆਦਿ ਖਾਣ ਨੂੰ ਨਾ ਦਿਓ।
- ਡਾਇਰੀਆ ਠੀਕ ਹੋਣ ਤੋਂ ਬਾਅਦ ਵੀ ਬੱਚਿਆਂ ਦੇ ਖਾਣ-ਪੀਣ 'ਤੇ ਪੂਰਾ ਧਿਆਨ ਦਿਓ।

## ਮਾਨਸਿਕ ਤਣਾਓ ਬਣ ਰਿਹਾ ਖ਼ੁਦਕੁਸ਼ੀ ਦਾ ਕਾਰਨ



ਲਿਖਤ

ਸੁਰਿੰਦਰ ਕੌਰ ਨਗਾਰੀ

6283188928

ਅੱਜ ਕੱਲ੍ਹ ਦੀ ਭੱਜ ਦੌੜ ਭਰੀ ਜ਼ਿੰਦਗੀ ਵਿਚ ਇਕ ਦੂਜੇ ਨਾਲ ਗੱਲ ਕਰਨ ਦਾ ਕਿਸੇ ਕੋਲ ਸਮਾਂ ਹੀ ਨਹੀਂ ਹੈ । ਸਭ ਨੂੰ ਆਪੋ ਆਪਣੇ ਕੰਮਾਂ ਦੀ ਜਲਦੀ ਹੈ ,ਹਰ ਵਿਅਕਤੀ ਪਰੇਸ਼ਾਨ ਹੈ ,ਪੁਰਾਣੇ ਸਮੇਂ ਵਿੱਚ ਸਾਡੇ ਕੋਲ ਸਮਾਂ ਸੀ ਜ਼ਿਆਦਾ ਧਨ ਨਹੀਂ ਸੀ ਫਿਰ ਵੀ ਅਸੀਂ ਬਹੁਤ ਅਮੀਰ ਸੀ ਅਸੀਂ ਇੱਕ ਦੂਜੇ ਦੇ ਦੁੱਖ ਸੁੱਖ ਦੇ ਸਾਂਝੀ ਸੀ। ਵੱਡੇ ਤੋਂ ਵੱਡਾ ਮਸਲਾ ਵੀ ਮਿਲ ਬੈਠ ਕੇ ਗੱਲਬਾਤ ਰਾਹੀਂ ਹੱਲ ਕਰ ਲਿਆ ਜਾਂਦਾ ਸੀ ਉਦੋਂ ਕੋਈ ਖ਼ੁਦਕੁਸ਼ੀ ਨਹੀਂ ਕਰਦਾ ਸੀ।ਸਮੇਂ ਦੇ ਨਾਲ ਨਾਲ ਜਿਵੇਂ ਅਸੀਂ ਤਰੱਕੀ ਕੀਤੀ ਸਾਡੇ ਰੁਝੇਵੇਂ ਵਧਦੇ ਗਏ ਅਸੀਂ ਧਨ ਵਾਧੂ ਕਮਾ ਲਿਆ ਪ੍ਰੰਤੂ ਸਮੇਂ ਦੀ ਘਾਟ ਹੋ ਗਈ।ਸਾਨੂੰ ਸਹੂਲਤਾਂ ਵੱਧ ਮਿਲ ਗਈਆਂ ਹਨ ਪਰ ਕਿਤੇ ਨਾ ਕਿਤੇ ਅਸੀਂ ਇਨ੍ਹਾਂ ਸਹੂਲਤਾਂ ਕਾਰਨ ਇੱਕ ਦੂਜੇ ਤੋਂ ਦੂਰ ਹੋ ਗਏ ਹਾਂ । ਵੇਖਣ ਵਿੱਚ ਆਇਆ ਹੈ ਜਦੋਂ ਪੂਰਾ ਪਰਿਵਾਰ ਇਕੱਠਾ ਬੈਠਦਾ ਹੈ ਤਾਂ ਵੀ ਸਾਰੇ ਆਪਣੇ ਆਪਣੇ ਫੋਨ ਤੇ ਲੱਗੇ ਰਹਿੰਦੇ ਹਨ ਇੱਕ ਦੂਜੇ ਨਾਲ ਕੋਈ ਗੱਲਬਾਤ ਨਹੀਂ ਕਰਦੇ। ਇਸ ਤਰ੍ਹਾਂ ਮੋਬਾਈਲ ਫੋਨ ਨੇ ਜਿੱਥੇ ਸਾਡੇ ਦੇਸ਼ ਵਿਦੇਸ਼ ਬੈਠੇ ਭੈਣ ਭਰਾਵਾਂ ਨੂੰ ਸਾਡੇ ਨੇੜੇ ਕਰ ਦਿੱਤਾ ਹੈ ਤਾਂ ਨੇੜੇ ਬੈਠਿਆਂ ਨੂੰ ਦੂਰ ਵੀ ਕਰ ਦਿੱਤਾ ਹੈ । ਹਰ ਕੋਈ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ ਅਤੇ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਜਾਂਦਾ ਹੈ।

ਅਸਲ ਵਿੱਚ ਸਾਡੇ ਵਿੱਚ ਸਹਿਣਸ਼ੀਲਤਾ ਦੀ ਘਾਟ ਹੋ ਗਈ ਹੈ। ਅਸੀਂ ਥੋੜ੍ਹੀ ਜਿਹੀ ਪਰੇਸ਼ਾਨੀ ਵਿਚ ਹੀ ਹੌਂਸਲਾ ਛੱਡ ਦਿੰਦੇ ਹਾਂ ਅਤੇ ਸੋਚਦੇ ਹਾਂ ਕਿ ਹੁਣ ਇਸ ਦਾ ਕੋਈ ਹੱਲ ਨਹੀਂ ਅਤੇ ਮਰ ਜਾਣ ਨੂੰ ਹੀ ਬਿਹਤਰ ਸਮਝਦੇ ਹਾਂ ।ਕੋਈ ਵੀ ਮਸਲਾ ਇੰਨਾ ਵੱਡਾ ਨਹੀਂ ਹੁੰਦਾ ਜਿਸ ਦਾ ਹੱਲ ਨਾ ਹੋ ਸਕੇ ।ਜਦੋਂ ਤਕ ਜ਼ਿੰਦਗੀ ਹੈ ਦੁੱਖ ਸੁੱਖ ਨਾਲ -ਨਾਲ ਚੱਲਦੇ ਰਹਿੰਦੇ ਹਨ ਸਾਨੂੰ ਹੌਸਲਾ ਨਹੀਂ ਛੱਡਣਾ ਚਾਹੀਦਾ। ਜੇਕਰ ਸਾਡੀ ਆਮਦਨ ਘੱਟ ਹੈ ਤਾਂ ਉਸ ਵਿੱਚ ਹੀ ਗੁਜ਼ਾਰਾ ਕਰਨਾ ਸਿੱਖੋ, ਸਿਆਣਿਆ ਨੇ ਕਿਹਾ ਹੈ, "ਚਾਦਰ ਵੇਖ ਕੇ ਪੈਰ ਪਸਾਰੋ"।ਆਮਦਨ ਤੋਂ ਵੱਧ ਖਰਚ ਨਾ ਕਰੋ ,ਆਪਣੀਆਂ ਜ਼ਰੂਰਤਾਂ ਸੀਮਤ ਰੱਖੋ । ਫੋਕੀ ਟੌਹਰ ਲਈ ਕਰਜ਼ਾ ਸਿਰ ਨਾ ਚੜ੍ਹਾਓ ਤਾਂ ਜੋ ਕਰਜ਼ਾ ਖੁਦਕੁਸ਼ੀ ਦਾ ਕਾਰਨ ਨਾ ਬਣ ਸਕੇ । ਜੇਕਰ ਸਾਨੂੰ ਕੋਈ ਪਰਿਵਾਰਕ ਪ੍ਰੇਸ਼ਾਨੀ ਹੈ, ਪਤੀ ਪਤਨੀ ਵਿਚ ਅਣਬਣ ਹੈ ਜਾਂ ਕੋਈ ਹੋਰ ਤਾਂ ਸਾਨੂੰ ਗੱਲਬਾਤ ਰਾਹੀਂ ਹੱਲ ਕਰ ਲੈਣੀ ਚਾਹੀਦੀ ਹੈ ।ਪਰੇਸ਼ਾਨੀ ਦਾ ਕਾਰਨ ਕੇਵਲ ਗ਼ਰੀਬੀ ਹੀ ਨਹੀਂ ਜਿਨ੍ਹਾਂ ਲੋਕਾਂ ਦੀ ਆਰਥਿਕ ਸਥਿਤੀ ਬਹੁਤ ਚੰਗੀ ਹੈ ਵਧੀਆ ਨੌਕਰੀ ਹੈ ਉਹ ਵੀ ਖੁਦਕੁਸ਼ੀਆਂ ਕਰ ਰਹੇ ਹਨ ਘਾਟ ਹੈ ਤਾਂ ਸਿਰਫ਼ ਸਮੇਂ ਦੀ, ਪਤੀ ਪਤਨੀ ਇੱਕ ਦੂਜੇ ਤੋਂ ਪਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰ ਰਹੇ ਹਨ ਜੋ ਕਿ ਕਿਸੇ ਮਸਲੇ ਦਾ ਹੱਲ ਨਹੀਂ ਹੈ ।ਆਪਣੇ ਪਰਿਵਾਰ ਲਈ ਸਮਾਂ ਕੱਢਣਾ ਜ਼ਰੂਰੀ ਹੈ ਜੇਕਰ ਅਸੀਂ ਦਿਨ ਭਰ ਆਪਣੇ ਕੰਮਾਂ ਵਿੱਚ ਰੁੱਝੇ ਹਾਂ ਤਾਂ ਸ਼ਾਮ ਨੂੰ ਆਪਣੇ ਕੰਮ ਕਾਰ ਨਿਪਟਾ ਕੇ ਘੁੰਮਣ ਜਰੂਰ ਜਾਓ ਆਪਸ ਵਿੱਚ ਗੱਲਬਾਤ ਕਰੋ ਜੋ ਵੀ ਇੱਕ ਦੂਜੇ ਪ੍ਰਤੀ ਸ਼ਿਕਾਇਤ ਹੈ ਦੱਸੋ ਇੱਕ ਦੂਜੇ ਨੂੰ ਸਮਝੋ ਕੋਈ ਵੀ ਕੋਈ ਗੱਲ ਜ਼ਿਆਦਾ ਵੱਡੀ ਨਹੀਂ ਹੁੰਦੀ ।ਇਸ ਤਰ੍ਹਾਂ ਕਰਨ ਨਾਲ ਮਨ ਹਲਕਾ ਹੋ ਜਾਵੇਗਾ ਅਤੇ ਅਸੀਂ ਚਿੰਤਾਮੁਕਤ ਹੋ ਜਾਵਾਂਗੇ । ਜ਼ਿੰਦਗੀ ਬਹੁਤ ਖ਼ੂਬਸੂਰਤ ਹੈ ਇਸ ਨੂੰ ਮਾਣੋ ਵਿਅਰਥ ਨਾ ਗਵਾਓ ।



ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Canadian-born, Vegetarian, Jatt Sikh boy. 30 years old. Medical Professional; currently working at Vancouver Coastal Health. Seeking a match with a girl from a Gursikh family who is also Canadian-born and Vegetarian. Please call 778-709-9910

............................................

**ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ 32 ਸਾਲਾ 6 ਫੁੱਟ ਸਰਦਾਰ ਤਲਾਕਸ਼ੁਦਾ ਕੈਲਗਰੀ ਵਿੱਚ ਰਹਿੰਦੇ ਲੜਕੇ ਲਈ ਘੱਟੋ-ਘੱਟ 5.5 ਕੱਦ ਵਾਲੀ ਕਨੇਡਾ ਵਿੱਚ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 422 1833, 604 441 2723** 17-04

....................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## BRIDE WANTED

ਜੌਹਲ ਪਰਿਵਾਰ ਦਾ ਖ਼ੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ 'ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ। ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ : 604-616-2171 RS- 05-12



# ਕਰੋਨਾ ਵਾਂਗ ਹਵਾ ਰਾਹੀਂ ਨਹੀਂ ਫੈਲਦਾ ਹੰਟਾਵਾਇਰਸ

ਸਰੀ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਸਿਹਤ ਅਧਿਕਾਰੀ ਡਾ. ਬੋਨੀ ਹੈਨਰੀ ਨੇ ਹੰਟਾਵਾਇਰਸ ਦੇ ਨਵੇਂ ਮਾਮਲਿਆਂ ਅਤੇ ਇਸ ਸਬੰਧੀ ਫੈਲੀ ਚਿੰਤਾ ਬਾਰੇ ਸੋਮਵਾਰ ਨੂੰ ਇੱਕ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਰੋਨਾ ਮਹਾਂਮਾਰੀ ਦੇ ਦੌਰ ਤੋਂ ਬਾਅਦ ਕਿਸੇ ਨਵੇਂ ਵਾਇਰਸ ਦੀ ਖ਼ਬਰ ਸੁਣ ਕੇ ਪ੍ਰੇਸ਼ਾਨ ਹੋਣਾ ਸੁਭਾਵਿਕ ਹੈ ਪਰ ਲੋਕਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਹੰਟਾਵਾਇਰਸ ਇੱਕ ਬਿਲਕੁਲ ਵੱਖਰੀ ਕਿਸਮ ਦਾ ਵਾਇਰਸ ਹੈ। ਐਤਵਾਰ ਨੂੰ ਐਮ.ਵੀ. ਹੌਂਡੀਅਸ ਕਰੂਜ਼ ਜਹਾਜ਼ ਤੋਂ 4 ਕੈਨੇਡੀਅਨ ਨਾਗਰਿਕ ਬੀ.ਸੀ. ਪਹੁੰਚੇ ਹਨ ਜਿਨ੍ਹਾਂ ਵਿੱਚੋਂ 2 ਯੂਕੋਨ ਦੇ ਹਨ, 1 ਬੀ.ਸੀ. ਦਾ ਵਸਨੀਕ ਹੈ ਅਤੇ 1 ਵਿਦੇਸ਼ ਵਿੱਚ ਰਹਿੰਦਾ ਹੈ। ਮਈ ਦੇ ਸ਼ੁਰੂ ਵਿੱਚ ਇਸ ਜਹਾਜ਼ ਉੱਤੇ ਹੰਟਾਵਾਇਰਸ ਦੇ ਮਾਮਲੇ ਸਾਹਮਣੇ ਆਏ ਸਨ। ਜਦੋਂ ਇਹ ਘਟਨਾ ਵਾਪਰੀ ਸੀ ਤਾਂ ਉਸ ਸਮੇਂ ਜਹਾਜ਼ ਵਿੱਚ ਕੁੱਲ 147 ਮੁਸਾਫ਼ਰ ਅਤੇ ਅਮਲਾ ਮੌਜੂਦ ਸੀ।

ਇਸ ਵਾਇਰਸ ਕਾਰਨ ਹੁਣ ਤੱਕ 3 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਡਾ. ਹੈਨਰੀ ਅਨੁਸਾਰ 9 ਲੋਕਾਂ ਦੇ ਟੈਸਟ ਪਾਜ਼ੀਟਿਵ ਆਏ ਹਨ। ਮੌਜੂਦਾ ਸਮੇਂ ਵਿੱਚ ਫਰਾਂਸ, ਨੀਦਰਲੈਂਡ ਅਤੇ ਸਵਿਟਜ਼ਰਲੈਂਡ ਵਰਗੇ ਦੇਸ਼ਾਂ ਵਿੱਚ ਕਈ ਲੋਕ ਹਸਪਤਾਲ ਵਿੱਚ ਦਾਖ਼ਲ ਹਨ। ਵਿਸ਼ਵ ਸਿਹਤ ਸੰਸਥਾ ਅਨੁਸਾਰ ਹੰਟਾਵਾਇਰਸ ਚੂਹਿਆਂ ਰਾਹੀਂ ਫੈਲਣ ਵਾਲੀ ਬਿਮਾਰੀ ਹੈ। ਇਨਸਾਨਾਂ ਵਿੱਚ ਇਹ ਸੰਕਰਮਣ ਚੂਹਿਆਂ ਦੇ ਪਿਸ਼ਾਬ, ਮਲ ਜਾਂ ਲਾਰ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ ਹੁੰਦਾ ਹੈ। ਕਰੋਨਾ ਜਾਂ ਇਨਫਲੂਐਂਜ਼ਾ ਵਰਗੀਆਂ ਬਿਮਾਰੀਆਂ ਦੇ ਉਲਟ ਇਹ ਵਾਇਰਸ ਹਵਾ ਰਾਹੀਂ ਨਹੀਂ ਫੈਲਦਾ ਅਤੇ ਇਨਸਾਨ ਤੋਂ ਇਨਸਾਨ ਵਿੱਚ ਇਸ ਦਾ ਸੰਚਾਰ ਬਹੁਤ ਹੀ ਦੁਰਲੱਭ ਮਾਮਲਿਆਂ ਵਿੱਚ ਦੇਖਿਆ ਜਾਂਦਾ ਹੈ। ਡਾ. ਹੈਨਰੀ ਨੇ ਸਪੱਸ਼ਟ ਕੀਤਾ ਕਿ ਇਸ ਵਾਇਰਸ ਦੇ ਵਿਸ਼ਾਲ ਰੂਪ ਧਾਰਨ ਕਰਨ ਜਾਂ ਮਹਾਂਮਾਰੀ ਬਣਨ ਦੀ ਕੋਈ ਸੰਭਾਵਨਾ ਨਹੀਂ ਹੈ ਪਰ ਇਹ ਇੱਕ ਗੰਭੀਰ ਬਿਮਾਰੀ ਹੈ ਜਿਸ ਦਾ ਤੁਰੰਤ ਇਲਾਜ ਜ਼ਰੂਰੀ ਹੈ।

ਸਿਹਤ ਮਾਹਿਰਾਂ ਅਨੁਸਾਰ ਹੰਟਾਵਾਇਰਸ ਫੇਫੜਿਆਂ ਦੇ ਡੂੰਘੇ ਹਿੱਸਿਆਂ ਵਿੱਚ ਇਨਫੈਕਸ਼ਨ ਪੈਦਾ ਕਰਦਾ ਹੈ ਅਤੇ ਕਈ ਮਾਮਲਿਆਂ ਵਿੱਚ ਗੁਰਦੇ ਵੀ ਫੇਲ੍ਹ ਕਰ ਸਕਦਾ ਹੈ। ਕਰੋਨਾ ਦੇ ਲੱਛਣ ਜਿਵੇਂ ਕਿ ਗਲੇ ਵਿੱਚ ਖ਼ਰਾਸ਼ ਜਾਂ ਨੱਕ ਵਗਣਾ ਇਸ ਵਿੱਚ ਘੱਟ ਹੀ ਦੇਖੇ ਜਾਂਦੇ ਹਨ। ਇਸ ਦੇ ਮੁੱਖ ਲੱਛਣਾਂ ਵਿੱਚ ਤੇਜ਼ ਬੁਖ਼ਾਰ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ ਅਤੇ ਉਲਟੀ ਆਉਣਾ ਸ਼ਾਮਲ ਹਨ। ਇਸ ਵਾਇਰਸ ਦਾ ਪ੍ਰਭਾਵ ਦਿਖਣ ਵਿੱਚ 1 ਤੋਂ 8 ਹਫ਼ਤਿਆਂ ਦਾ ਸਮਾਂ ਲੱਗ ਸਕਦਾ ਹੈ। ਡਾ. ਹੈਨਰੀ ਨੇ ਦੱਸਿਆ ਕਿ ਜਹਾਜ਼ ਉੱਤੇ ਮਿਲੀ ਐਂਡੀਜ਼ ਸਟ੍ਰੇਨ ਬੀ.ਸੀ. ਵਿੱਚ ਪਾਈ ਜਾਣ ਵਾਲੀ ਸਟ੍ਰੇਨ ਨਾਲੋਂ ਵੱਖਰੀ ਹੈ। ਬੀ.ਸੀ. ਵਿੱਚ 1990 ਤੋਂ ਬਾਅਦ ਹਰ ਸਾਲ ਔਸਤਨ 0 ਤੋਂ 2 ਮਾਮਲੇ ਹੀ ਸਾਹਮਣੇ ਆਏ ਹਨ। ਇੱਕ ਹੋਰ ਰਾਹਤ ਵਾਲੀ ਗੱਲ ਇਹ ਹੈ ਕਿ ਇਹ ਵਾਇਰਸ ਕਰੋਨਾ ਵਾਂਗ ਬਹੁਤ ਤੇਜ਼ੀ ਨਾਲ ਆਪਣਾ ਰੂਪ ਨਹੀਂ ਬਦਲਦਾ।



# ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਲੂਮਨਾਈ ਬੀ.ਸੀ. ਚੈਪਟਰ ਵੱਲੋਂ ਸਾਲਾਨਾ ਸਮਾਰੋਹ 22 ਮਈ ਨੂੰ

ਸਰੀ, (ਹਰਦਮ ਮਾਨ): ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਅਤੇ ਵਿਦੇਸ਼ਾਂ ਵਿੱਚ ਬੈਠੇ ਪੁਰਾਣੇ ਵਿਦਿਆਰਥੀਆਂ ਨੂੰ ਇੱਕ-ਦੂਜੇ ਨਾਲ ਜੋੜਨ ਲਈ 'ਪੰਜਾਬੀ ਯੂਨੀਵਰਸਿਟੀ ਐਲੂਮਨਾਈ ਬੀ.ਸੀ. ਚੈਪਟਰ' ਵੱਲੋਂ ਇਸ ਸਾਲ ਦਾ ਸ਼ਾਨਦਾਰ ਸਾਲਾਨਾ ਸਮਾਰੋਹ ਕਰਵਾਇਆ ਜਾ ਰਿਹਾ ਹੈ। ਇਸ ਵਾਰ ਦੇ ਸਮਾਰੋਹ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਪ੍ਰੋਗਰਾਮ ਦੀ ਪੂਰੀ ਜ਼ਿੰਮੇਵਾਰੀ ਯੂਨੀਵਰਸਿਟੀ ਦੇ ਮਸ਼ਹੂਰ ਥੀਏਟਰ ਅਤੇ ਟੈਲੀਵਿਜ਼ਨ ਵਿਭਾਗ ਨੇ ਸੰਭਾਲੀ ਹੈ। ਦਰਸ਼ਕਾਂ ਨੂੰ ਕਲਾ, ਸੱਭਿਆਚਾਰ ਅਤੇ ਉੱਚ ਪੱਧਰੀ ਮਨੋਰੰਜਨ ਦਾ ਅਜਿਹਾ ਸੁਮੇਲ ਦੇਖਣ ਨੂੰ ਮਿਲੇਗਾ, ਜੋ ਯਕੀਨਨ ਸਭ ਨੂੰ ਪਟਿਆਲਾ ਕੈਂਪਸ ਦੇ ਉਹਨਾਂ ਰੰਗੀਨ ਦਿਨਾਂ ਦੀ ਯਾਦ ਦਿਵਾ ਦੇਵੇਗਾ।

ਇਹ ਸਮਾਗਮ 22 ਮਈ ਨੂੰ ਸ਼ਾਮ 6:00 ਵਜੇ ਤੋਂ ਗ੍ਰੈਂਡ ਤਾਜ ਬੈਨਕੁਇਟ ਹਾਲ ਵਿਖੇ ਸ਼ੁਰੂ ਹੋਵੇਗਾ। ਪ੍ਰਬੰਧਕਾਂ ਵੱਲੋਂ ਸਮੂਹ ਐਲੂਮਨਾਈ ਮੈਂਬਰਾਂ ਨੂੰ ਨਿੱਘਾ ਸੱਦਾ ਦਿੱਤਾ ਗਿਆ ਹੈ ਕਿ ਉਹ ਆਪਣੇ ਪਰਿਵਾਰਾਂ ਅਤੇ ਦੋਸਤਾਂ ਸਮੇਤ ਇਸ ਯਾਦਗਾਰੀ ਸ਼ਾਮ ਦਾ ਹਿੱਸਾ ਬਣਨ। ਇਹ ਮਿਲਣੀ ਨਾ ਸਿਰਫ਼ ਪੁਰਾਣੇ ਸਾਥੀਆਂ ਨੂੰ ਮਿਲਣ ਦਾ ਜ਼ਰੀਆ ਬਣੇਗੀ, ਸਗੋਂ ਪੰਜਾਬੀ ਵਿਰਸੇ ਅਤੇ ਕਲਾ ਨਾਲ ਮੁੜ ਜੁੜਨ ਦਾ ਵੀ ਇੱਕ ਸੁਨਹਿਰੀ ਮੌਕਾ ਹੋਵੇਗੀ।

ਵਧੇਰੇ ਜਾਣਕਾਰੀ ਲਈ ਮਨਦੀਪ ਧਾਲੀਵਾਲ (604-765-1111), ਕੁਲਦੀਪ ਸਿੱਧੂ (778-886-4500), ਪਰਮਿੰਦਰ ਭਾਟੀਆ (604-657-7750) ਅਤੇ ਮੀਰਾ ਗਿੱਲ (778-552-6472) ਨਾਲ ਸੰਪਰਕ ਕੀਤਾ ਜਾ ਸਕਦਾ ਹੈ।




# ਐਬਸਫੋਰਡ ਵਿੱਚ 4 ਜੁਲਾਈ ਨੂੰ ਸੱਭਿਆਚਾਰਕ ਰੰਗ ਬਿਖੇਰੇਗਾ 'ਮੇਲਾ ਵਿਰਸੇ ਦਾ 2026'

ਐਬਸਫੋਰਡ, (ਹਰਦਮ ਮਾਨ)-ਵਿਰਸਾ ਫਾਊਂਡੇਸ਼ਨ ਵੱਲੋਂ ਪੰਜਾਬੀ ਸੱਭਿਆਚਾਰ ਅਤੇ ਵਿਰਾਸਤ ਨੂੰ ਸਮਰਪਿਤ '10ਵਾਂ ਸਾਲਾਨਾ ਮੇਲਾ ਵਿਰਸੇ ਦਾ 2026' ਆਉਂਦੀ 4 ਜੁਲਾਈ ਨੂੰ ਐਬਸਫੋਰਡ ਦੇ ਐਗ-ਰੈੱਕ ਸੈਂਟਰ (Ag-Rec Centre) ਵਿਖੇ ਬੜੀ ਧੂਮ-ਧਾਮ ਨਾਲ ਕਰਵਾਇਆ ਜਾ ਰਿਹਾ ਹੈ। ਮੇਲੇ ਦੇ ਪ੍ਰਬੰਧਕਾਂ ਅਨੁਸਾਰ ਇਸ ਮੇਲੇ ਵਿਚ ਮਨੋਰੰਜਨ ਦੇ ਨਾਲ ਨਾਲ 'ਹੌਸਪਿਸ ਐਂਡ ਗ੍ਰੀਫ ਸੁਸਾਇਟੀ' ਲਈ ਇੱਕ ਚੈਰਿਟੀ ਫੰਡ ਇੱਕਤਰ ਕੀਤਾ ਜਾਵੇਗਾ।

ਮੇਲੇ ਦੀ ਰੌਣਕ ਵਧਾਉਣ ਲਈ ਪੰਜਾਬੀ ਸੰਗੀਤ ਜਗਤ ਦੇ ਨਾਮਵਰ ਕਲਾਕਾਰ ਏਕਨੂਰ ਧਾਲੀਵਾਲ, ਅਨਮੋਲ ਰਤਨ ਗਰੁੱਪ, ਰਮਨ ਸੰਧੂ, ਅਮਨ ਰੋਜ਼ੀ, ਗੁਰਦੇਵ ਕੌਰ ਅਤੇ ਜਿੰਦਰ ਸੈਣੀ ਆਪਣੀ ਗਾਇਕੀ ਦਾ ਜਾਦੂ ਬਿਖੇਰਨਗੇ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਕੈਲਗਰੀ ਤੋਂ ਡਾ. ਬਲਵਿੰਦਰ ਕੌਰ ਬਰਾੜ ਅਤੇ ਯੂ.ਕੇ. ਤੋਂ ਦਿਵਦੀਪ ਕੌਰ ਬਰਾੜ ਸ਼ਿਰਕਤ ਕਰਨਗੇ। ਪ੍ਰਬੰਧਕਾਂ ਨੇ ਦੱਸਿਆ ਕਿ ਇਹ ਮੇਲਾ ਵਿਸ਼ੇਸ਼ ਤੌਰ 'ਤੇ ਸਿਰਫ਼ ਬੀਬੀਆਂ ਲਈ ਰੱਖਿਆ ਗਿਆ ਹੈ ਜਿੱਥੇ ਉਨ੍ਹਾਂ ਲਈ ਪ੍ਰਦਰਸ਼ਨੀਆਂ, ਮਨੋਰੰਜਕ ਪ੍ਰੋਗਰਾਮ ਅਤੇ ਖਾਣ-ਪੀਣ ਦੇ ਵਿਸ਼ੇਸ਼ ਸਟਾਲ ਲਾਏ ਜਾਣਗੇ।

ਇਹ ਮੇਲਾ 4 ਜੁਲਾਈ 2026 ਨੂੰ ਦੁਪਹਿਰ 12:30 ਵਜੇ ਤੋਂ ਸ਼ਾਮ 6:30 ਵਜੇ ਤੱਕ 32470 Haida Dr, Abbotsford ਵਿਖੇ ਹੋਵੇਗਾ। ਮੇਲੇ ਸਬੰਧੀ ਵਧੇਰੇ ਜਾਣਕਾਰੀ ਲਈ ਵਿਰਸਾ ਟੀਮ ਨਾਲ 604-765-0151 'ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਬੀਸੀ ਸਰਕਾਰ ਵਲੋਂ 'ਗ੍ਰੈਬ-ਐਂਡ-ਗੋ' ਕਿੱਟ ਜਾਰੀ

ਸਰੀ, (ਏਕਜੋਤ ਸਿੰਘ): ਸੂਬਾ ਸਰਕਾਰ ਨੇ ਨਿਵਾਸੀਆਂ ਨੂੰ ਕੁਦਰਤੀ ਆਫ਼ਤਾਂ ਅਤੇ ਹੰਗਾਮੀ ਹਾਲਤਾਂ ਦੌਰਾਨ ਤੁਰੰਤ ਸੁਰੱਖਿਅਤ ਨਿਕਾਸੀ ਲਈ ਇੱਕ 'ਗ੍ਰੈਬ-ਐਂਡ-ਗੋ' ਕਿੱਟ ਤਿਆਰ ਰੱਖਣ ਦੀ ਸਲਾਹ ਦਿੱਤੀ ਹੈ। ਇਹ ਛੋਟੀ ਐਮਰਜੈਂਸੀ ਕਿੱਟ ਇਸ ਤਰੀਕੇ ਨਾਲ ਤਿਆਰ ਕੀਤੀ ਜਾਣੀ ਚਾਹੀਦੀ ਹੈ ਕਿ ਨਿਕਾਸੀ ਦੇ ਆਦੇਸ਼ ਮਿਲਣ 'ਤੇ ਇਸਨੂੰ ਆਸਾਨੀ ਨਾਲ ਨਾਲ ਲਿਜਾਇਆ ਜਾ ਸਕੇ। ਸਰਕਾਰ ਅਨੁਸਾਰ ਇਨ੍ਹਾਂ ਸਪਲਾਈਆਂ ਨੂੰ ਪਲਾਸਟਿਕ ਦੇ ਡੱਬਿਆਂ ਜਾਂ ਡਫਲ ਬੈਗਾਂ ਵਿੱਚ ਰੱਖਣਾ ਚਾਹੀਦਾ ਹੈ ਅਤੇ ਘਰ ਦੇ ਅਜਿਹੇ ਹਿੱਸੇ ਵਿੱਚ ਰੱਖਣਾ ਚਾਹੀਦਾ ਹੈ ਜਿੱਥੋਂ ਇਨ੍ਹਾਂ ਨੂੰ ਚੁੱਕਣਾ ਸੁਖਾਲਾ ਹੋਵੇ। ਸਾਲ 2025 ਦੇ ਜੰਗਲੀ ਅੱਗ ਦੇ ਸੀਜ਼ਨ ਦੌਰਾਨ ਸੂਬੇ ਦੇ 30 ਭਾਈਚਾਰੇ ਪ੍ਰਭਾਵਿਤ ਹੋਏ ਸਨ ਅਤੇ ਲਗਭਗ 2,670 ਲੋਕਾਂ ਨੂੰ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣਾ ਪਿਆ ਸੀ। ਜੰਗਲੀ ਅੱਗ ਤੋਂ ਇਲਾਵਾ ਵਾਯੂਮੰਡਲ ਦੀਆਂ ਨਦੀਆਂ ਅਤੇ ਹੜ੍ਹਾਂ ਵਰਗੀਆਂ ਆਫ਼ਤਾਂ ਕਾਰਨ ਵੀ ਅਕਸਰ ਨਿਕਾਸੀ ਦੀਆਂ ਚੇਤਾਵਨੀਆਂ ਜਾਰੀ ਹੁੰਦੀਆਂ ਰਹਿੰਦੀਆਂ ਹਨ।

ਇਸ ਸਬੰਧੀ ਪ੍ਰੀਪੇਅਰਡ ਬੀਸੀ ਵੱਲੋਂ ਵਿਸਤ੍ਰਿਤ ਜਾਣਕਾਰੀ ਸਾਂਝੀ ਕੀਤੀ ਗਈ ਹੈ ਤਾਂ ਜੋ ਨਾਗਰਿਕ ਕਿਸੇ ਵੀ ਅਣਸੁਖਾਵੀਂ ਘਟਨਾ ਲਈ ਪਹਿਲਾਂ ਹੀ ਤਿਆਰ ਰਹਿਣ। ਇਸ ਕਿੱਟ ਵਿੱਚ ਖਾਣ-ਪੀਣ ਦਾ ਅਜਿਹਾ ਸਾਮਾਨ ਹੋਣਾ ਚਾਹੀਦਾ ਹੈ ਜੋ ਜਲਦੀ ਖ਼ਰਾਬ ਨਾ ਹੋਵੇ ਅਤੇ ਘੱਟੋ-ਘੱਟ 3 ਦਿਨਾਂ ਤੋਂ 1 ਹਫ਼ਤੇ ਤੱਕ ਚੱਲ ਸਕੇ। ਇਸ ਦੇ ਨਾਲ ਹੀ ਇੱਕ ਮੈਨੂਅਲ ਕੈਨ ਓਪਨਰ ਅਤੇ ਪ੍ਰਤੀ ਵਿਅਕਤੀ ਰੋਜ਼ਾਨਾ 4 ਲੀਟਰ ਪੀਣ ਵਾਲਾ ਪਾਣੀ ਰੱਖਣਾ ਲਾਜ਼ਮੀ ਹੈ। ਤਕਨੀਕੀ ਸਾਮਾਨ ਵਜੋਂ ਫ਼ੋਨ ਚਾਰਜਰ, ਬੈਟਰੀ ਬੈਂਕ, ਬੈਟਰੀ ਜਾਂ ਹੱਥ ਨਾਲ ਚੱਲਣ ਵਾਲਾ ਰੇਡੀਓ ਅਤੇ ਫਲੈਸ਼ਲਾਈਟ ਸਮੇਤ ਵਾਧੂ ਬੈਟਰੀਆਂ ਵੀ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਸਿਹਤ ਸੁਰੱਖਿਆ ਲਈ ਫਸਟ-ਏਡ ਕਿੱਟ, ਜ਼ਰੂਰੀ ਦਵਾਈਆਂ, ਨਿੱਜੀ ਸਫਾਈ ਦਾ ਸਾਮਾਨ ਅਤੇ ਐਨਕਾਂ ਜਾਂ ਕੰਟੈਕਟ ਲੈਂਸ ਵੀ ਕਿੱਟ ਦਾ ਹਿੱਸਾ ਹੋਣੇ ਚਾਹੀਦੇ ਹਨ। ਦਸਤਾਵੇਜ਼ਾਂ ਦੇ ਤੌਰ 'ਤੇ ਐਮਰਜੈਂਸੀ ਪਲਾਨ ਦੀ ਕਾਪੀ, ਬੀਮਾ ਕਾਗਜ਼ਾਤ ਅਤੇ ਪਛਾਣ ਪੱਤਰਾਂ ਦੀਆਂ ਫੋਟੋ ਕਾਪੀਆਂ ਰੱਖਣੀਆਂ ਅਹਿਮ ਹਨ। ਇਸ ਤੋਂ ਇਲਾਵਾ ਕੁਝ ਨਕਦੀ, ਸਥਾਨਕ ਨਕਸ਼ਾ, ਮੌਸਮ ਅਨੁਸਾਰ ਕੱਪੜੇ, ਐਮਰਜੈਂਸੀ ਕੰਬਲ, ਪੈੱਨ, ਨੋਟਪੈਡ ਅਤੇ ਇੱਕ ਸੀਟੀ ਵੀ ਕਿੱਟ ਵਿੱਚ ਰੱਖਣੀ ਚਾਹੀਦੀ ਹੈ ਤਾਂ ਜੋ ਮੁਸ਼ਕਲ ਸਮੇਂ ਵਿੱਚ ਕਿਸੇ ਦੀ ਮਦਦ ਲਈ ਇਸ਼ਾਰਾ ਕੀਤਾ ਜਾ ਸਕੇ। This report was written by Ekjot Singh as part of the Local Journalism Initiative.

# ਕੈਨੇਡਾ ਵਿੱਚ ਆਨਲਾਈਨ ਡੇਟਿੰਗ ਅਤੇ ਫੋਰਮਾਂ ਰਾਹੀਂ ਧੋਖਾਧੜੀ ਦੇ ਮਾਮਲਿਆਂ ਵਿੱਚ ਰਿਕਾਰਡ ਵਾਧਾ

ਸਰੀ, (ਏਕਜੋਤ ਸਿੰਘ): ਟਰਾਂਸਯੂਨੀਅਨ ਵੱਲੋਂ 2025 ਦੇ ਅੰਤ ਵਿੱਚ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਦੇ ਨਤੀਜੇ ਬੁੱਧਵਾਰ ਨੂੰ ਜਾਰੀ ਕੀਤੇ ਗਏ ਹਨ। ਇਸ ਰਿਪੋਰਟ ਅਨੁਸਾਰ ਆਨਲਾਈਨ ਡੇਟਿੰਗ ਪਲੇਟਫਾਰਮਾਂ ਅਤੇ ਫੋਰਮਾਂ ਵਰਗੇ ਭਾਈਚਾਰਿਆਂ ਵਿੱਚ ਡਿਜੀਟਲ ਧੋਖਾਧੜੀ ਦਾ ਸਾਹਮਣਾ ਕਰਨ ਵਾਲੇ ਕੈਨੇਡੀਅਨਾਂ ਦੀ ਗਿਣਤੀ ਗਲੋਬਲ ਔਸਤ ਨਾਲੋਂ ਕਿਤੇ ਜ਼ਿਆਦਾ ਹੈ। ਸਰਵੇਖਣ ਵਿੱਚ 18 ਦੇਸ਼ਾਂ ਦੇ ਲਗਭਗ 13,000 ਪ੍ਰਤੀਭਾਗੀਆਂ ਨੂੰ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਵਿੱਚ 1,000 ਦੇ ਕਰੀਬ ਕੈਨੇਡੀਅਨ ਸ਼ਾਮਲ ਸਨ।



ਕੈਨੇਡੀਅਨ ਪ੍ਰਤੀਭਾਗੀਆਂ ਵਿੱਚ ਡਿਜੀਟਲ ਧੋਖਾਧੜੀ ਦੀਆਂ ਕੋਸ਼ਿਸ਼ਾਂ ਦੀ ਦਰ 11.9% ਪਾਈ ਗਈ ਹੈ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 63% ਜ਼ਿਆਦਾ ਹੈ। ਇਹ ਅੰਕੜਾ 8.1% ਦੀ ਗਲੋਬਲ ਔਸਤ ਨਾਲੋਂ ਕਾਫੀ ਵੱਧ ਹੈ। ਇਸ ਕਿਸਮ ਦੇ ਹਮਲਿਆਂ ਨੂੰ ਅਕਸਰ ਰਿਸ਼ਤਿਆਂ 'ਤੇ ਅਧਾਰਿਤ ਧੋਖਾਧੜੀ ਕਿਹਾ ਜਾਂਦਾ ਹੈ। ਟਰਾਂਸਯੂਨੀਅਨ ਕੈਨੇਡਾ ਦੇ ਡਾਇਰੈਕਟਰ ਐਂਡਰਿਊ ਸਿਗਫ੍ਰਿਡ ਅਨੁਸਾਰ ਵੀਡੀਓ ਗੇਮਿੰਗ ਅਤੇ ਸੋਸ਼ਲ ਮੀਡੀਆ ਭਾਈਚਾਰਿਆਂ ਦੀ ਵਧਦੀ ਪ੍ਰਸਿੱਧੀ ਕਾਰਨ ਠੱਗ ਇਨ੍ਹਾਂ ਥਾਵਾਂ 'ਤੇ ਸਰਗਰਮ ਹੋ ਰਹੇ ਹਨ।

ਇਹ ਧੋਖਾਧੜੀ ਵੈੱਬਸਾਈਟ ਹੈਕ ਕਰਨ ਦੀ ਬਜਾਏ ਸਿੱਧੇ ਤੌਰ 'ਤੇ ਉਪਭੋਗਤਾਵਾਂ ਦਾ ਭਰੋਸਾ ਜਿੱਤ ਕੇ ਕੀਤੀ ਜਾਂਦੀ ਹੈ। ਠੱਗ ਅਕਸਰ ਰੋਮਾਂਸ ਸਕੈਮਾਂ ਰਾਹੀਂ ਆਪਣੇ ਆਪ ਨੂੰ ਸੰਭਾਵੀ ਸਾਥੀ ਵਜੋਂ ਪੇਸ਼ ਕਰਦੇ ਹਨ ਅਤੇ ਹੌਲੀ ਹੌਲੀ ਵਿੱਤੀ ਸਹਾਇਤਾ ਦੀ ਮੰਗ ਕਰਦੇ ਹਨ। ਸਿਗਫ੍ਰਿਡ ਅਨੁਸਾਰ ਏ.ਆਈ. ਅਤੇ ਡੀਪ ਫੇਕ ਤਕਨਾਲੋਜੀ ਦੀ ਵਰਤੋਂ ਨਾਲ ਇਹ ਹਮਲੇ ਹੁਣ ਹੋਰ ਵੀ ਗੁੰਝਲਦਾਰ ਹੋ ਗਏ ਹਨ। ਕੈਨੇਡੀਅਨਾਂ ਨੂੰ ਨਿਸ਼ਾਨਾ ਬਣਾਉਣ ਦੇ ਦੋ ਮੁੱਖ ਕਾਰਨ ਸਾਡੀ ਡਿਜੀਟਲ ਸਾਧਨਾਂ ਦੀ ਵੱਧ ਵਰਤੋਂ ਅਤੇ ਦੇਸ਼ ਦੀ ਖੁਸ਼ਹਾਲੀ ਹੈ, ਜੋ ਕਿ ਠੱਗਾਂ ਲਈ ਇੱਕ ਆਕਰਸ਼ਕ ਮੌਕਾ ਪੈਦਾ ਕਰਦੀ ਹੈ।

ਸਰਵੇਖਣ ਮੁਤਾਬਕ ਚੋਰੀ ਹੋਏ ਕ੍ਰੈਡਿਟ ਕਾਰਡਾਂ ਰਾਹੀਂ 26% ਧੋਖਾਧੜੀ ਹੋਈ ਹੈ, ਜਦਕਿ ਗਲੋਬਲ ਪੱਧਰ 'ਤੇ ਇਹ ਅੰਕੜਾ 19% ਹੈ। ਹਾਲਾਂਕਿ ਕੈਨੇਡੀਅਨਾਂ ਵਿੱਚ ਵਧ ਰਹੀ ਜਾਗਰੂਕਤਾ ਕਾਰਨ ਆਨਲਾਈਨ ਰਿਟੇਲ ਵਿੱਚ 73%, ਲੌਜਿਸਟਿਕਸ ਵਿੱਚ 62% ਅਤੇ ਵਿੱਤੀ ਸੇਵਾਵਾਂ ਵਿੱਚ 32% ਧੋਖਾਧੜੀ ਦੀਆਂ ਕੋਸ਼ਿਸ਼ਾਂ ਵਿੱਚ ਕਮੀ ਆਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਡਿਜੀਟਲ ਦੁਨੀਆ ਵਿੱਚ ਸੁਰੱਖਿਅਤ ਰਹਿਣ ਲਈ ਸਿਰਫ਼ ਜਾਗਰੂਕਤਾ ਹੀ ਸਭ ਤੋਂ ਵੱਡਾ ਹਥਿਆਰ ਹੈ। ਉਪਭੋਗਤਾਵਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਕਿਸੇ ਵੀ ਸ਼ੱਕੀ ਹਾਲਤ ਵਿੱਚ ਆਪਣੀ ਨਿੱਜੀ ਜਾਣਕਾਰੀ ਸਾਂਝੀ ਨਾ ਕਰਨ। This report was written by Ekjot Singh as part of the Local Journalism Initiative.

# ਮਦਰਜ਼ ਡੇਅ ਮੌਕੇ ਅੰਤਰਰਾਸ਼ਟਰੀ ਕਵੀ ਦਰਬਾਰ ਵਿਚ ਪੰਜਾਬੀ ਸ਼ਾਇਰਾਂ ਨੇ ਮਾਂ ਦੀ ਮਮਤਾ ਨੂੰ ਕੀਤਾ ਸਿਜਦਾ

ਸਿਆਟਲ, (ਹਰਦਮ ਮਾਨ): ਪੰਜਾਬੀ ਲਿਖਾਰੀ ਸਭਾ ਸਿਆਟਲ ਅਤੇ ਪੰਜਾਬੀ ਸਭਾ ਬੈਲਿੰਗਹੈਮ ਦੇ ਸਾਂਝੇ ਉਪਰਾਲੇ ਸਦਕਾ 'ਮਦਰਜ਼ ਡੇਅ' ਦੇ ਪਾਵਨ ਮੌਕੇ 'ਤੇ ਬੀਤੇ ਐਤਵਾਰ 'ਅੰਤਰਰਾਸ਼ਟਰੀ ਕਵੀ ਦਰਬਾਰ' ਕਰਵਾਇਆ ਗਿਆ। ਇਸ ਆਨਲਾਈਨ (ਜ਼ੂਮ) ਸਮਾਗਮ ਨੇ ਅਮਰੀਕਾ, ਕੈਨੇਡਾ, ਭਾਰਤ, ਇਟਲੀ ਅਤੇ ਇੰਗਲੈਂਡ ਦੇ ਨਾਮਵਰ ਸਾਹਿਤਕਾਰਾਂ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਮਾਂ ਦੀ ਮਹਿਮਾ ਬਾਰੇ ਸੁੰਦਰ ਵਿਚਾਰਾਂ ਨਾਲ ਹੋਈ। ਲਗਭਗ ਢਾਈ ਘੰਟੇ ਚੱਲੇ ਇਸ ਕਵੀ ਦਰਬਾਰ ਵਿੱਚ ਵੱਖ-ਵੱਖ ਦੇਸ਼ਾਂ ਤੋਂ ਜੁੜੇ ਸ਼ਾਇਰਾਂ ਨੇ ਆਪਣੀਆਂ ਭਾਵਪੂਰਤ ਰਚਨਾਵਾਂ ਰਾਹੀਂ ਮਾਂ ਦੇ ਅਨੇਕਾਂ ਰੂਪਾਂ ਨੂੰ ਪੇਸ਼ ਕੀਤਾ। ਹਾਜ਼ਰੀ ਲਗਵਾਉਣ ਵਾਲੇ ਪ੍ਰਮੁੱਖ ਕਵੀਆਂ ਵਿੱਚ ਅਵਤਾਰ ਸਿੰਘ ਆਦਮਪੁਰੀ, ਡਾ. ਸੁਖਵੀਰ ਬੀਹਲਾ, ਸਰਬਜੀਤ ਸਿੰਘ ਨੂਰ, ਗੁਰਪ੍ਰੀਤ ਸੋਹਲ, ਮਨਜੀਤ ਕੌਰ ਗਿੱਲ, ਕਰਮਜੀਤ ਕੌਰ (ਇਟਲੀ), ਸੁਖਦੇਵ ਸਿੰਘ ਗੰਢਵਾਂ, ਸਰਬਜੀਤ ਕੌਰ ਹਾਜੀਪੁਰ, ਰੂਪੀ ਹੁੰਦਲ, ਪ੍ਰੋ. ਜਗੀਰ ਸਿੰਘ, ਦਵਿੰਦਰ ਕੌਰ ਗੁਰਾਇਆ, ਬਿੰਦੂ ਮਠਾਰੂ, ਮਹਿੰਦਰ ਕੌਰ ਕੁਰੂਕਸ਼ੇਤਰ, ਪ੍ਰਵੀਨ ਕੌਰ ਬਟਾਲਾ, ਸੁੱਖ ਸੁਖਵਿੰਦਰ ਕੌਰ, ਮਨਪ੍ਰੀਤ ਕੌਰ ਸੰਧੂ (ਮੁੰਬਈ), ਸੁਰਜੀਤ ਕੌਰ ਟਰੰਟੋ ਅਤੇ ਮਨਜੀਤ ਸਿੰਘ ਚਾਤ੍ਰਿਕ ਸ਼ਾਮਲ ਸਨ। ਕਵੀਆਂ ਨੇ ਜਿੱਥੇ ਮਾਂ ਦੇ ਨਿਸ਼ਕਾਮ ਪਿਆਰ ਅਤੇ ਸੰਘਰਸ਼ ਦੀ ਗਾਥਾ ਸੁਣਾਈ, ਉੱਥੇ ਹੀ ਪਰਦੇਸਾਂ ਵਿੱਚ ਵੱਸਦੇ ਬੱਚਿਆਂ ਦੇ ਦਿਲਾਂ ਵਿੱਚ ਮਾਂ ਦੀ ਯਾਦ ਦੀ ਤੜਫ ਨੂੰ ਵੀ ਬੜੀ ਸੰਵੇਦਨਸ਼ੀਲਤਾ ਨਾਲ ਬਿਆਨ ਕੀਤਾ। ਇਹ ਪ੍ਰੋਗਰਾਮ ਇੱਕ ਅਜਿਹੇ ਗੁਲਦਸਤੇ ਵਾਂਗ ਰਿਹਾ, ਜਿਸ ਵਿੱਚ ਹਰ ਕਵੀ ਇੱਕ ਵੱਖਰੇ ਰੰਗ ਅਤੇ ਖੁਸ਼ਬੂ ਵਾਲੇ ਫੁੱਲ ਵਾਂਗ ਸੀ। ਜ਼ੂਮ ਰਾਹੀਂ ਜੁੜੇ ਸਰੋਤਿਆਂ ਨੇ ਕਵੀਆਂ ਦੀਆਂ ਬਿਹਤਰੀਨ ਪੇਸ਼ਕਾਰੀਆਂ 'ਤੇ ਖੁੱਲ੍ਹ ਕੇ ਦਾਦ ਦਿੱਤੀ ਅਤੇ ਅਖੀਰ ਤੱਕ ਇਸ ਸਾਹਿਤਕ ਰੰਗ ਵਿੱਚ ਰੰਗੇ ਰਹੇ। ਸਮਾਗਮ ਦੇ ਅਖੀਰ ਵਿੱਚ ਦੋਵਾਂ ਸਭਾਵਾਂ ਦੇ ਪ੍ਰਬੰਧਕਾਂ ਵੱਲੋਂ ਸਮੂਹ ਸ਼ਾਇਰਾਂ, ਦਰਸ਼ਕਾਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਦੁਨੀਆ ਭਰ ਵਿੱਚ ਜਿਊਂਦਾ ਰੱਖਣ ਲਈ ਅਜਿਹੇ ਸਾਹਿਤਕ ਸਮਾਗਮ ਬਹੁਤ ਮਹੱਤਵਪੂਰਨ ਹਨ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕਲਮੀ ਸਾਂਝ ਅਤੇ ਸਾਹਿਤਕ ਮਿਲਾਪ ਜਾਰੀ ਰਹੇਗਾ। ਇਸ ਤਰ੍ਹਾਂ ਇਹ 'ਮਦਰਜ਼ ਡੇਅ' ਵਿਸ਼ਵ ਭਰ ਦੇ ਪੰਜਾਬੀ ਸਾਹਿਤ ਪ੍ਰੇਮੀਆਂ ਲਈ ਇੱਕ ਮਿਆਰੀ ਅਤੇ ਕਦੇ ਨਾ ਭੁੱਲਣ ਵਾਲੀ ਯਾਦ ਹੋ ਨਿੱਬੜਿਆ। ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਸੋਹਲ ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਮੰਚ ਸੰਚਾਲਨ ਕਰਦਿਆਂ ਸਮਾਗਮ ਦੀ ਰੂਹਾਨੀਅਤ ਨੂੰ ਅੰਤ ਤੱਕ ਬਰਕਰਾਰ ਰੱਖਿਆ।




# ਸਰੀ ਦੇ ਮੇਅਰ ਲਈ ਕੰਸਰਵੇਟਿਵ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਪਾਣੀ ਦੇ ਬਿੱਲ 50% ਘਟਾਉਣ ਦਾ ਵਾਅਦਾ ਕੀਤਾ

ਸਰੀ, (ਹਰਦਮ ਮਾਨ): ਸਰੀ ਦੇ ਮੇਅਰ ਦੀ ਚੋਣ ਲਈ ਮੈਦਾਨ ਵਿੱਚ ਨਿੱਤਰੇ ਕੰਸਰਵੇਟਿਵ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਅੱਜ ਸ਼ਹਿਰ ਵਾਸੀਆਂ ਦੀ ਆਰਥਿਕ ਸਥਿਤੀ ਨੂੰ ਮੁੱਖ ਰੱਖਦਿਆਂ ਧਮਾਕਾ ਕੀਤਾ ਹੈ। ਉਹਨਾਂ ਐਲਾਨ ਕੀਤਾ ਕਿ ਜੇਕਰ ਸਰੀ ਸਿਟੀ ਹਾਲ ਵਿੱਚ ਕਨਜ਼ਰਵੇਟਿਵ ਮੇਅਰ ਅਤੇ ਕੌਂਸਲ ਚੁਣੀ ਜਾਂਦੀ ਹੈ, ਤਾਂ ਸ਼ਹਿਰ ਦੇ ਹਰ ਯੋਗ ਘਰ ਦਾ ਪਾਣੀ ਦਾ ਬਿੱਲ 50 ਪ੍ਰਤੀਸ਼ਤ ਤੱਕ ਘਟਾ ਦਿੱਤਾ ਜਾਵੇਗਾ। ਸ. ਰੰਧਾਵਾ ਮੁਤਾਬਕ ਇਸ ਕਦਮ ਨਾਲ ਹਰ ਪਰਿਵਾਰ ਨੂੰ ਸਾਲਾਨਾ ਲਗਭਗ 1,427 ਡਾਲਰ ਦੀ ਵੱਡੀ ਬਚਤ ਹੋਵੇਗੀ, ਜੋ ਮੌਜੂਦਾ ਮਹਿੰਗਾਈ ਦੇ ਦੌਰ ਵਿੱਚ ਇੱਕ ਵੱਡੀ ਰਾਹਤ ਸਾਬਿਤ ਹੋਵੇਗੀ।

ਹੋਨਵੀਰ ਰੰਧਾਵਾ ਨੇ ਮੌਜੂਦਾ 'ਫਲੈਟ-ਰੇਟ' ਸਿਸਟਮ ਨੂੰ ਜਨਤਾ ਨਾਲ ਬੇਇਨਸਾਫ਼ੀ ਦੱਸਦਿਆਂ ਕਿਹਾ ਕਿ ਇਹ ਪ੍ਰਣਾਲੀ ਉਹਨਾਂ ਲੋਕਾਂ ਨੂੰ ਸਜ਼ਾ ਦਿੰਦੀ ਹੈ ਜੋ ਪਾਣੀ ਦੀ ਘੱਟ ਵਰਤੋਂ ਕਰਦੇ ਹਨ ਪਰ ਮੀਟਰ ਲਗਾਉਣ ਦਾ ਮਹਿੰਗਾ ਖਰਚਾ ਨਹੀਂ ਝੱਲ ਸਕਦੇ। ਇਸ ਨੂੰ ਠੀਕ ਕਰਨ ਲਈ ਉਹਨਾਂ ਨੇ ਪੂਰੇ ਸ਼ਹਿਰ ਵਿੱਚ 'ਮੁਫ਼ਤ ਵਾਟਰ ਮੀਟਰ' ਲਗਾਉਣ ਦਾ ਵਾਅਦਾ ਕੀਤਾ ਹੈ, ਤਾਂ ਜੋ ਹਰ ਘਰ ਨੂੰ



ਸਿਰਫ਼ ਉਹਨਾਂ ਦੀ ਅਸਲੀ ਵਰਤੋਂ ਮੁਤਾਬਕ ਹੀ ਬਿੱਲ ਆਵੇ। ਉਹਨਾਂ ਸਪਸ਼ਟ ਕੀਤਾ ਕਿ ਮੌਜੂਦਾ ਸਰਕਾਰ ਵੱਲੋਂ ਦਿੱਤੀ ਜਾਂਦੀ 400 ਡਾਲਰ ਦੀ ਰੀਬੇਟ ਨਾਕਾਫ਼ੀ ਹੈ, ਇਸ ਲਈ ਉਹਨਾਂ ਦੀ ਸਰਕਾਰ ਮੀਟਰ ਲਗਾਉਣ ਦੀ ਪਹਿਲਾਂ ਲੱਗਣ ਵਾਲੀ ਹਜ਼ਾਰਾਂ ਡਾਲਰ ਦੀ ਲਾਗਤ ਤੋਂ ਲੋਕਾਂ ਨੂੰ ਪੂਰੀ ਤਰ੍ਹਾਂ ਮੁਕਤ ਕਰੇਗੀ।

ਸ. ਰੰਧਾਵਾ ਨੇ ਮੈਟਰੋ ਵੈਨਕੂਵਰ ਦੀ ਮੈਨੇਜਮੈਂਟ 'ਤੇ ਵੀ ਤਿੱਖੇ ਨਿਸ਼ਾਨੇ ਸਾਧੇ। ਉਹਨਾਂ ਕਿਹਾ ਕਿ ਨੌਰਥ ਸ਼ੋਰ ਵੇਸਟ ਵਾਟਰ ਟਰੀਟਮੈਂਟ ਪਨਾਂਟ ਵਰਗੇ ਪ੍ਰੋਜੈਕਟਾਂ ਦੀ ਗਲਤ ਮੈਨੇਜਮੈਂਟ ਕਾਰਨ ਬਜਟ 700 ਮਿਲੀਅਨ ਡਾਲਰ ਤੋਂ ਵਧ ਕੇ 4 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ, ਜਿਸ ਦਾ ਬੋਝ ਸਰੀ ਦੇ ਆਮ ਲੋਕਾਂ 'ਤੇ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਜਿਹੀਆਂ ਨਾਕਾਮੀਆਂ ਦੀ ਸੁਤੰਤਰ ਜਾਂਚ (ਆਡਿਟ) ਕਰਵਾਈ ਜਾਵੇ ਅਤੇ ਸਰੀ ਲਈ ਇੱਕ ਮਜ਼ਬੂਤ ਆਵਾਜ਼ ਬੁਲੰਦ ਕੀਤੀ ਜਾਵੇ। ਰੰਧਾਵਾ ਨੇ ਭਰੋਸਾ ਦਿੱਤਾ ਕਿ ਉਹਨਾਂ ਦੀ ਲੀਡਰਸ਼ਿਪ ਦਾ ਮਕਸਦ ਸਿਰਫ਼ ਵਾਅਦੇ ਕਰਨਾ ਨਹੀਂ ਸਗੋਂ ਸਿਸਟਮ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆ ਕੇ ਲੋਕਾਂ ਨੂੰ ਆਰਥਿਕ ਨਿਆਂ ਦਿਵਾਉਣਾ ਹੈ।

# ਤਰਕਸ਼ੀਲ ਆਗੂ ਬਾਈ ਅਵਤਾਰ ਗਿੱਲ ਦੀ ਯਾਦ ਵਿੱਚ ਸਰੀ ਵਿਚ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਰੋਹ





ਸਰੀ, (ਹਰਦਮ ਮਾਨ): ਸਮਾਜ ਵਿੱਚੋਂ ਅੰਧ-ਵਿਸ਼ਵਾਸ ਅਤੇ ਪਾਖੰਡਵਾਦ ਨੂੰ ਖਤਮ ਕਰਨ ਲਈ ਆਪਣੀ ਸਾਰੀ ਜ਼ਿੰਦਗੀ ਲੇਖੇ ਲਾਉਣ ਵਾਲੇ ਤਰਕਸ਼ੀਲ ਆਗੂ ਬਾਈ ਅਵਤਾਰ ਗਿੱਲ ਦੀ ਯਾਦ ਵਿੱਚ ਬੀਤੇ ਦਿਨੀਂ ਸਰੀ ਦੇ ਗਰੈਂਡ ਤਾਜ ਹਾਲ ਵਿਖੇ ਇੱਕ ਪ੍ਰਭਾਵਸ਼ਾਲੀ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ।

ਇਸ ਸਮਾਗਮ ਵਿੱਚ ਅਗਾਂਹਵਧੂ ਸੋਚ ਰੱਖਣ ਵਾਲੀਆਂ ਅਨੇਕਾਂ ਸ਼ਖਸੀਅਤਾਂ ਨੇ ਸ਼ਿਰਕਤ ਕਰਕੇ ਬਾਈ ਜੀ ਦੇ ਜੀਵਨ ਅਤੇ ਫਲਸਫੇ ਨੂੰ ਯਾਦ ਕੀਤਾ। ਜ਼ਿਕਰਯੋਗ ਹੈ ਕਿ ਬਾਈ ਅਵਤਾਰ 14 ਮਾਰਚ 2026 ਨੂੰ ਆਪਣੀ ਭਾਰਤ ਫੇਰੀ ਦੌਰਾਨ ਅਚਾਨਕ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ ਅਤੇ ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਸਰੀਰ ਲੁਧਿਆਣਾ ਦੇ ਈ.ਐਸ.ਆਈ. ਹਸਪਤਾਲ ਨੂੰ ਦਾਨ ਕਰ ਦਿੱਤਾ ਗਿਆ ਸੀ।

ਸਮਾਗਮ ਦੀ ਸ਼ੁਰੂਆਤ “ਮਿਸ਼ਾਲਾਂ ਬਾਲ ਕੇ ਚਲਣਾ ਜਦੋਂ ਤੱਕ ਰਾਤ ਬਾਕੀ ਹੈ” ਗੀਤ ਨਾਲ ਕੀਤੀ ਗਈ ਅਤੇ ਸੰਤ ਰਾਮ ਉਦਾਸੀ ਦੇ ਗੀਤ ‘ਤੂੰ ਮੱਘਦਾ ਰਹੀਂ ਵੇ ਸੂਰਜ ਕੰਮੀਆਂ ਦੇ ਵਿਹੜੇ’ ਦੇ ਨਾਲ ਬਾਈ ਜੀ ਦੀ ਜਿੰਦਗੀ ਦਾ ਸਲਾਈਡ ਸ਼ੋਅ ਚਲਾਇਆ ਗਿਆ। ਤਰਕਸ਼ੀਲ ਸੋਸਾਇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਹੇਅਰ ਨੇ ਬਾਈ ਅਵਤਾਰ ਦੀ ਸੁਪਤਨੀ ਬੀਬੀ ਸੁਰਿੰਦਰ ਕੌਰ, ਪਰਿਵਾਰਕ ਮੈਂਬਰਾਂ ਅਤੇ ਦੂਰ-ਦੁਰਾਡੇ ਤੋਂ ਪਹੁੰਚੇ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਬਾਈ ਜੀ ਦੀ ਜ਼ਿੰਦਗੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਿਵੇਂ ਬਾਈ ਜੀ ਨਾਲ ਸੰਪਰਕ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੇ ਆਪਣੇ ਵਰਤਾਓ ਵਿੱਚ ਵੀ ਵੱਡੀ ਤਬਦੀਲੀ ਆਈ। ਇਸ ਮੌਕੇ ਬਾਈ ਜੀ ਦੇ ਸਪੁੱਤਰ ਜਗਦੀਪ ਸਿੰਘ ਗਿੱਲ ਨੇ ਆਪਣੇ ਪਿਤਾ ਦੀ ਸਖ਼ਤ ਮਿਹਨਤ ਅਤੇ ਚੰਗੇ ਸੰਸਕਾਰਾਂ ਨੂੰ ਯਾਦ ਕੀਤਾ। ਪਰਿਵਾਰ ਦੇ ਹੋਰ ਮੈਂਬਰਾਂ ਨੇ ਵੀ ਬਾਈ ਜੀ ਪ੍ਰਤੀ ਆਪਣਾ ਸਨਮਾਨ ਭੇਟ ਕੀਤਾ ਅਤੇ ਸੋਸਾਇਟੀ ਵੱਲੋਂ ਪਰਿਵਾਰ ਨੂੰ ਸਨਮਾਨ ਪੱਤਰ ਦੇ ਕੇ ਨਿਵਾਜਿਆ ਗਿਆ।

ਸਮਾਗਮ ਦੌਰਾਨ ਵਿਚਾਰ ਸਾਂਝੇ ਕਰਨ ਵਾਲੇ ਬੁਲਾਰਿਆਂ ਵਿੱਚ ਇਤਿਹਾਸਕਾਰ ਪ੍ਰੋ. ਕਸ਼ਮੀਰਾ ਸਿੰਘ ਸ਼ਾਮਲ ਸਨ, ਜਿਨ੍ਹਾਂ ਨੇ ‘ਬਾਈ ਜੀ ਤੇਰੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ’ ਦਾ ਨਾਅਰਾ ਲਾਇਆ। ਡਾਕਟਰ ਸੁਖਦੇਵ ਸਿੰਘ ਮਾਨ ਨੇ ਸੋਸਾਇਟੀ ਦੇ ਕੰਮਾਂ ਬਾਰੇ ਦੱਸਿਆ। ਰੇਡੀਓ ਅਤੇ ਟੀਵੀ ਹੋਸਟ ਕੁਲਦੀਪ ਸਿੰਘ, ਰੇਡੀਓ ਕੁਨੈਕਟ ਐਫਐਮ ਤੋਂ ਜਸਪ੍ਰੀਤ ਸਿੱਧੂ, ਕਾਮਰੇਡ ਹਰਭਜਨ ਸਿੰਘ ਚੀਮਾ, ਨਵਜੋਤ ਢਿੱਲੋਂ, ਚਰਨਜੀਤ ਸਿੰਘ ਬਰਾੜ, ਨਵਲਪ੍ਰੀਤ ਰੰਗੀ, ਜਸਵੀਰ ਮੰਗੂਵਾਲ ਅਤੇ ਬਲਵਿੰਦਰ ਬਰਨਾਲਾ ਨੇ ਬਾਈ ਜੀ ਵੱਲੋਂ ਲੋਕਾਂ ਲਈ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਅੰਧ-ਵਿਸ਼ਵਾਸ ਵਿਰੁੱਧ ਜਾਗਰੂਕ ਹੋਣ ਦਾ ਹੋਕਾ ਦਿੱਤਾ। ਮਨਜੀਤ ਸਿੰਘ ਮੱਲ੍ਹਾ ਅਤੇ ਸੁਰਿੰਦਰ ਚਾਹਲ ਨੇ ਬਾਈ ਜੀ ਦੀਆਂ ਪਸੰਦੀਦਾ ਕਵਿਤਾਵਾਂ ਸੁਣਾਈਆਂ। ਇਸ ਮੌਕੇ ਪਰਮਿੰਦਰ ਸਵੈਚ, ਗੁਰਬਖਸ ਸਿੰਘ ਸਿੱਧੂ (ਸਨ ਸਿਟ ਸੀਨੀਅਰ ਸੈਂਟਰ), ਨਾਵਲਕਾਰ ਜਰਨੈਲ ਸਿੰਘ ਸੇਖਾ, ਮਸਹਨ ਗਿੱਲ, ਅਵਤਾਰ ਸਿੰਘ ਢਿੱਲੋਂ (ਇੰਡੋ ਕਨੇਡੀਅਨ ਸੀਨੀਅਰ ਸੈਂਟਰ), ਸੁਖਵੰਤ ਹੁੰਦਲ, ਮੱਖਣ ਸਿੰਘ, ਅਮਰਜੀਤ ਭੁੱਲਰ ਅਤੇ ਨਿਰੰਜਨ ਲਹਿਲ ਵੀ ਹਾਜ਼ਰ ਸਨ।

ਸਮੁੱਚੇ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਨਿਰਮਲ ਸਿੰਘ ਕਿੰਗਰਾ ਨੇ ਨਿਭਾਈ। ਸਮਾਗਮ ਦੌਰਾਨ ਤਰਕਸ਼ੀਲ ਸਾਹਿਤ ਦਾ ਸਟਾਲ ਖਿੱਚ ਦਾ ਕੇਂਦਰ ਰਿਹਾ। ਅਖੀਰ ਵਿੱਚ ਨਾਟਕਕਾਰ ਡਾ. ਸੋਮਪਾਲ ਹੀਰਾ ਦਾ ਲਿਖਿਆ ਅਤੇ ਡਾ. ਨਵਦੀਪ ਦੇ ਨਿਰਦੇਸ਼ਨ ਹੇਠ ਤਿਆਰ ਕੀਤਾ ਨਾਟਕ ਸੁਖਮਨ ਚੀਮਾ ਵੱਲੋਂ ਪੇਸ਼ ਕੀਤਾ ਗਿਆ। ਅੰਤ ਵਿਚ ਅਬੋਟਸਫ਼ੋਰਡ ਇਕਾਈ ਦੇ ਪ੍ਰਧਾਨ ਸਾਧੂ ਸਿੰਘ ਗਿੱਲ ਨੇ ਸਭ ਦਾ ਧੰਨਵਾਦ ਕੀਤਾ।


ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ।
ਘਲੇ ਅਵਹਿ ਨਾਨਕਾ ਸਦੇ ਉਠੀ ਜਾਹਿ॥



ਬੜੇ ਦੁਖੀ ਹਿਰਦੇ ਨਾਲ ਦੱਸਿਆ ਜਾਂਦਾ ਹੈ ਕਿ ਸਾਡੇ ਹਰਮਨਪਿਆਰੇ

**ਦੇਵ ਰਾਜ ਸਰਪਾਲ**

**ਅਕਾਲ ਪੁਰਖ ਵੱਲੋਂ ਬਖ਼ਸ਼ੀ ਸਾਹਾਂ ਦੀ ਪੂੰਜੀ ਭੋਗ ਕੇ 11 ਮਈ 2026 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ। ਉਨ੍ਹਾਂ ਦੇ ਪੰਜ ਭੌਤਿਕ ਸਰੀਰ ਦਾ**

**ਅੰਤਿਮ ਸੰਸਕਾਰ**

**16 ਮਈ ਦਿਨ ਸ਼ਨਿੱਚਰਵਾਰ ਨੂੰ**
ਰਿਵਰ ਫਿਊਨਰਲ ਹੋਮ (7410 ਹੋਪਕੋਟ ਰੋਡ, ਡੈਲਟਾ ਬੀ.ਸੀ.) ਵਿਖੇ
ਸਵੇਰੇ 10.00 ਵਜੇ ਕੀਤਾ ਜਾਵੇਗਾ। ਵਿਛੜੀ ਰੂਹ ਦੀ ਸ਼ਾਂਤੀ ਲਈ
**ਭੋਗ ਅਤੇ ਅੰਤਿਮ ਅਰਦਾਸ ਦੀਆਂ ਰਸਮਾਂ**
**ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ**
(ਰੋਸ ਸਟਰੀਟ, ਵੈਨਕੂਵਰ) ਦੇ ਦਰਬਾਰ ਹਾਲ 2
**ਵਿਖੇ ਸੰਪੂਰਨ ਕੀਤੀਆਂ ਜਾਣਗੀਆਂ।**

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ

**604-889-8649, 604-325-0631**





ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਦੱਸਿਆ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

**ਸੀਸ ਕੌਰ ਸਹੋਤਾ**

24 ਸਤੰਬਰ, 1948 - 6 ਮਈ, 2026

ਪਤਨੀ ਅਵਤਾਰ ਸਿੰਘ ਸਹੋਤਾ, ਕਲੋਵੇਰਡੇਲ ਸਰੀ,
ਜਿਹਨਾ ਦਾ ਪਿਛਲਾ ਪਿੰਡ ਫਲਪੋਤਾ, ਨਜ਼ਦੀਕ ਬੜਾ ਪਿੰਡ, ਤਹਿਸੀਲ ਫਿਲੌਰ, ਜਲੰਧਰ
ਵਾਹਿਗੁਰੂ ਵਲੋਂ ਬਖਸ਼ੀ ਉਮਰ ਭੋਗ ਕੇ ਬੀਤੇ ਦਿਨੀਂ ਗੁਰੂ ਚਰਨਾ 'ਚ ਜਾ ਬਿਰਾਜੇ ਹਨ

ਉਨ੍ਹਾਂ ਦੇ ਪੰਜ ਭੂਤਿਕ ਸਰੀਰ ਦਾ

**ਅੰਤਿਮ ਸੰਸਕਾਰ**

16 ਮਈ, ਦਿਨ ਸ਼ਨੀਵਾਰ ਨੂੰ, 12:30 ਵਜੇ ਬਾਅਦ ਦੁਪਹਿਰ
ਰਿਵਰ ਸਾਈਡ ਫਿਊਨਰਲ ਹੋਮ ਡੈਲਟਾ,
7410 ਹੋਪਕੋਟ ਰੋਡ, ਡੈਲਟਾ, ਬੀ.ਸੀ. ਵਿਖੇ ਕੀਤਾ ਜਾਵੇਗਾ ਉਪਰੰਤ

**ਅੰਤਿਮ ਅਰਦਾਸ**

ਗੁਰੂ ਨਾਨਕ ਸਿੱਖ ਗੁਰਦੁਆਰਾ
7050 120 ਸਟਰੀਟ ਸਰੀ, ਵਿਖੇ ਬਾਅਦ ਦੁਪਹਿਰ 2:00 ਵਜੇ ਹੋਵੇਗੀ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ

**ਅਵਤਾਰ ਸਿੰਘ ਸਹੋਤਾ** 604 760 4872
**ਰਘਵੀਰ ਸਿੰਘ ਢਡਵਾੜ** 604 760 2244

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥
ਅਨਿਨ ਭਾਤਿ ਕਰ ਸੇਵਾ ਕਰੀਐ॥ ਜੀਉ ਪ੍ਰਾਨ ਧਨੁ ਧਰੀਐ॥

# ਖਾਲਸਾ ਦੀਵਾਨ ਸੁਸਾਇਟੀ

8000 ਰੌਸ ਸਟਰੀਟ, ਵੈਨਕੂਵਰ, ਬੀ.ਸੀ. ਵਲੋਂ **16-17 ਮਈ 2026** ਨੂੰ
ਬੱਬਰ ਸ਼ਹੀਦਾਂ ਅਤੇ ਗਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਸ਼ਾਨਦਾਰ

# 58ਵਾਂ ਸਲਾਨਾ ਸ਼ਾਨਦਾਰ ਟੂਰਨਾਮੈਂਟ

In the Sweet memory of the Babbars the Sports Festival of the Khalsa Diwan Society, 8000 Ross Street, Vancouver, B.C. Shall be held at the SOUTH MEMORIAL PARK on 41st and BETWEEN ROSS AND PRINCE ALBERT, Vancouver on May 16-17, 2026

**All are requested to participate in the society's Annual sports Festival enthusiastically.**

## ਇਸ ਟੂਰਨਾਮੈਂਟ ਵਿਚ ਹੇਠ ਲਿਖੀਆਂ ਖੇਡਾਂ ਦੇ ਮੁਕਾਬਲੇ ਹੋਣਗੇ

*ਕਬੱਡੀ ਓਪਨ * ਸੌਕਰ ਸੀਨੀਅਰ (40 ਜਾਂ ਵੱਧ) * ਸੌਕਰ ਓਪਨ (ਮੁੰਡੇ/ਕੁੜੀਆਂ) ਅਤੇ ਜੂਨੀਅਰ, ਰੈਸਲਿੰਗ
* ਵੇਟ ਲਿਫਟਿੰਗ ਓਪਨ * ਰੱਸਾ ਖਿੱਚਣਾ (Tug of War) ਆਦਿ ਸ਼ਾਮਿਲ ਹਨ।

## ਜ਼ਰੂਰੀ ਨਿਯਮ

* ਕਬੱਡੀ ਦੀ ਹਰ ਟੀਮ ਨੂੰ ਟਾਈਆਂ ਦੇ ਨਾਲ ਖਿਡਾਰੀਆਂ ਦੇ ਨਾਮਾਂ ਦੀ ਸੂਚੀ ਲਿਆਉਣੀ ਜ਼ਰੂਰੀ ਹੈ। ਜੇਕਰ ਕੋਈ ਟੀਮ ਸਕਰੈਚ ਹੋ ਜਾਵੇ, ਉਸ ਦਾ ਖਿਡਾਰੀ ਕਿਸੇ ਹੋਰ ਟੀਮ ਵਿਚ ਨਹੀਂ ਖੇਡ ਸਕੇਗਾ * ਰੱਸਾ ਓਪਨ ਕਨੇਡੀਅਨ ਸਟਾਈਲ ਨਾਲ ਖਿੱਚਿਆ ਜਾਵੇਗਾ * ਜੇਕਰ ਕਿਸੇ ਖੇਡ ਵਿਚ ਸਿਰਫ ਦੋ ਹੀ ਟੀਮਾ ਭਾਗ ਲੈਣਗੀਆਂ ਤਾਂ ਕੇਵਲ ਜੇਤੂ ਟੀਮ ਨੂੰ ਹੀ ਇਨਾਮ ਦਿੱਤਾ ਜਾਵੇਗਾ * ਰੈਫਰੀਆਂ 'ਤੇ ਜੱਜਾਂ ਦਾ ਫੈਸਲਾ ਆਖਰੀ ਹੋਵੇਗਾ * ਜੇਕਰ ਕੋਈ ਖਿਡਾਰੀ ਰੈਫਰੀ ਨਾਲ ਮਾੜਾ ਵਰਤਾਓ ਕਰੇਗਾ ਤਾਂ ਉਸ ਟੀਮ ਤੇ ਕਮੇਟੀ ਸਖਤ ਐਕਸ਼ਨ ਲਵੇਗੀ * ਆਖਰੀ ਸੀਟੀ ਵੱਜਣ ਤੋਂ 10 ਮਿੰਟ ਬਾਅਦ ਤੱਕ ਨਾ ਆਉਣ ਵਾਲੀ ਟੀਮ ਸਕਰੈਚ ਕੀਤੀ ਜਾਵੇਗੀ * ਜੇਕਰ ਕਿਸੇ ਖੇਡ ਵਿਚ ਇਕ ਹੀ ਟੀਮ ਸ਼ਾਮਿਲ ਹੋਵੇਗੀ ਉਹ ਖੇਡ ਨਹੀਂ ਹੋਵੇਗੀ * ਜੂਨੀਅਰ ਸੌਕਰ ਦੇ ਹਰ ਖਿਡਾਰੀ ਨੂੰ ਖੇਡਣ ਤੋਂ ਪਹਿਲਾਂ ਆਪਣੀ ਉਮਰ ਦੀ ਫੋਟੋ ਵਾਲੀ ਆਈ ਡੀ ਦਿਖਾਉਣੀ ਜ਼ਰੂਰੀ ਹੋਵੇਗੀ * ਕਮੇਟੀ ਨੂੰ ਅਖਤਿਆਰ ਹੋਵੇਗਾ ਕਿ ਟਾਈਮ ਟੇਬਲ ਤੋਂ ਦਿੱਤੇ ਟਾਈਮ ਟੇਬਲ ਨੂੰ ਮੌਕੇ ਮੁਤਾਬਿਕ ਬਦਲ ਸਕਦੀ ਹੈ।

**ਜ਼ਰੂਰੀ ਬੇਨਤੀਆਂ:** ਸਾਰੇ ਦਰਸ਼ਕਾਂ ਅਤੇ ਖਿਡਾਰੀਆਂ ਅੱਗੇ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣੀਆਂ ਕਾਰਾਂ ਪਾਰਕਿੰਗ ਵਾਲੀਆਂ ਥਾਵਾਂ 'ਤੇ ਹੀ ਖੜ੍ਹੀਆਂ ਕਰਨ। ਖੇਡਾਂ ਦੇ ਏਰੀਏ ਵਿਚ ਸ਼ਰਾਬ ਪੀ ਕੇ ਆਉਣ ਵਾਲਿਆਂ ਨੂੰ ਪੁਲਿਸ ਵਲੋਂ ਚਾਰਜ ਕੀਤਾ ਜਾਵੇਗਾ। ਪੋਰਟੇਬਲ ਵਾਸ਼ਰੂਮਾਂ ਦਾ ਇੰਤਜ਼ਾਮ ਹੋਵੇਗਾ। ਇਸ ਲਈ ਕ੍ਰਿਪਾ ਕਰਕੇ ਇਨ੍ਹਾਂ ਨੂੰ ਵਰਤੋਂ ਵਿਚ ਲਿਆਂਦਾ ਜਾਵੇ। ਸਾਨੂੰ ਆਸ ਹੈ ਕਿ ਆਪ ਆਪਣੇ ਪ੍ਰਬੰਧਕਾਂ ਨੂੰ ਪੂਰਾ ਸਹਿਯੋਗ ਦਿਓਗੇ ਤਾਂ ਕਿ ਆਪਾਂ ਆਪਣੀ ਕੌਮ ਦੇ ਖਿਡਾਰੀਆਂ ਦੀ ਠੀਕ ਰੂਪ ਵਿਚ ਹੌਸਲਾ ਅਫਜ਼ਾਈ ਕਰ ਸਕੀਏ ਅਤੇ ਟੂਰਨਾਮੈਂਟ ਦੀ ਰੌਣਕ ਨੂੰ ਹੋਰ ਵੀ ਚੰਗਾ ਰੂਪ ਦੇ ਸਕੀਏ। ਇਸ ਤਰ੍ਹਾਂ ਅਸੀਂ ਆਪਣੀ ਕਮਿਊਨਿਟੀ ਵਿਚੋਂ ਚੰਗੇ ਖਿਡਾਰੀ ਪੈਦਾ ਕਰ ਸਕਦੇ ਹਾਂ ਅਤੇ ਪੱਛਮ ਦੀ ਦੁਨੀਆਂ ਵਿਚ ਆਪਣੀ ਕੌਮ ਦੇ ਡਸਿਪਲਨ, ਸਹਿਯੋਗ ਅਤੇ ਖੇਡਾਂ ਪ੍ਰਤੀ ਚੰਗੀ ਤਸਵੀਰ ਪੇਸ਼ ਕਰ ਸਕਦੇ ਹਾਂ।

ਨੋਟ: ਸਭ ਸੱਜਣਾਂ ਅੱਗੇ ਬੇਨਤੀ ਹੈ ਕਿ ਕੋਈ ਐਡਵਰਟਾਈਜ਼ਮੈਂਟ ਦੇ ਪੇਪਰ ਫੀਲਡ ਵਿਚ ਨਾ ਵੰਡੇ ਜਾਣ ਅਤੇ ਨਾ ਹੀ ਕਾਰਾਂ ਉੱਪਰ ਰੱਖੇ ਜਾਣ

ਨੋਟ: ਪੁਲਿਸ ਵਲੋਂ ਖਾਸ ਹਦਾਇਤ ਹੈ ਕਿ ਪਾਰਕਿੰਗ ਲਾਟ ਵਿਚ ਸ਼ਰਾਬ ਪੀਣ ਅਤੇ 'ਨੋ ਪਾਰਕਿੰਗ' ਵਾਲੀ ਥਾਂ 'ਤੇ ਕਾਰਾਂ ਖੜ੍ਹੀਆਂ ਕਰਨ ਦੀ ਸਖਤ ਮਨਾਹੀ ਹੈ।

| | | | | | | | |
|---|---|---|---|---|---|---|---|
| ਸੁਖਵਿੰਦਰ ਸਿੰਘ ਗਿੱਲ (ਸਰਪ੍ਰਸਤ) | ਹਰਜੀਤ ਸਿੰਘ ਘੱਗ (ਸਹਾਇਕ ਸਰਪ੍ਰਸਤ) | ਸਾਧੂ ਸਿੰਘ ਉੱਪਲ (ਚੇਅਰਮੈਨ) | ਸੁਰਜੀਤ ਸਿੰਘ ਢਿੱਲੋਂ (ਵਾਈਸ ਚੇਅਰਮੈਨ) | ਬੂਟਾ ਸਿੰਘ ਜੌਹਲ (ਕੋ-ਚੇਅਰਮੈਨ) | ਗੁਰਬਖਸ਼ ਸਿੰਘ ਬਾਗੀ ਸੰਘੇੜਾ (ਸੈਕਟਰੀ) | ਗੁਰਦੀਪ ਹੇਅਰ ਮੋਰਾਂਵਾਲੀ (ਸਹਾਇਕ ਸੈਕਟਰੀ) | ਗੁਰਵਿੰਦਰ ਔਲਖ ਮੁੱਖਦੇਵ ਬਾਗੜੀ (ਖਜਾਨਚੀ) |

**ਕੋ-ਆਰਡੀਨੇਟਰ ਕਮੇਟੀ-** ਗੁਰਜੀਤ ਸਿੰਘ ਪੁਰੇਵਾਲ, ਰਣਜੀਤ ਸਿੰਘ ਹੇਅਰ, ਸੁੱਚਾ ਸਿੰਘ ਢਿੱਲੋਂ, ਸ਼ਮਸ਼ੇਰ ਸਿੰਘ ਉੱਪਲ, ਕੁਲਵੰਤ ਢੇਸੀ, ਰਣਧੀਰ ਰਾਏ, ਗੁਰਦੇਵ ਸਿੰਘ ਸੰਧੂ, ਚੇਤਨ ਸਿੰਘ ਕੰਦੋਲਾ, ਬੂਟਾ ਸਿੰਘ ਸਿੱਧੂ, ਬਲਵੰਤ ਸਿੰਘ ਹਾਂਸ, ਸੰਤੋਖ ਸਿੰਘ ਢੇਸੀ, ਮਨਜੀਤ ਬਾਸੀ, ਮੇਜਰ ਸਿੰਘ ਸਿੱਧੂ, ਰਣਜੀਤ ਸਿੰਘ ਗਿੱਲ, ਸ਼ਮਿੰਦਰ ਸਿੰਘ ਉੱਪਲ, ਗੁਰਚਰਨ ਸਿੰਘ (ਚੰਨਾ) ਮਾਨ, ਹਰਵਿੰਦਰ ਲਾਲੀ, ਡਾ. ਹਰਜਿੰਦਰ ਜੱਸਲ, ਪਰਮਜੀਤ ਕੈਂਥ, ਦਰਸ਼ਨ ਸਿੰਘ ਮੁੰਡੀ, ਦਰਸ਼ਨ ਸਿੰਘ ਸੰਧੂ, ਰਣਜੀਤ ਸਿੰਘ ਰੰਧਾਵਾ, ਹਰਦੇਵਲ ਸਿੰਘ ਧਾਮੀ

**ਕਬੱਡੀ:** ਸੰਤੋਖ ਸਿੰਘ ਮੰਡੇਰ, ਸੁਰਜਣ ਸਿੰਘ ਉੱਪਲ, ਰਣਜੀਤ ਗਿੱਲ, ਗੁਰਦੇਵ ਸਿੰਘ ਬਰਾੜ, ਗੁਰਦੇਵ ਸਿੰਘ ਔਜਲਾ, ਗਿਆਨ ਸਿੰਘ ਬਰਿੰਗ, ਕ੍ਰਿਪਾਲ ਸਿੰਘ ਜੌਹਲ, ਦਿਲਬਾਗ ਸਿੰਘ ਬਾਸੀ, ਜਸਪ੍ਰੀਤ ਸਿੰਘ ਤੂਰ, ਗੁਰਕੀਰਤ ਸਿੰਘ ਤੱਖਰ, ਅਮਰਜੀਤ ਲੇਲ, ਮਾਈਕਲ ਗੀਰਾ, ਸੋਢੀ ਡਡਰਾਲ, ਗੁਰਮੇਲ ਰੋਲੀਆ, ਸੰਤੋਖ ਜੱਸਲ, ਸਨੀ ਸਹੋਤਾ, ਪਲਵਿੰਦਰ ਸਿੰਘ ਸੰਧੂ (ਬਿੱਟੂ), ਸ਼ਮਸ਼ੇਰ ਸਿੰਘ ਸਿੱਧੂ, ਅਜੀਤ ਸਿੰਘ ਉੱਪਲ, ਸਰਬਜੀਤ ਸਿੰਘ ਨਾਹਲ, ਤਰਸੇਮ ਸਿੰਘ ਗਿੱਲ, ਵਾਰਿਸ ਸਿੰਘ, ਮੱਖਣ ਸਿੰਘ ਅੱਚਰਵਾਲ।

**ਸੌਕਰ:** ਸੋਹਣ ਸਿੰਘ ਦਿਓ ਕੋਆਰਡੀਨੇਟਰ: 604-719-6800, ਪੈਪਸੀ ਤੱਖਰ, ਰੌਬ ਸੰਘੇੜਾ: 604-816-1619, ਕੁਲਜੀਤ ਸਿੰਘ ਗਿੱਲ: 778-838-9845, ਗੁਰਦੀਪ ਸਿੰਘ ਹੇਅਰ 604-763-7585, ਝਲਮਣ ਸਿੰਘ ਸਿੱਧੂ 604-671-3786, ਪਾਲਾ ਰਾਏ: 604-551-4144, ਪਾਲ ਸਿੱਧੂ: 604-825-9100, ਗੋਪਾਲ ਲੋਹੀਆ: 778-862-4550, ਜੀਵਨ ਬਸਰਾ 604-341-3533, ਮਨਜੀਤ ਸਿੰਘ ਮੰਡੇਰ 604-606-2740, ਸੁਖਚੈਨ ਸਿੰਘ ਗਿੱਲ 604-720-8854, ਜੋਅ ਕੰਗ, ਮਲਕੀਤ ਸਿੰਘ ਧਾਮੀ, ਸੁਰਜੀਤ ਸਿੰਘ ਸਿੱਧੂ, ਰਿੱਕੀ ਦਿਓ, ਸ਼ਾਨ ਸੰਘਾ, ਬਿਨ ਹੁੰਦਲ, ਟੋਨੀ ਜੌਹਲ।

**ਘੋਲ:** ਬਲਵੀਰ ਸਿੰਘ ਬੀਸਲਾ 604-657-2559, ਬਲਵੀਰ ਸਿੰਘ ਸੀਰੀ, ਰਵੀ ਗਿੱਲ, ਸਤਨਾਮ ਸਿੰਘ ਜੌਹਲ, ਪਾਲ ਸਿੰਘ ਬੀਸਲਾ, ਮੇਜਰ ਸਿੰਘ ਸਿੱਧੂ, ਅਵਤਾਰ ਸਿੰਘ ਹੇਅਰ, ਸੂਰਤੀ ਹੇਅਰ, ਗੁਰਦੀਪ ਮੋਰਾਂਵਾਲੀ, ਗੁਰਤੇਜ ਸਿੰਘ ਗਿੱਲ

## 1- ਬਾਲ ਕੇਸਰੀ ਦਾ ਪਟਕਾ, ਆਈਟਮ, 2- ਓਪਨ ਦੇ ਘੋਲ ਦਾ ਪਟਕਾ

**ਅਥਲੈਟਿਕਸ:** ਵਾਰਿਸ ਸਿੰਘ, ਹਰਪ੍ਰੀਤ ਸਿੰਘ ਲਾਲੀ, ਮਨਪ੍ਰੀਤ ਸਿੰਘ ਲਾਲੀ, ਰਮਨਜੀਤ ਸਿੰਘ ਹੁੰਦਲ, ਨਵਜੋਤ ਸਿੰਘ ਗਰੇਵਾਲ, ਬੂਟਾ ਸਿੰਘ ਜੌਹਲ, ਜਰਮਨਜੀਤ ਸਿੰਘ ਹੁੰਦਲ, ਮਨਦੀਪ ਸਿੰਘ ਧਾਮੀ, ਕੁਲਬੀਰ ਛੋਕਰ, ਜਰਨੈਲ ਸਿੰਘ।

## 17 ਮਈ 2026, ਦਿਨ ਐਤਵਾਰ ਬਾਦ ਦੁਪਿਹਰ 2:30 ਵਜੇ ਦੌੜਾਂ ਸ਼ੁਰੂ ਹੋਣਗੀਆਂ

**ਰੱਸਾਕਸ਼ੀ:** ਗੁਰਦੀਪ ਸਿੰਘ ਹੇਅਰ ਮੋਰਾਂਵਾਲੀ

**-ਐਡਵਾਈਜ਼ਰੀ ਕਮੇਟੀ-**

ਸੋਹਣ ਸਿੰਘ ਦਿਓ, ਸਰਵਣ ਸਿੰਘ ਰੰਧਾਵਾ, ਰਣਜੀਤ ਸਿੰਘ ਹੇਅਰ, ਚੈਨ ਸਿੰਘ ਬਾਠ, ਗੁਰਦੀਪ ਸਿੰਘ ਗਿੱਲ, ਅਵਤਾਰ ਸਿੰਘ ਕੁਲਾਰ, ਹਰਜੀਤ ਸੋਹਪਾਲ, ਬਿਲ ਬਸਰਾ, ਬਲਵੀਰ ਸਿੰਘ ਬੈਂਸ, ਗੋਪਾਲ ਲੋਹੀਆ, ਗੁਰਬਖਸ਼ ਸਿੰਘ ਸੰਘੇੜਾ, ਅਮਰਜੀਤ ਲੀਹਲ, ਸਰਿੰਦਰ ਸਿੰਘ ਤੱਖਰ, ਕੈਪਟਨ ਸੁਰਿੰਦਰ ਸਿੰਘ ਸਿੱਧੂ, ਬਰਜ ਢਾਹਾਂ, ਮਲਕੀਤ ਹੇਅਰ, ਮੇਜਰ ਸਿੰਘ ਚਾਹਲ, ਰਣਵੀਰ ਸਿੰਘ ਬਾਂਦੀ, ਜਰਨੈਲ ਸਿੰਘ ਭੰਡਾਲ, ਮਲਕੀਤ ਸਿੰਘ ਧਾਮੀ, ਸੁਖਦੇਵ ਸਿੰਘ ਭੱਜ, ਰਜਿੰਦਰ ਸਿੰਘ ਢਿੱਲੋਂ (ਰਾਜੂ), ਟੌਨੀ ਜੌਹਲ, ਜਰਨੈਲ ਸਿੰਘ ਧਾਲੀਵਾਲ (ਮਿਸ਼ਨ), ਗੁਰਕੀਰਤ ਤੱਖਰ, ਕਰਤੱਵ ਤੱਖਰ।

## ਲੰਗਰ ਕਮੇਟੀ

ਚੇਅਰਮੈਨ ਚੂਹੜ ਸਿੰਘ ਢਿੱਲੋਂ, ਬਲਜੀਤ ਸਿੰਘ ਸਹੋਤਾ, ਕਰਤਾਰ ਸਿੰਘ ਚੌਹਾਨ, ਬੂਝਾ ਸਿੰਘ ਮਾਂਗਟ, ਸੁਖਦੇਵ ਸਿੰਘ ਸੰਧੂ, ਮਨਪ੍ਰੀਤ ਸਿੰਘ ਢਿੱਲੋਂ, ਸਰਬਜੀਤ ਸਿੰਘ ਭਾਲਰੂ, ਜਰਨੈਲ ਸਿੰਘ ਹੁੰਦਲ, ਭੁਪਿੰਦਰ ਸਿੰਘ ਨਿੱਝਰ, ਅਵਤਾਰ ਸਿੰਘ ਨਿੱਝਰ, ਤਿੰਦੀ ਜੌਹਲ, ਸੁਖਵਿੰਦਰ ਸਿੰਘ ਧਾਲੀਵਾਲ, ਸਾਬੀ ਮੱਲ੍ਹੀ, ਪਾਲ ਪਾਹਲ, ਲੈਂਬਰ, ਕੁਲਦੀਪ ਸਿੰਘ ਜਗਪਾਲ, ਸੱਬਾ ਰਾਏ, ਜਰਨੈਲ ਸਿੰਘ ਹੀਰ (ਸਹੋਤਾ), ਸੰਦੀਪ ਸੰਘੇੜਾ, ਪੀਤਾ ਮਾਹਲ, ਹਰਦੀਪ ਬੈਂਸ, ਅਮਨ ਧੂਤ, ਗੁਰਜੀਤ ਸੰਘਾ, ਹੈਰੀ ਨਾਗਰਾ, ਜਰਨੈਲ ਸਿੰਘ, ਜੀਤਾ ਪਾਹਲ, ਮੱਖਣ ਸਿੰਘ ਅੱਚਰਵਾਲ, ਭੁਪਿੰਦਰ ਸਿੰਘ ਨਿੱਝਰ, ਸੁਰਜੀਤ ਭੱਟੀ, ਤਰਸੇਮ ਬੱਲ, ਰਘਬੀਰ ਸਿੰਘ ਕੁਲਾਰ, ਬਲਜੀਤ ਸਿੰਘ ਢਿੱਲੋਂ, ਕੇਵਲ ਸਿੱਧੂ

## ਸੰਗਤਾਂ ਦੇ ਸੇਵਾਦਾਰ

* ਰਣਜੀਤ ਸਿੰਘ ਹੇਅਰ ਪ੍ਰਧਾਨ
* ਪਾਲ ਸਿੰਘ ਬੀਸਲਾ ਮੀਤ ਪ੍ਰਧਾਨ
* ਜਗਦੀਪ ਸਿੰਘ ਸੰਘੇੜਾ ਮੀਤ ਪ੍ਰਧਾਨ
* ਕਸ਼ਮੀਰ ਸਿੰਘ ਧਾਲੀਵਾਲ ਜਨਰਲ ਸਕੱਤਰ
* ਜਰਨੈਲ ਸਿੰਘ ਭੰਡਾਲ ਸਹਾਇਕ ਜਨਰਲ ਸਕੱਤਰ
* ਜੋਗਿੰਦਰ ਸਿੰਘ ਸੁੰਨੜ ਰਿਕਾਰਡਿੰਗ ਸਕੱਤਰ
* ਸੁਰਜੀਤ ਸਿੰਘ ਭੱਟੀ ਸਹਾਇਕ ਰਿਕਾਰਡਿੰਗ ਸਕੱਤਰ
* ਸੁਖਪਾਲ ਸਿੰਘ ਝੂਟੀ ਖਜ਼ਾਨਚੀ
* ਸੁਖਵਿੰਦਰ ਸਿੰਘ ਗਿੱਲ ਸੀਨੀਅਰ ਸਹਾਇਕ ਖਜਾਨਚੀ
* ਗੁਰਦੀਪ ਸਿੰਘ ਹੇਅਰ ਸਹਾਇਕ ਖਜਾਨਚੀ
* ਕੁਲਵੀਰ ਸਿੰਘ ਛੋਕਰ ਮੈਂਬਰ
* ਸੁਰਜੀਤ ਸਿੰਘ ਢਿੱਲੋਂ ਮੈਂਬਰ ਐਟ ਲਾਰਜ
* ਗੁਰਦਿਆਲ ਸਿੰਘ ਗੈਡੇ ਮੈਂਬਰ ਐਟ ਲਾਰਜ
* ਜਰਨੈਲ ਸਿੰਘ ਮੈਂਬਰ ਐਟ ਲਾਰਜ
* ਇੰਦਰਜੀਤ ਕੌਰ ਉੱਪਲ ਮੈਂਬਰ ਐਟ ਲਾਰਜ
* ਬਿਕਰਮਜੀਤ ਸਿੰਘ ਮੈਂਬਰ ਐਟ ਲਾਰਜ

**ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ**

ਰਣਜੀਤ ਸਿੰਘ ਹੇਅਰ (778-245-8900), ਸੁਖਵਿੰਦਰ ਸਿੰਘ ਗਿੱਲ ਰਾਣਾ (604-290-3851), ਕਸ਼ਮੀਰ ਸਿੰਘ ਧਾਲੀਵਾਲ (778-881-4216), ਮਲਕੀਤ ਸਿੰਘ ਧਾਮੀ (604-728-8548), ਮੋਹਣ ਸਿੰਘ ਗਿੱਲ 604-322-5610

# Fruiticana hee jaana!

## LONG WEEKEND SPECIALS

**Rajan & Indian mangoes available at all Fruiticana locations**

## WHOLESALE PRICES AT RETAIL STORE

**UNBEATABLE SUPER SUPER SPECIAL**
Red Onions 25 lb
ਲਾਲ ਗੰਢੇ
$17.88 bag

**SUPER SPECIAL**
Cilantro
ਧਣੀਆ
2 bunches for / $1.25

**SUPER SPECIAL**
Indian Style Carrots
ਇੰਡੀਅਨ ਗਾਜਰਾਂ
98¢ lb

Brittania Cake Rusk 550 g
ਬ੍ਰਿਟਾਨੀਆ ਕੇਕ ਰਸਕ 550
$3.99 pkg.

Pakistani Roohafza 850 ml
ਪਾਕਿਸਤਾਨ ਤੋਂ ਹਮਦਰਦ ਰੂਹ ਅਫਜ਼ਾ
$4.98 bottle

Indican Tea 216's
ਇੰਡੀਕੇਨ ਚਾਹ
$5.99 pkg.

Indican Punjabi Biscuits 2.2 lb
ਇੰਡੀਕੇਨ ਪੰਜਾਬੀ ਕੂਕੀਜ਼
$5.98 pkg.

Fine Cane Sugar (Indican) 8 lb
ਗੰਨੇ ਦੀ ਖੰਡ 8lb ਇੰਡੀਕੇਨ
$5.99 bag

## UNBEATABLE BOX SALE SPECIAL

Jumbo Carrots 22 lb
ਜੰਬੋ ਗਾਜਰਾਂ
$10.98 box

Indian Style Red Carrots 22 lb
ਇੰਡੀਅਨ ਗਾਜਰਾਂ
$18.99 box

Fresh Ginger 30 lb
ਤਾਜ਼ਾ ਅਦੱਰਕ
$27.99 box

Garlic 22 lb
ਤਾਜ਼ਾ ਲਸਣ
$19.99 box

Raw Almonds #1 Large Size
ਵੱਡੇ ਬਦਾਮ
$5.98 lb

Roasted Peanuts in Shell Reg.
ਭੁੱਜੀ ਮੂੰਗਫਲੀ
$1.99 lb

Ahmed Mix or Mango Pickle (Achar) 1 kg
ਅਹਿਮਦ ਮਿਕਸ ਜਾਂ ਆਮ ਦਾ ਅਚਾਰ
$3.98 ea.

Indican Basmati Rice 8 lb
ਇੰਡੀਕੇਨ ਬਾਸਮਤੀ ਚੌਲ
$7.99 bag

Roasted Peanuts in Shell 800 g reg.
ਭੁੱਜੀ ਮੂੰਗਫਲੀ
$3.88 pkg.

**SUPER SPECIAL**
Jumbo Carrots
ਜੰਬੋ ਗਾਜਰਾਂ
58¢ lb

**SUPER SPECIAL**
Red Lentil Split
ਧੋਤੀ ਮਸਰਾਂ ਦੀ ਦਾਲ
88¢ lb

**SUPER SPECIAL**
Fresh ginger & Fresh Garlic
ਤਾਜ਼ਾ ਲਸਣ ਤਾਜ਼ਾ ਅਦੱਰਕ
99¢ lb

**SUPER SPECIAL**
Fresh Reg. Okra
ਭਿੰਡੀ
$2.99 lb

**SUPER SPECIAL**
Plain Gur 2 lb
ਸਾਦਾ ਗੁੜ
$2.98 shell

Daikon (Moli)
ਮੂਲੀ
99¢ lb

Red Lentil Whole, Split & Chickpeas 4 lb Indican
$3.98 bag

English Cucumbers
ਇੰਗਲਿਸ਼ ਖੀਰੇ
2 for / $1.50

Russet Potatoes Snoboy 10 lb
ਆਲੂ ਰਸਟ ਸਨੋਬੁਆਏ
$3.99 bag

Round Tomatoes
ਟਮਾਟਰ
$1.88 lb

Oranges Seedless
ਸੰਗਤਰੇ ( ਬਿਨਾ ਬੀਜ ਤੋਂ )
99¢ lb

Moroccan Clementines
ਮੋਰੱਕੋ ਮੰਡਰੀਨ
$1.49 lb

Fresh Cherries
ਚੈਰੀਆਂ
$3.99 lb

Indian Eggplants
ਦੇਸੀ ਬਤਾਊਂ
$1.49 lb

Desi Karela
ਦੇਸੀ ਕਰੇਲਾ
$1.99 lb

Product images may differ from the actual produc..

**Thur May 14, 2026 - Wed May 20, 2026**
We reserve the right to limit the quantities while they last
**Specials valid for Lower Mainland only**

**25 LOCATIONS TO SERVE YOU IN BC & ALBERTA**
Head Office: 7676 Anvil Way, Surrey
604-502-0005

Fruiticana SINCE 1994

BUSINESS HOURS
9 AM - 9 PM
7 DAYS A WEEK

Disclaimer: We reserve the right to add restrictions on products with a minimum purchase

**FRUITICANA KING GEORGE LOCATION NOW OPEN #101-10241 KING GEORGE BLVD, SURREY. 604-503-1149**

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 10241 King George Blvd | 604-503-1149 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |